# ਵਰਿਆਮ


੩੧ਵਾਂ ਸਾਲ
ਅਗਸਤ , ੨੦੦੬







ਬਿਖੜੇ ਪੈਂਡੇ ਝਾਗ ਕੇ ਬਜ਼ੁਰਗ ਸੂਬਾ ਗੁਰਚਰਨ ਸਿੰਘ ਨੇ ਰੂਸ ਸਰਕਾਰ ਨਾਲ ਕੂਕਿਆਂ ਦੇ ਸਬੰਧ ਬਣਾਏ। ਖੁਫ਼ੀਆ ਮਿਸ਼ਨ ਦੇ ਰੂਸੀ ਪੱਤਰ ਕਿਵੇਂ ਭੈਣੀ ਸਾਹਿਬ ਗੁਰੂ ਹਰੀ ਸਿੰਘ ਜੀ ਕੋਲ ਪਹੁੰਚਦੇ, ਅੱਗੋਂ ਬਰਮਾ ਵਿਚ ਕੈਦ ਸਤਿਗੁਰ ਰਾਮ ਸਿੰਘ ਜੀ ਕੋਲ ਇਹ ਪੁਤਰ ਕਿਵੇਂ ਪੁੱਜੇ। ਇਹ ਦਿਲਚਸਪ ਜਾਣਕਾਰੀ ਸੁਵਰਨ ਸਿੰਘ ਵਿਰਕ ਦੇ ਲੇਖ 'ਕੂਕਿਆਂ ਦਾ ਕਾਸਦ-ਸੂਬਾ ਗੁਰਚਰਨ ਸਿੰਘ ਚੱਕ ਰਾਮਦਾਸ' ਵਿਚ

ਅੰਦਰ ਪੜ੍ਹੋ


Namdhari Elibrary
NamdhariElibrary@gmail.com

# ਨਾਮਧਾਰੀ ਵਿਦਿਅਕ ਜੱਥੇ ਦਾ ਸਾਲਾਨਾ ਸਮਾਗਮ



ਵਿਸ਼ਵ ਨਾਮਧਾਰੀ ਵਿੱਦਿਅਕ ਜਥਾ ਦਾ ਇਕਤਾਲੀਵਾਂ ਸਾਲਾਨਾ ਸਮਾਗਮ ੨੫ ਜੂਨ ੨੦੦੬ ਨੂੰ ਸ੍ਰੀ ਭੈਣੀ ਸਾਹਿਬ ਵਿਚ ਸ਼ੁਰੂ ਹੋਇਆ। ਜਥੇ ਦੇ ਪ੍ਰਧਾਨ ਸੂਬਾ ਬਲਵਿੰਦਰ ਸਿੰਘ ਝੱਲ, ਜਨਰਲ ਸਕੱਤਰ ਸੂਬਾ ਜਗਤਾਰ ਸਿੰਘ ਭੱਟੀ ਅਤੇ ਸਕੱਤਰ ਸੰਤ ਨਵਤੇਜ ਸਿੰਘ, ਬੀਬੀ ਸੁਖਜੀਤ ਕੌਰ ਪ੍ਰਧਾਨ ਇਸਤਰੀ ਵਿੰਗ, ਸੰਤ ਰਛਪਾਲ ਸਿੰਘ ਹਜ਼ੂਰੀ ਸੇਵਕ ਆਦਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੱਲੋਂ ਆਸ਼ੀਰਵਾਦ ਪ੍ਰਾਪਤ ਕਰਦੇ ਹੋਏ।



ਪ੍ਰਸਿੱਧ ਵਿਦਵਾਨ ਅਤੇ ਬੁਲਾਰੇ ਸ. ਸੁਵਰਨ ਸਿੰਘ ਵਿਰਕ ਸਤਿਗੁਰ ਜੀ ਤੋਂ ਸਤਿਕਾਰ ਪ੍ਰਾਪਤ ਕਰਦੇ ਹੋਏ।

Namdhari Elibrary NamdhariElibrary@gmail.com

# ਵਰਿਆਮ

ਅਗਸਤ-੨੦੦੬

ਜਿਲਦ-੩੧

ਅੰਕ- ੧੦


ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

ਦਫਤਰ ਦਾ ਪਤਾ: Office Address :
ਮਾਸਿਕ ਵਰਿਆਮ Monthly WARIAM
ਲਾਡੋਵਾਲੀ ਰੋਡ
(ਸਾਹਮਣੇ ਸੈਂਟਰਲ ਟਾਊਨ) Ladowali Road.
ਜਲੰਧਰ- ੧੪੪੦੦੧ Opp. Central Town.
Jalandhar-144001
ਫੋਨ-:੦੧੮੧- ੨੨੨੨੫੪੩ Ph. :0181-2222543 (O)
ਘਰ : ੦੧੮੧-੨੪੫੬੨੮੯ 0181-2456289 (R)


## ਵਰਿਆਮ ਦੇ ਦਰ

| | |
|---|---|
| ਇਹ ਅੰਕ | ੨੦-੦੦ |
| ਸਲਾਨਾ ਚੰਦਾ | ੨੦੦-੦੦ |
| ਪੰਜ ਸਾਲ ਲਈ | ੮੦੦-੦੦ |
| ਜੀਵਨ ਮੈਂਬਰ | ੨੦੦੦-੦੦ |
| ਵਿਦੇਸ਼ ਲਈ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ |
| ਹਵਾਈ ਡਾਕ ਰਾਹੀਂ | (ਸਾਲਾਨਾ) |

ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਅ ਤੇ ਹੀ ਭੇਜੇ ਜਾਣ।

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ


ਸੰਪਾਦਕੀ ........ ੨
ਧਰਮ ਦਾ ਮਰਮ-*ਗੁਰਬਚਨ ਸਿੰਘ ਨਾਮਧਾਰੀ* ........ ੩
ਹੰਕਾਰ ਸਭ ਤੋਂ ਵੱਡਾ ਔਗੁਣ ਹੈ
-*ਮਹਿਮਾ ਸਿੰਘ ਤੂਰ* ........ ੫
ਕਬੀਰ ਸਭ ਤੇ ਹਮ ਬੁਰੇ-*ਡਾ. ਲਖਵੀਰ ਸਿੰਘ* ........ ੬
ਭੈਣੀ ਸਾਹਿਬ ਤੇ ਸਤਿਗੁਰ ਦਰਸ਼ਨ
-*ਗੁਲਜ਼ਾਰ ਸਿੰਘ ਸੰਧੂ* ........ ੭
ਕੂਕਿਆਂ ਦਾ ਕਾਸਦ-ਸੂਬਾ ਗੁਰਚਰਨ ਸਿੰਘ
-*ਸੁਵਰਨ ਸਿੰਘ ਵਿਰਕ* ........ ੯
ਸੰਨ ਸੰਤਾਲੀ ਦੀ ਰਾਵੀ ਦੇ ਏਸ ਪਾਰ ਤੇ
ਓਸ ਪਾਰ-*ਗੁਲਜ਼ਾਰ ਸਿੰਘ ਸੰਧੂ* ........ ੧੯
ਆਧੁਨਿਕ ਦੋਹੇ-*ਡਾ. ਹਰਨੇਕ ਸਿੰਘ ਕੋਮਲ* ........ ੨੫
ਗ਼ਜ਼ਲ-*ਮਹਿਮਾ ਸਿੰਘ ਤੂਰ* ........ ੨੬
ਗ਼ਜ਼ਲ-*ਢਿੱਲੋਂ ਪ੍ਰੀਤ* ........ ੨੬
ਕਾਫੀ-*ਅਜੈਬ ਸਿੰਘ* ........ ੨੬
ਗ਼ਜ਼ਲ-*ਸਿਰੀ ਰਾਮ ਅਰਸ਼* ........ ੨੬
ਦੋ ਰਚਨਾਵਾਂ-*ਮਨਜੀਤ ਸੋਹਲ* ........ ੨੭
ਰਾਜ ਵਣਜ ਦੀ ਹੋ ਗਈ ਸੰਧੀ-*ਤੇਜਵੰਤ ਮਾਨ* .. ੨੮
ਕੂਕਿਆਂ ਦੇ ਮੁਠੱਡੇ-*ਦਲਬੀਰ ਸਿੰਘ ਤਰਸ* ........ ੩੦
ਸੰਤ ਬਲਕਾਰ ਸਿੰਘ
— *ਜਗਦੀਸ਼ ਸਿੰਘ ਵਰਿਆਮ* ........ ੩੯
ਖਬਰਨਾਮਾ ........ ੪੩
ਪ੍ਰਤੀਕਿਰਿਆ ........ ੪੭


### ਆਜ਼ਾਦੀ

ਇਹ ਆਜ਼ਾਦੀ ਮਨੁੱਖਤਾ ਦਾ ਅਧਿਕਾਰ ਹੈ
ਤੇ ਜਨਮ ਤੋਂ ਮਨੁੱਖ ਇਸ ਦਾ ਹੱਕਦਾਰ ਹੈ
ਇਸ ਮਨੁੱਖ ਦੀ ਆਜ਼ਾਦੀ ਨੂੰ ਖੋਂਹਦਾ ਹੈ ਜੋ
ਉਹ ਦੋਹੀਂ ਜਹਾਨੀਂ ਗੁਨਾਹਗਾਰ ਹੈ।

—*ਤਾਰਾ ਸਿੰਘ*



Namdhari Elibrary NamdhariElibrary@gmail.com

# ਸੰਪਾਦਕੀ

ਅਗਸਤ ਮਹੀਨੇ ਨਾਲ ਭਾਰਤ ਦੀ ਆਜ਼ਾਦੀ ਦਾ ਦਿਨ ਜੁੜਿਆ ਹੈ। ਸਦੀਆਂ ਵਿਚ ਕਈ ਉਤਾਰਾਂ-ਚੜ੍ਹਾਵਾਂ ਬਾਅਦ ੧੫ ਅਗਸਤ ੧੯੪੭ ਨੂੰ ਭਾਰਤ ਵਿਚੋਂ ਅੰਤਿਮ ਵਿਦੇਸ਼ੀ ਹਕੂਮਤ, ਅੰਗਰੇਜ਼ ਸਾਮਰਾਜ ਦਾ ਅੰਤ ਹੋਇਆ ਅਤੇ ਆਜ਼ਾਦੀ ਦਾ ਇਕ ਨਵਾਂ ਸੂਰਜ ਉਦੈ ਹੋਇਆ। ਇਕ ਪਾਸੇ ਇਹ ਖੁਸ਼ੀਆਂ ਦਾ ਦਿਨ ਸੀ ਅਤੇ ਦੂਸਰੇ ਪਾਸੇ ਲੱਖਾਂ ਲੋਕਾਂ ਲਈ ਅਥਾਹ ਮੁਸੀਬਤਾਂ ਅਤੇ ਕਤਲੋਗਾਰਤ ਦਾ ਸਮਾਂ ਵੀ ਸੀ। ਇਹ ਬੰਗਾਲ ਅਤੇ ਪੰਜਾਬ ਸੂਬੇ ਨੂੰ ਅੱਧ ਵਿਚਕਾਰੋਂ ਕੱਟਣ ਦਾ ਵੀ ਅਵਸਰ ਸੀ। ਪੰਜਾਬ ਦੀ ਵੰਡ ਵਾਲੀ ਤ੍ਰਾਸਦੀ ਅਸੀਂ ਅਖੀਂ ਵੇਖੀ ਅਤੇ ਹੱਡੀਂ ਭੋਗੀ ਹੈ। ਜਦੋਂ ਵੀ ਸੰਨ ੧੯੪੭ ਵਿਚ ਪ੍ਰਾਪਤ ਆਜ਼ਾਦੀ ਦਾ ਜ਼ਿਕਰ ਆਵੇਗਾ। ਨਾਲ ਹੀ ਵੰਡ ਦਾ ਜ਼ਿਕਰ ਵੀ ਆਵੇਗਾ।

ਇਸ ਦੇ ਨਾਲ ਚੇਤਾ ਆਵੇਗਾ ਇਕ ਲੰਬੇ ਸੰਘਰਸ਼ ਦਾ। ਕੁਰਬਾਨੀਆਂ ਭਰੇ ਇਤਿਹਾਸ ਦਾ।

ਨਾਮਧਾਰੀ ਕੂਕਾ ਸਮਾਜ ਪੰਜਾਬੀ ਸਿੱਖ ਭਾਈਚਾਰੇ ਦਾ ਇਕ ਅਲਪ ਜਿਹਾ ਅੰਗ ਹੈ। ਪਰ ਇਹਦੇ ਇਤਿਹਾਸ ਦੀਆਂ ਪੈੜਾਂ ਲਹੂ ਭਿੱਜੇ ਰਾਹਾਂ ਵਿਚੋਂ ਲੰਘਦੀਆਂ ਹਨ। ਫਾਂਸੀਆਂ, ਤੋਪਾਂ, ਜਲਾਵਤਨੀਆਂ, ਨਜ਼ਰਬੰਦੀਆਂ, ਪਾਬੰਦੀਆਂ ਕੁਰਕੀਆਂ ਅਤੇ ਆਪਣੇ ਬਗਾਨਿਆਂ ਦੀਆਂ ਝੇਡਾਂ ਦੇ ਇਕ ਲੰਬੇ ਸਿਲਸਿਲੇ ਨਾਲ ਇਨ੍ਹਾਂ ਦਾ ਨਿੱਤ ਦਾ ਵਾਹ ਰਿਹਾ ਹੈ। ਇਨ੍ਹਾਂ ਬੜਾ ਕੁਝ ਆਪਣੇ ਮਜ਼ਬੂਤ ਜੁਸਿਆਂ 'ਤੇ ਝੱਲਿਆ ਹੈ। ਅੱਜ ਜਦੋਂ ਕਿ ਸੂਚਨਾ ਦੀ ਤਕਨਾਲੋਜੀ ਵਿਚ ਭਾਰੀ ਵਿਸਫੋਟ ਹੋ ਗਿਆ ਹੈ ਤਾਂ ਮਿੰਟ ਸੈਕਿੰਡ ਵਿਚ ਦੁਨੀਆਂ ਦੇ ਕਿਸੇ ਵੀ ਕੋਨੇ ਵਿਚੋਂ ਟੈਲੀਵਿਜ਼ਨ, ਰੇਡੀਓ, ਅਖ਼ਬਾਰਾਂ, ਕੰਪਿਊਟਰ, ਇੰਟਰਨੈਟ ਆਦਿ ਰਾਹੀਂ ਇਸ ਗਿਆਨ ਸੂਚਨਾ ਨੂੰ ਮਨੁੱਖ ਅਗੇ ਪਰੋਸਿਆ ਜਾਣਾ ਸੰਭਵ ਹੈ। ਪਰ ਨਾਲ ਹੀ ਇਹ ਗੱਲ ਵੀ ਹੈ ਕਿ ਇਸ ਸਾਰੀ ਸੰਚਾਰ ਪ੍ਰਣਾਲੀ ਉਤੇ ਸਿਆਸੀ ਅਤੇ ਦੌਲਤਮੰਦ ਵਪਾਰੀ ਸ਼ਕਤੀਆਂ ਦਾ ਪੂਰਾ ਕਬਜ਼ਾ ਹੈ। ਵਰਿਆਮ ਚੰਗੇ ਜਾਂ ਮਾੜੇ ਭਾਗਾਂ ਨੂੰ ਇਨ੍ਹਾਂ ਪ੍ਰਭਾਵਾਂ ਤੋਂ ਬਚਿਆ ਹੋਇਆ ਹੈ। ਆਜ਼ਾਦੀ ਦਿਵਸ ਦੀ ਉਨਾਠਵੀਂ ਵਰ੍ਹੇਗੰਢ ਦੇ ਅਵਸਰ 'ਤੇ ਅਸੀਂ ਸੰਤਾਲੀ ਦੀ ਤ੍ਰਾਸਦੀ ਅਤੇ ਗੌਰਵਸ਼ਾਲੀ ਆਜ਼ਾਦੀ ਸੰਘਰਸ਼ ਦੀ ਝਲਕ ਮਾਤਰ ਹੀ ਪੇਸ਼ ਕਰ ਸਕੇ ਹਾਂ। ਪਰ ਇਹ ਨਿਕਲੀ ਗੁਲਜ਼ਾਰ ਸਿੰਘ ਸੰਧੂ ਅਤੇ ਸੁਵਰਨ ਸਿੰਘ ਵਿਰਕ ਜਿਹੀਆਂ ਸ਼ਕਤੀਸ਼ਾਲੀ ਕਲਮਾਂ ਵਿਚੋਂ ਹੈ। ਏਨਾ ਹੀ ਪਰਵਾਨ ਕਰਨਾ ਜੀ।

*—ਜਗਦੀਸ਼ ਸਿੰਘ ਵਰਿਆਮ*



Namdhari Elibrary NamdhariElibrary@gmail.com

# ਧਰਮ ਦਾ ਮਰਮ

— *ਗੁਰਬਚਨ ਸਿੰਘ ਨਾਮਧਾਰੀ*

ਜੁਲਾਈ੨੦੦੬ ਦੀ ੧੧ ਤਾਰੀਖ ਨੂੰ ਬੰਬ ਧਮਾਕਿਆਂ ਨਾਲ ਦਹਿਲੀ ਮੁੰਬਈ ਦੀ ਮੁੱਖ ਕਪੜਾ ਮੰਡੀ ਕਾਲਬਾ ਦੇਵੀ ਵਿਚ ਮੈਂ ਵੀ ਮੌਜੂਦ ਸਾਂ। ਮਾਹਿਮ ਸਟੇਸ਼ਨ ਤੇ ਮੁੰਬਈ ਦੀ ਜੀਵਨ ਰੇਖਾ ਕਹੀ ਜਾਣ ਵਾਲੀ, ਲੋਕਲ ਟ੍ਰੇਨ ਵਿਚ ਜ਼ਬਰਦਸਤ ਬੰਬ ਧਮਾਕੇ ਦੀ ਖ਼ਬਰ, ਟੀ. ਵੀ ਤੋਂ ਪ੍ਰਸਾਰਤ ਹੁੰਦਿਆਂ ਹੀ, ਕੰਨੋ ਕੰਨ, ਜੰਗਲ ਦੀ ਅੱਗ ਵਾਂਗ ਸਾਰੇ ਮੁੰਬਈ ਦੇ ਘਰ-ਬਜ਼ਾਰ ਵਿਚ ਫੈਲ ਗਈ। ਇਕ ਦੋ ਮਿੰਟਾਂ ਵਿਚ ਹੀ, ਮਾਟੂੰਗਾ, ਖਾਰ, ਬਾਂਦਰਾ, ਅਤੇ ਦਸ ਕੁ ਮਿੰਟਾਂ ਵਿਚ ਮੀਰਾ ਰੋਡ ਬੋਰੀਵਲੀ ਅਤੇ ਭਾਇਦਰ ਸਟੇਸ਼ਨਾਂ ਤੇ ਵੀ ਸ਼ਕਤੀ ਸ਼ਾਲੀ ਬੰਬੰ ਧਮਾਕਿਆਂ ਨੇ ਸੈਂਕੜੇ ਜਿਉਂਦੇ ਜਾਗਦੇ ਇਨਸਾਨਾਂ ਦੇ ਚੀਥੜੇ ਉਡਾ ਦਿਤੇ। ਸੈਂਕੜੇ ਜ਼ਖਮੀਆਂ ਨੂੰ ਜੇਤਾ ਅਤੇ ਪ੍ਰਸ਼ਾਸਨ ਦੀ ਮਦਦ ਨਾਲ, ਵੱਖ-ਵੱਖ ਹਸਪਤਾਲਾਂ ਵਿਚ ਪਹੁੰਚਾਇਆਂ ਗਿਆ। ਕਿਸੇ ਦਾ ਪੈਰ ਹੈ ਨਹੀਂ ਸੀ ਅਤੇ ਕਿਸੇ ਦਾ ਹੱਥ ਉੱਡ ਗਿਆ ਸੀ। ਕਈ ਖ਼ੂਨ ਨਾਲ ਬੇਹੋਸ਼ ਬਦਨਸੀਬਾਂ ਦੇ ਚਿਹਰੇ ਇਤਨੇ ਵਿਕ੍ਰਤ ਹੋ ਚੁੱਕੇ ਸਨ ਕਿ ਘਰ ਦੇ ਸੱਕੇ ਸੰਬੰਧੀ ਵੀ ਬਦਹਵਾਸ ਹੋਇ ਹੋਇ, ਫਟੜਾਂ ਵਿਚ ਆਪਣਿਆਂ ਨੂੰ ਭਾਲਦੇ ਕੋਲੋਂ ਲੰਘਦੇ ਰਹੇ ਪਰ ਪਛਾਣ ਨਾ ਸਕੇ। ਐਸੇ ਕਈ ਚੰਦ ਘੰਟਿਆਂ ਦੀ ਹਸਪਤਾਲੀ ਗੁਮਨਾਮੀ ਵਿਚ ਹੀ ਰਹਿ ਕੇ ਸੰਸਾਰ ਤੋਂ ਚਲ ਵਸੇ।

ਮਨੁੱਖਤਾ ਦੀ ਇਸ ਭਿਆਨਕ ਤ੍ਰਾਸਦੀ ਦਾ ਜ਼ਿੰਮੇਵਾਰ ਨਿਸਚਿਤ ਹੀ ਕੋਈ ਮਨੁੱਖ (ਜਾਂ ਮਨੁੱਖੀ ਸੰਗਠਨ) ਹੀ ਹੈ। ਜੈਸ਼ੇ ਮੁਹੰਮਦ, ਲਸ਼ਕਰੇ ਤੋਇਬਾ ਜਾਂ ਇਸ ਵਾਰਦਾਤ ਨੂੰ ਅੰਜਾਮ ਦੇਣ ਦਾ ਦਾਅਵਾ ਕਰਨ ਵਾਲੇ, ਲਸ਼ਕਰੇ ਕਹਿਰ....। ਜਾਂ ਹੋਰ ਕੋਈ ਅਤਿਵਾਦੀ ਸੰਗਠਨ...। ਪਰ ਇਹ ਗੱਲ ਬੜੀ ਸਪੱਸ਼ਟ ਹੈ ਕਿ ਐਸੀ ਗੈਰ-ਇਨਸਾਨੀ ਅਤੇ ਘਨੌਣੀ ਸੋਚ ਵਾਲੇ ਜਨੂੰਨੀ ਕਾਰਕੁੰਨ ਇਹ ਸਭ ਧਰਮ ਹਿਤ ਕਰਨ ਦਾ ਦਾਅਵਾ ਕਰਦੇ ਹਨ ਅਤੇ ਹਜ਼ਾਰਾਂ ਘਰਾਂ ਚੋਂ ਉਠ ਰਹੀਆਂ ਚੀਕਾਂ ਅਤੇ ਹਿਰਦਾ ਵਿਦਾਰਕ ਵਰਲਾਪ ਦੇ ਕੰਨ ਪਾੜੂ ਰੁਦਨ ਵਿਚ ਵੀ ਧਾਰਮਕ ਸੁਆਬ ਦਾ ਹਕਦਾਰ ਮਨੰਦੇ ਹਨ।

ਅੱਜ ਧਰਮ ਸਭ ਤੋਂ ਵਿਵਾਦ ਗ੍ਰਸਤ ਵਿਸ਼ਾ ਬਣ ਗਿਆ ਹੈ। ਕਿਥੇ ਰਹਿ ਗਿਆ ਉਹ ਧਰਮ ਉਹ ਮਰਮ ਜਿਸਨੇ ਧਰਮ ਨੂੰ ਗੌਰਵਸ਼ਾਲੀ ਬਣਾਇਆ ? ਕਿਥੇ ਰਹਿ ਗਏ ਉਹ ਅਰਥ ? ਸਭ ਕੁਝ ਬੜੀ ਤੇਜ਼ੀ ਨਾਲ ਤਬਦੀਲ ਹੋ ਰਿਹਾ ਹੈ। ਅਰਥ ਬਦਲ ਗਏ, ਧਰਮ ਦੀ ਮਾਣਤਾ ਬਦਲ ਗਈ..। ੧੫-੧੬ ਜੁਲਾਈ ੦੬ ਦੀਆਂ ਅਖ਼ਬਾਰਾਂ ਨੇ ਰੋਹਤਕ ਦੇ ਸਤਲੋਕ ਆਸ਼ਰਮ ਅਤੇ ਇਸਦੇ ਤਥਾਕਥਤ ਮੁਖੀ ਸੰਤ ਰਾਮਪਾਲ ਦੀਆਂ ਕਾਰ ਗੁਜ਼ਾਰੀਆਂ ਨੂੰ ਉਜਾਗਰ ਕੀਤਾ ਹੈ। ਬਾਹਰੋਂ ਟੀਨ ਦੀ ਛੱਤ ਵਾਲੇ ਸਾਧਾਰਨ ਜਿਹੇ ਆਸ਼ਰਮ ਦੇ ਥੱਲੇ ਲਿਫ਼ਟ ਨਾਲ ਜੁੜੇ ਹੋਏ ਆਲੀਸ਼ਾਨ ਮਹਲਾਂ ਵਾਂਗ ਕਮਰਿਆਂ ਵਿਚ, ਕਾਮ ਵਰਧਕ ਕੈਪਸੂਲਾਂ ਤੋਂ ਲੈ ਕੇ ਇਸਤਰੀ ਪ੍ਰਯੋਗ ਵਾਲੀ ਸਾਮਗਰੀ ਅਤੇ ਆਪੱਤੀ ਜਨਕ ਕਾਮ ਸਾਹਿਤ, ਡੇਰੇ ਵਿਚ ਹੋਣ ਵਾਲੇ "ਧਰਮ ਕਰਮ" ਦੀ ਮੂਹੋਂ ਬੋਲਦੀ ਤਸਵੀਰ ਪੇਸ਼ ਕਰਦੇ ਹਨ। ਧਰਮ ਸੋਚ ਕਿੰਨੀ ਤਬਦੀਲ ਹੋ ਚੁੱਕੀ ਹੈ। ਪਹਿਲਾਂ ਕੋਲ ਜੋ ਹੁੰਦਾ ਸੀ, ਹਜ਼ਾਰਾਂ ਜਾਂ ਲੱਖਾਂ ਨੂੰ ਤਿਆਗ ਕੇ ਕੋਈ ਧਰਮ ਦੀ ਰਾਹ ਫੜਦਾ ਸੀ, ਅੱਜ ਕੰਗਾਲੀ ਜੀਵਨ ਜਿਉਂਦਾ ਮਨੁੱਖ ਵੀ ਧਰਮ (ਜਾਂ ਧਰਮੀ ਬਾਬਿਆਂ) ਦੇ ਨਾਲ ਲੱਗ, ਕਰੋੜਾਂ ਅਰਬਾਂ ਦੇ ਮਾਲਕ ਬਣੀ ਜਾ ਰਹੇ ਹਨ। ਅੱਜ ਤੋਂ ਤਕਰੀਬਨ ਸਵਾ ਤਿਨ ਸੋ ਸਾਲ ਪਹਿਲਾ, ਲੀਹ ਤੋਂ ਖਿਸਕ ਰਹੇ, ਹਿੰਦੂ ਮੁਸਲਮਾਨ ਦੋਹਾਂ ਲਈ ਦਸਮ ਪਾਤਸ਼ਾਹ ਨੇ ਕਿਹਾ

"ਧਰਮ ਕਾ ਮਰਮ ਕਿਨਹੂੰ ਨ ਪਛਾਣਾ"

੮ਵੀਂ ਸਦੀ ਵਿਚ "ਅਹਮ ਬ੍ਰਹਿਮ ਅਸਮੀ" ਦੇ ਰੂਪ ਵਿਚ ਜਨ ਵਿਚ ਜਨਾਰਦਨ ਦੀ, ਪ੍ਰਾਣੀ ਵਿਚ ਪਰਮੇਸ਼ਰ ਦੀ ਪ੍ਰਤੀਤ ਕਰਵੌਣ ਵਾਲੇ, ਆਦੀ ਸ਼ੰਕਰਾਚਾਰੀਆ ਦੇ ਭਾਰਤੀ ਪ੍ਰਾਂਗਨ ਉੜੀਸਾ ਦੇ ਮਨੋਹਰਪੁਰਾ ਵਿਚ ਜਨਵਰੀ ੧੯੯੯ ਨੂੰ ਆਸਟ੍ਰੇਲੀਆਈ ਮਿਸ਼ਨ ਪ੍ਰਚਾਰਕ, ਗਰਾਹਿਮ ਸਟੀਵਾਰਟ ਅਤੇ ਉਸਦੇ ਦੋ ਨਾਬਾਲਗ ਪੁੱਤਰਾਂ ਨੂੰ ਕਾਰ ਦੇ ਵਿਚ ਹੀ ਪਟਰੋਲ ਪਾ ਕੇ ਜਿਉਂਦਿਆਂ ਨੂੰ ਸਾੜ ਦਿੱਤਾ ਗਿਆ। ਕਿਤਨੀ ਤਪਸ਼ ਲਗੀ ਹੋਵੇਗੀ ਓਹਨਾਂ ਬੱਚਿਆਂ ਨੂੰ। ਕਿਵੇਂ ਸਰੀਰ ਲਪਟਾਂ ਨਾਲ ਘਿਰਿਆ ਹੋਵੇਗਾ। ਕਿਵੇਂ ਸਰੀਰ ਦਾ ਮਾਸ ਮੱਜਾ ਅੱਗ ਨਾਲ ਚਰਰ ਚਰਰ ਕਰਦਾ ਪਿਘਲ ਕੇ ਡਿਗਿਆ ਹੋਵੇਗਾ। ਕਿਵੇਂ ਤਿਨੇ ਪਿਉ ਪੁੱਤਰ ਤਿਲ ਤਿਲ ਸੜ ਕੇ, ਇਕ ਦੂਜੇ ਦੀ ਜੱਫੀ ਵਿਚ ਹੀ ਕੋਲੇ ਸਵਾਹ ਬਣ ਕੇ ਮਰੇ ਹੋਣਗੇ....। ਕਿਤਨੇ ਹਿੰਦੂ ਸੰਗਠਨਾਂ ਨੇ ਇਸ ਭਿਆਨਕ ਕ੍ਰਿਤ ਲਈ ਹਾਅ ਦਾ ਨਾਅਰਾ ਲਾਇਆ ਸੀ ?

"ਜੇਹਿ ਨ ਪਰ ਦੁਖ ਹੋਹਿ ਦੁਖਾਰੀ,
ਤਾਹਿ ਬਿਲੋਕਤ ਪਾਤਕ ਭਾਰੀ"

(ਜਿਹੜਾ ਦੂਸਰੇ ਦੇ ਦੁਖ ਤੋਂ ਦੁਖੀ ਨਹੀਂ ਹੁੰਦਾ ਉਸਨੂੰ ਵੇਖਣਾ ਮਹਾ ਪਾਪਾ ਹੈ) ਜਿਹੀ ਰਾਮਾਇਣ ਦੀ ਚੋਪਾਈ ਰੋਜ਼ ਪੜ੍ਹਣ ਵਾਲੇ ਵੈਦਿਕ ਧਰਮ ਪਾਰਟੀਆਂ ਵਿਚੋਂ ਕਿਨਿਆਂ ਨੇ ਸਾਰਵਜਨਿਕ ਤੋਰ ਤੇ ਇਸ ਅਮਾਨੁਸਿਕ ਕੁਕ੍ਰਿਤ ਦੀ ਨਿੰਦਾ ਕੀਤੀ ਸੀ ?

ਇਸਲਾਮ ਦਾ ਰਹੱਸ ਪੱਖ ਸੂਫੀਮਤ ਹੈ, ਜੋ ਜ਼ਰੇ-ਜ਼ਰੇ (ਕਣ-ਕਣ) ਵਿਚ ਖ਼ੁਦਾ ਦਾ ਨੂਰ ਵੇਖਦਾ ਹੈ। ੯ਵੀਂ ਸਦੀ ਵਿਚ ਬਗਦਾਦ ਸ਼ਹਿਰ ਵਿਚ ਸ਼ਰੇਆਮ ਕੋੜਿਆਂ ਦੀ ਮਾਰ ਖਾਂਦਾ ਹੋਇਆ, ਪੱਥਰਾਂ ਦੀ ਵਰਖਾ ਵਿਚ ਤ੍ਰੀ, ਸੂਲੀ ਤੇ ਟੰਗਿਆ ਹੋਇਆ ਮੰਸੂਰ, ਅਨਲਹੱਕ ਅਨਲਹੱਕ ਕਹਿੰਦਾ ਹੋਇਆ, ਸਭ ਵਿਚ ਖ਼ੁਦਾ ਨੂੰ ਵੇਖਦਾ ਹੋਇਆ ਮਰ ਗਿਆ। ਔਰੰਗਜ਼ੇਬ ਬਾਦਸ਼ਾਹ ਦੇ ਹੁਕਮ ਨਾਲ ਸਿਰ ਕਲਮ ਕਰਨ



Namdhari Elibrary NamdhariElibrary@gmail.com

ਲਈ ਆਉਂਦੇ ਹੋਏ ਜੱਲਾਦ ਵਿਚ ਵੀ ਖੁਦਾ ਨੂੰ ਵੇਖਦੇ ਫਕੀਰ ਸਰਮੱਦ ਖਿੜ ਗਿਆ–

"ਫਿਦਾਏਂ ਤੋ ਸਵਮ ਬਯਾਂ– ਬਯਾਂ,
ਬ ਹਰ ਸੂਰਤੇ ਕਿ ਮੇਂ ਆਈ ਮਨਤੂਰ ਖੂਬ ਮੇ ਸ਼ਨਾਸ਼ਮ॥"

(ਕੁਰਬਾਨ ਜਾਵਾਂ ਕਿਸ ਤਰ੍ਹਾਂ ਭੇਖ ਬਦਲ ਬਦਲ ਕੇ ਤੂੰ ਆਉਂਦਾ ਹੈਂ। ਪਰ ਮੈਂ ਤੈਨੂੰ ਹਰ ਰੂਪ ਵਿਚ ਪਛਾਣ ਲੈਂਦਾ ਹਾਂ)

ਕਿੱਥੇ ਰਹਿ ਗਏ ਆਦਿ ਸ਼ੰਕਰਾਚਾਰੀਯ ਦੇ ਅਨੁਯਾਈ ? ਕਿੱਥੇ ਗਵਾਚ ਗਏ ਮਨਸੂਰ ਅਤੇ ਸਰਮਦ ਦੇ ਵਾਰਿਸ ?

ਮਨੁੱਖੀ ਸਰੀਰ ਅਤੇ ਆਤਮਾ ਦੂਹਾਂ ਦੇ ਕਲਿਆਣ ਲਈ 'ਸੇਵਾ ਅਤੇ ਸਿਮਰਨ' ਦੀ ਦਾਤ ਗੁਰਸਿਖੀ ਦਾ ਵਿਲੱਖਣ ਪੱਖ ਹੈ।

"ਲੋਕ ਸੁਖੀ ਪਰਲੋਕ ਸੁਹੇਲੇ"। ਸਿਮਰਨ ਕਰਕੇ ਨਿਰਮਲ ਹੋਈ ਆਤਮਾ ਅਤੇ ਸੇਵਾ ਕਰ ਕੇ ਸ਼ੁੱਧ ਹੋਇਆ ਸਰੀਰ, ਸਮਾਜ ਲਈ ਸੁਖ ਸ਼ਾਂਤੀ ਦਾ ਸਹਿਯੋਗੀ ਬਣਦਾ ਹੈ। ਸੇਵਾ ਨਾਲ ਕ੍ਰਿਤਾਰਥ ਹੋਇਆ ਸਰੀਰ ਅਤੇ ਪਰਮਾਰਥ ਪ੍ਰਾਪਤ ਆਤਮਾ ਦੋਵੇਂ ਕੀਰਤੀ ਅਤੇ ਯਸ਼ ਦੇ ਭਾਗੀ ਬਣ ਜਾਂਦੇ ਹਨ। ਇਸੇ ਭਾਵ ਸਦਕਾ "ਸਰਬਤ ਦਾ ਭਲਾ" ਗੁਰੂ ਨਾਨਕ ਦੇ ਪ੍ਰਾਰਥਨਾ ਬੋਲ ਬਣੇ। ਜੂਨ ੧੯੪੪ ਵਿਚ ਨੋਵਾਖਲੀ, ਖੁਲਨਾ ਅਤੇ ਢਾਕਾ ਵਿਚ ਹੋਏ ਭਿਆਨਕ ਦੰਗਿਆਂ ਦੀ ਲਪੇਟ ਵਿਚ ਕਲਕੱਤਾ ਵੀ ਆ ਗਿਆ। ਸਾਰਾ ਸ਼ਹਿਰ ਸੰਪਰਦਾਇਕ ਕਹਿਰ ਦਾ ਖੇਤਰ ਬਣ ਗਿਆ। ਪੁਲਿਸ ਅਤੇ ਪ੍ਰਸ਼ਾਸਨ ਵਿਅਵਸਥਾ ਲੋਪ ਹੋ ਚੁੱਕੀ ਸੀ। ਉਸ ਵੇਲੇ ਕਮਿਸ਼ਨਰ ਹਾਫਿਜ਼ ਆਪਣੀ ਪਤਨੀ-ਬੱਚਿਆਂ ਸਹਿਤ ਟ੍ਰੇਨ ਰਾਹੀਂ ਕਲਕੱਤੇ ਸਟੇਸ਼ਨ ਤੇ ਉਤਰੇ, ਸਾਰਾ ਵੀਰਾਨ ਸਟੇਸ਼ਨ ਵੇਖ ਕੇ ਅਤੇ ਹਾਲਾਤ ਦਾ ਜਾਇਜ਼ਾ ਲੈ ਕੇ ਘਬਰਾ ਗਏ। ਸਟੇਸ਼ਨ ਦੇ ਬਾਹਰ ਤਕ ਬਜਰੰਗ ਬਲੀ ਦੀ ਜੈ ਅਤੇ ਅਲਾਹ-ਹੂ- ਅਕਬਰ ਦੇ ਨਾਅਰਿਆਂ ਨਾਲ ਚੀਖ ਪੁਕਾਰ ਮੱਚੀ ਹੋਈ ਸੀ। ਕਿਸੇ ਵੇਲੇ ਦੰਗਾਈ ਸਟੇਸ਼ਨ ਦੇ ਅੰਦਰ ਆ ਸਕਦੇ ਸਨ...। ਇਸ ਕਲਪਨਾ ਮਾਤਰ ਨਾਲ ਕਮਿਸ਼ਨਰ ਸਹਿਮ ਗਿਆ। ਇਕ ਸਹਿਮੇ ਹੋਏ ਰੇਲਵੇ ਮੁਲਾਜ਼ਮ ਤੋਂ ਸਹਾਇਤਾ ਮੰਗੀ। ਉਸੇ ਵੇਲੇ ਇਕ ਗੁਰਸਿੱਖ ਤੇਜ਼ ਕਦਮਾਂ ਨਾਲ ਅੰਦਰ ਆਇਆ ਅਤੇ ਮੁਸਾਫਰਾਂ ਦੀ ਪੁੱਛ ਪੜਤਾਲ ਕੀਤੀ। ਉਸ ਰੇਲਵੇ ਦੇ ਮੁਲਾਜ਼ਮ ਨੇ ਕਮਿਸ਼ਨਰ ਨੂੰ ਕਿਹਾ, ਇਸ ਭਿਆਨਕ ਸੰਕਟ ਵਿਚ ਇਹੋ ਸਿੱਖ ਟੈਕਸੀ ਵਾਲਿਆਂ ਨੇ ਆਪਣੀ ਸੇਵਾ ਬਹਾਲ ਰੱਖੀ ਹੈ ਅਤੇ ਕਿਤੇ ਰੁਕੇ ਫਸੇ ਲੋਕਾਂ ਨੂੰ ਸੁਰੱਖਿਅਤ ਸਥਾਨ ਤਕ ਪਹੁੰਚਾ ਰਹੇ ਹਨ। ਪਰਿਵਾਰ ਸਹਿਤ ਕਮਿਸ਼ਨਰ ਨੂੰ ਉਸਦੀ ਇੱਛਾ ਅਨੁਸਾਰ ਇਕ ਸੁਰੱਖਿਅਤ ਮਸਜਿਦ ਤਕ ਉਸ ਵਰ੍ਹਦੀ ਅੱਗ ਵਿਚ ਵੀ ਪਹੁੰਚਾਇਆ। ਕਮਿਸ਼ਨਰ ਨੇ ਮੋਟੀ ਰਕਮ ਉਸ ਸਿੱਖ ਨੂੰ ਦੇਣ ਦੀ ਪੇਸ਼ਕਸ਼ ਕੀਤੀ ਪਰ ਉਸ ਗੁਰ ਸਿੱਖ ਨੇ ਮੀਟਰ ਵੇਖਿਆ ਤੇ ਕਿਹਾ, "ਸਿਰਫ ਦੋ ਰੁਪਏ"। ਨਾਲ ਹੀ ਸਪੱਸ਼ਟ ਕੀਤਾ "ਸਿੱਖ ਟੈਕਸੀ ਯੂਨੀਅਤ" ਨੇ ਮਨੁੱਖਤਾ ਤੇ ਘਿਰੇ ਸੰਕਟ ਦੇ ਬਦਲਾਂ ਸਮੇਂ ਇਸੇ ਤਰ੍ਹਾਂ ਗੁਰ ਉਪਦੇਸ਼ਾਂ ਨੂੰ ਅਮਲੀ ਜਾਮਾ ਪਹਿਰੋਣ ਦਾ ਨਿਰਣਾ ਲਿਆ ਹੈ।" ਸਿਰਫ ਮਜ਼ਦੂਰੀ ਦੇ ਦੋ ਰੁਪਏ ਲੈ ਕੇ ਉਹ ਟੈਕਸੀ ਵਾਲਾ ਇਕ ਵਾਰ ਫਿਰ, ਕਿਸੇ ਮੁਸੀਬਤਜ਼ਦਾ ਮਨੁੱਖ ਦੀ ਭਾਲ ਵਿਚ ਦੌੜ ਗਿਆ। ਸੰਨ ੪੭ ਦੀ ਵੰਡ ਤੋਂ ਬਾਦ ਇਹੀ ਕਮਿਸ਼ਨਰ ਹਾਫਿਜ਼ ਰਾਵਲਪਿੰਡੀ ਡਵੀਜ਼ਨ ਦਾ ਕਮਿਸ਼ਨਰ ਬਣਿਆ ਤਾਂ ਇਕ ਪੁਸਤਕ ਲਿਖੀ (The unknown angles ) ਅਗਿਆਤ ਫਰਿਸ਼ਤੇ' ਉਸ ਵਿਚ ਲਿਖਿਆ, ਮੈਨੂੰ ਨਹੀਂ ਪਤਾ ਫਰਿਸ਼ਤੇ ਕਿਵੇਂ ਦੇ ਹੁੰਦੇ ਹਨ ਪਰ ਮੇਰੇ ਜ਼ਿਹਨ ਵਿਚ ਫਰਿਸ਼ਤਿਆਂ ਬਾਬਤ ਜਿਹੜਾ ਇਕ ਅਕਸ ਬਣਿਆ ਹੈ, ਉਹ ਨਿਸਚਿਤ ਹੀ ਗੁਰੂ ਨਾਨਕ ਦੇ ਸਿੱਖਾਂ ਵਰਗੇ ਹੋਣਗੇ।

ਧਰਮੀ ਦੀ ਪਹਿਚਾਣ ਉਸਦੇ ਸਫੇਦ, ਭਗਵੇ, ਕਾਲੇ ਜਾਂ ਨੀਲੇ ਪਹਿਰਾਵੇ ਨਾਲ ਨਹੀਂ ਹੋ ਸਕਦੀ। ਮੱਥੇ ਤੇ ਲੱਗੇ ਤਿਲਕ-ਤ੍ਰਿਪੁੰਡ ਉਸਦੀ ਧਾਰਮਿਕਤਾ ਦੇ ਪ੍ਰਤੀਕ ਨਹੀਂ ਬਣ ਸਕਦੇ। ਜੀਵ ਮਾਤਰ ਦੇ ਦੁੱਖ-ਦਰਦ ਪ੍ਰਤੀ ਹਿਰਦੇ ਦੀ ਸੰਵੇਦਨਸ਼ੀਲਤਾ ਹੀ ਧਾਰਮਿਕਤਾ ਦਾ ਪਰੀਚੈ ਕਰਵਾਉਂਦੀ ਹੈ।

ਵੇਦ ਵਿਆਸ ਜੀ ਨੇ ਜਦੋਂ ਅਠਾਰਾਂ ਪੁਰਾਣਾਂ ਦੀ ਰਚਨਾ ਕਰ ਲਈ ਤਾਂ ਨਾਰਦ ਜੀ ਨੇ ਕਿਹਾ, " ਮਹਾਂ ਰਿਸ਼ੀ ਬਿਆਸ ਜੀ, ਇਤਨੇ ਵੱਡੇ-ਵੱਡੇ ਪੁਰਾਨਾਂ ਨੂੰ ਪੜ੍ਹਨਾ ਅਤੇ ਸਮਝਣਾ ਆਮ ਆਦਮੀ ਲਈ ਸੰਭਵ ਨਹੀਂ। ਇਸਦਾ ਸਾਰ ਸੰਖੇਪ ਵਿਚ ਦੱਸੋ। ਤਾਂ ਬਿਆਸ ਜੀ ਨੇ ਕਿਹਾ।

"ਅਸਟਾਦਸ ਪੁਰਾਨੇਸੁ ਬਿਆਸਸਯ ਵਚਨਮ ਦਵਯਮ
ਪਰੋਪਕਾਰਾਯ ਪੁਨਿਯਾਏ ਪਾਪਾਏ ਪਰ ਪੀੜਨਮ
(ਅਠਾਰਾਂ ਪੁਰਾਨਾਂ ਵਿਚ ਦੋ ਹੀ ਗੱਲਾਂ ਕਹੀਆਂ ਹਨ,
ਪਰ ਉਪਕਾਰ ਪੁੰਨ ਹੈ ਅਤੇ ਪਰਪੀੜਾ ਪਾਪ ਹੈ।)

ਪਰ ਅੱਜ ਦੇ ਖੁਦਗਰਜ਼ 'ਮਨੋਵਿਗਿਆਨ' ਨੇ ਸ਼ਾਸਤਰਾਂ ਦੇ ਅਰਥ ਆਪਣੇ ਮਨ ਦੇ ਅਨੁਕੂਲ ਕੱਢ ਲਏ ਹਨ– ਅੱਜ ਮਨੁੱਖ ਹਰ ਉਸ ਥਾਂ ਤੇ ਪੁਜਦਾ ਹੈ, ਜਿਥੇਂ ਕੁਝ ਲੈਣ ਦੀ ਚਾਹਤ ਹੋਵੇ, ਕੁਝ ਮਿਲਣ ਦੀ ਆਸ ਹੋਵੇ। ਕਿਸੇ ਸੰਤ ਦਾ ਆਸ਼ਰਮ ਹੋਵੇ, ਗੁਰਦੁਆਰਾ ਹੋਵੇ ਜਾਂ ਮੰਦਿਰ ਮਸਜਿਦ...। ਨੌਕਰੀ ਕੀਤੀ, ਪੂਰੀ ਨਹੀਂ ਪਈ, ਦੁਕਾਨ ਖੋਲ੍ਹੀ, ਮਾਇਆ ਦੇ ਮਨੋਰਥ ਪੂਰੇ ਨਾ ਹੋਏ ਤਾਂ ਕਿਸੇ ਸੰਤ ਦੀ ਸ਼ਰਣ... ਪੰਜ ਰੁਪਏ ਦਾ ਪ੍ਰਸ਼ਾਦ... ਲੱਖਾਂ ਦੀ ਮੰਗ । ਸੌਦਾ ਮਾੜਾ ਨਹੀਂ। ਇਸੇ ਅਵਸਰਵਾਦੀ ਮਨੋਵਿਗਿਆਨ ਨੇ ਭੇਖ ਬਦਲ ਕੇ ਪਰਵੇਸ਼ ਕਰ ਲਿਆ ਹੈ "ਧਰਮ' ਵਿਚ। ਪ੍ਰੀਭਾਸ਼ਾ ਬਦਲ ਦਿੱਤੀ ਹੈ ਧਰਮ ਦੀ... ਪਾਪ ਪੁੰਨ ਦਾ ਭਾਵ ਬਦਲ ਗਿਆ ਹੈ ...। ਅੱਜ ਮਨੁੱਖ ਦੀ ਮਨੋਦਸ਼ਾ ਹੈ ਕਿ–

"ਪੁਨਯਸਯ ਫਲਮ ਇੱਛੰਤੀ, ਪੁਨਯਮ ਨਇਛੰਤੀ ਮਾਨਵਾ
ਨ ਪਾਪ ਫਲਮ ਇੱਛੰਤੀ, ਪਾਪਮ ਕੁਰਵੰਤੀ ਯਤਨ:॥

ਮਨੁੱਖ ਪੁੰਨ ਦਾ ਫਲ ਚਾਹੁੰਦਾ ਹੈ। ਪੁੰਨ ਕਾਰਜ ਨਹੀਂ ਕਰਨਾ ਚਾਹੁੰਦਾ। ਪਾਪ ਦਾ ਫਲ ਨਹੀਂ ਚਾਹੁੰਦਾ ਪਰ ਪਾਪ ਕਰਦਾ ਹੈ ਯਤਨ ਨਾਲ॥ ਬਸ

*ਆਰ ੫੪ ਸੈਕਟਰ - ੭੪*
*ਇੰਡੀਸਟਰੀਅਲ ਏਰੀਆ– ਮੁਹਾਲੀ*


Namdhari Elibrary NamdhariElibrary@gmail.com

ਚਿੰਤਨਧਾਰਾ

# ਹੰਕਾਰ ਸਭ ਤੋਂ ਵੱਡਾ ਔਗੁਣ ਹੈ

*—ਮਹਿਮਾ ਸਿੰਘ ਤੂਰ*

ਕਿਸੇ ਦੇ ਮੂੰਹੋਂ ਆਪਣੀ ਪ੍ਰਸੰਸਾ ਸੁਣ ਕੇ ਮਿਲਣ ਵਾਲੀ ਖੁਸ਼ੀ ਹੰਕਾਰ ਨਹੀਂ ਹੈ। ਉਸ ਖੁਸ਼ੀ ਵਿਚ ਕਈ ਵਾਰ ਇਹ ਅਹਿਸਾਸ ਹੁੰਦਾ ਹੈ ਕਿ ਅਸੀਂ ਕਿਸੇ ਨੂੰ ਖੁਸ਼ੀ ਦਿੱਤੀ ਹੈ। ਦੂਜਿਆਂ ਦੀ ਪ੍ਰਸੰਸਾ ਪਾਉਣ ਲਈ ਹੀ ਉਚੇਚਾ ਯਤਨ ਕਰਨਾ ਜ਼ਰੂਰ ਘਟੀਆ ਗੱਲ ਹੈ। ਇਹ ਇਕ ਕਿਸਮ ਦਾ ਬਚਪਨਾ ਹੁੰਦਾ ਹੈ, ਜਿਵੇਂ ਬੱਚੇ ਦੂਜਿਆਂ ਦਾ ਧਿਆਨ ਖਿੱਚਣ ਲਈ ਕਈ ਕੁਝ ਕਰਦੇ ਹਨ। ਫਿਰ ਵੀ ਇਹ ਐਨੀ ਮਾੜੀ ਗੱਲ ਨਹੀਂ ਕਿਉਂਕਿ ਇਸ ਤਰ੍ਹਾਂ ਦਾ ਮਨੁੱਖ ਵੀ ਦੂਜਿਆਂ ਨੂੰ ਅਹਿਮੀਅਤ ਤਾਂ ਦਿੰਦਾ ਹੀ ਹੈ। ਅਸਲ ਹੰਕਾਰ ਤਾਂ ਤਦ ਸ਼ੁਰੂ ਹੁੰਦਾ ਹੈ ਜਦ ਆਦਮੀ ਦੂਜਿਆਂ ਨੂੰ ਇਸ ਤਰ੍ਹਾਂ ਨਜ਼ਰ-ਅੰਦਾਜ਼ ਕਰਨ ਲਗਦਾ ਹੈ ਕਿ ਉਹ ਇਸ ਗੱਲ ਦੀ ਪਰਵਾਹ ਹੀਂ ਨਹੀਂ ਕਰਦਾ ਕਿ ਦੂਜੇ ਉਸ ਬਾਰੇ ਕੀ ਸੋਚਦੇ ਹਨ।

ਹੰਕਾਰ ਇਕ ਅਜਿਹਾ ਔਗੁਣ ਹੈ ਜਿਸ ਤੋਂ ਸੰਸਾਰ ਦੇ ਬਹੁਤ ਹੀ ਥੋੜ੍ਹੇ ਬੰਦੇ ਪੂਰੀ ਤਰ੍ਹਾਂ ਬਚੇ ਹੋਏ ਹੋ ਸਕਦੇ ਹਨ। ਦੂਜਿਆਂ ਵਿਚ ਹੰਕਾਰ ਨੂੰ ਦੇਖ ਕੇ ਤਾਂ ਹਰ ਕੋਈ ਨਫ਼ਰਤ ਕਰਦਾ ਹੈ। ਪਰ ਇਸ ਤਰ੍ਹਾਂ ਕੋਈ-ਕੋਈ ਹੀ ਸੋਚਦਾ ਹੈ ਕਿ ਉਸ ਦੇ ਆਪਣੇ ਅੰਦਰ ਇਹ ਕਿੰਨਾ ਕੁ ਹੈ ? ਹਰ ਕਿਸੇ ਲਈ ਇਸ ਦੀ ਪੜਚੋਲ ਜ਼ਰੂਰੀ ਹੈ ਕਿਉਂਕਿ ਇਹ ਔਗੁਣ ਹੋਰ ਹਰ ਔਗੁਣ ਨੂੰ ਜਨਮ ਦਿੰਦਾ ਹੈ। ਇਹਨੂੰ ਪਰਖਣ ਦਾ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਜਦ ਦੂਜੇ ਤੁਹਾਡੇ ਵੱਲ ਧਿਆਨ ਨਹੀਂ ਦਿੰਦੇ ਤਾਂ ਤੁਹਾਨੂੰ ਕਿੰਨਾ ਕੁ ਬੁਰਾ ਲਗਦਾ ਹੈ ? ਵੱਧ ਬੁਰਾ ਲਗਦਾ ਹੈ ? ਜਿੰਨਾ ਵੱਧ ਬੁਰਾ ਲੱਗਦਾ ਹੈ ਉਂਨਾ ਹੀ ਵੱਧ ਹੰਕਾਰ ਹੈ ਤੁਹਾਡੇ ਵਿਚ। ਅਤੇ ਇੰਜ ਹੀ ਜਿਨ੍ਹਾ ਕੋਈ ਦੂਜਿਆਂ ਵੱਲ ਘੱਟ ਧਿਆਨ ਦਿੰਦਾ ਹੈ ਉਹ ਵੀ ਓਨਾ ਹੀ ਵੱਧ ਹੰਕਾਰੀ ਹੁੰਦਾ ਹੈ।

ਕਿਸੇ ਵੀ ਹੰਕਾਰੀ ਦੀ ਤਸੱਲੀ ਹਰ ਚੀਜ਼ ਨੂੰ ਦੂਜੇ ਨਾਲੋਂ ਜ਼ਿਆਦਾ ਪਾਉਣ ਵਿਚ ਹੁੰਦੀ ਹੈ। ਉਹ ਇਹ ਸੋਚਕੇ ਖੁਸ਼ ਹੁੰਦਾ ਹੈ ਕਿ ਉਹ ਦੂਜਿਆਂ ਨਾਲੋਂ ਉੱਪਰ ਹੈ...। ਲਾਲਚ ਜਾਂ ਬਹੁਤੀ ਵਾਰੀ ਜ਼ਰੂਰੀ ਸਹੂਲਤਾਂ ਪਾ ਕੇ ਰੁਕ ਜਾਂਦਾ ਹੈ। ਪਰ ਹੰਕਾਰੀ ਆਪਣੇ ਖੇਤਰ ਵਿਚ ਦੂਜਿਆਂ ਨਾਲੋਂ ਵਧੇਰੇ ਤਕੜਾ ਹੋਣ ਦੀ ਖਾਹਸ਼ ਨਹੀਂ ਛੱਡਦਾ। ਇਹ ਉਹ ਤਦੇ ਛੱਡ ਸਕਦਾ ਹੈ ਜੇ ਹੰਕਾਰ ਛੱਡੇ। ਅਤੇ ਇਸ ਸਭ ਤੋਂ ਵਧੇਰੇ ਵਾਲੀ ਗੱਲ ਲਈ ਖੁਦ ਨੂੰ ਦੁਖੀ ਕਰਦਾ ਹੈ। ਹਰ ਘਰ, ਹਰ ਮੁਲਕ ਵਿਚ ਦੁੱਖਾਂ ਦਾ ਮੂਲ ਕਾਰਨ ਹੰਕਾਰ ਹੈ। ਇਸੇ ਲਈ ਇਸਾਈ ਧਰਮ ਵਾਲੇ ਕਹਿੰਦੇ ਹਨ ਕਿ ਹੰਕਾਰ ਸਭ ਤੋਂ ਵੱਡਾ ਪਾਪ ਹੈ। ਬੋਧੀ ਕਹਿੰਦੇ ਹਨ ਕਿ ਹਿੰਸਾ ਸਭ ਤੋਂ ਵੱਡਾ ਪਾਪ ਹੈ। ਪਰ ਹਰ ਤਰ੍ਹਾਂ ਦੀ ਮਨ, ਵਚਨ, ਕਰਨੀ ਦੀ ਹਿੰਸਾ ਵੀ ਕੋਈ ਹੰਕਾਰ ਕਾਰਨ ਹੀ ਕਰਦਾ ਹੈ। ਕਰੋਧ ਵੀ ਹੰਕਾਰ ਦਾ ਦੂਜਾ ਰੂਪ ਹੈ।

ਹੋਰ ਔਗੁਣ ਕਦੇ ਕਿਸੇ ਕਾਰਨ ਲੋਕਾਂ ਨੂੰ ਨੇੜੇ ਵੀ ਲਿਆ ਸਕਦੇ ਹਨ ਹਰ ਹੰਕਾਰ ਸਦਾ ਉਨ੍ਹਾਂ ਨੂੰ ਦੂਰ ਰੱਖਦਾ ਹੈ। ਇਹ ਦੁਸ਼ਮਣੀ ਪੈਦਾ ਕਰਦਾ ਹੈ। ਇਥੋਂ ਤਕ ਕਿ ਹੰਕਾਰੀ ਮਨੁੱਖ ਕਈ ਵਾਰੀ ਰੱਬ ਨਾਲ ਵੀ ਦੁਸ਼ਮਣੀ ਮਹਿਸੂਸ ਕਰਦਾ ਹੈ। ਜਦ ਤਕ ਕੋਈ ਆਦਮੀ ਹੰਕਾਰ ਨਹੀਂ ਛੱਡਦਾ ਉਹ ਰੱਬ ਨੂੰ ਜਾਣ ਹੀ ਨਹੀਂ ਸਕਦਾ। ਜਦ ਤਕ ਕੋਈ ਆਦਮੀ ਪ੍ਰਭੂ ਦੇ ਸਾਹਮਣੇ ਆਪਣੇ ਆਪ ਨੂੰ ਨਿਗੂਣਾ ਨਹੀਂ ਸਮਝਦਾ ਉਹ ਉਸ ਨੂੰ ਕਿਵੇਂ ਸਮਝ ਸਕਦਾ ਹੈ। ਧਾਰਮਿਕ ਤੌਰ 'ਤੇ ਦੂਜਿਆਂ ਨਾਲੋਂ ਵਧੀਆ ਹੋਣ ਦਾ ਅਹਿਸਾਸ ਵੀ ਹੰਕਾਰ ਵਧਾਉਂਦਾ ਹੈ ਤੇ ਉਨਾ ਹੀ ਰੱਬ ਵਲੋਂ ਕੋਈ ਵਿਅਕਤੀ ਦੂਰ ਹੋ ਜਾਂਦਾ ਹੈ। ਸਾਨੂੰ ਇਹ ਗੱਲ ਚੰਗੀ ਤਰਹ ਸਮਝ ਲੈਣੀ ਚਾਹੀਦੀ ਹੈ ਕਿ ਹੱਕ ਲਈ ਲੜਨਾ ਹੋਰ ਗੱਲ ਹੁੰਦਾ ਹੈ ਤੇ ਆਪਣਾ ਦਬਦਬਾ ਕਾਇਮ ਰੱਖਣ ਲਈ ਲੜਨਾ ਹੰਕਾਰ ਹੁੰਦਾ ਹੈ।



Namdhari Elibrary NamdhariElibrary@gmail.com

# ਕਬੀਰ ਸਭ ਤੇ ਹਮ ਬੁਰੇ

*— ਡਾ. ਲਖਵੀਰ ਸਿੰਘ "ਰਾਮਪੁਰਾ ਫੂਲ"*

ਕਬੀਰ ਬਹੁਤ ਮਹਾਨ ਭਗਤ ਹੋਏ ਹਨ। ਕਬੀਰ ਕਹਿੰਦੇ ਹਨ "ਕਬੀਰ ਸਭ ਤੇ ਹੁਮ ਬੁਰੇ ਹਮ ਤਜਿ ਭਲੋ ਸਭ ਕੋਇ" ਕਿੰਨੀ ਵੱਡੀ ਗੱਲ ਆਖੀ ਹੈ ਕਬੀਰ ਨੇ ਕਿ ਮੈਂ ਸਭ ਤੋਂ ਬੁਰਾ ਹਾਂ, ਮੈਂ ਸਭ ਤੋਂ ਮਾੜਾ ਹਾਂ, ਮੈਂ ਤੁਛ ਹਾਂ, ਮੈਂ ਸਿਫਰ ਹਾਂ, ਮੈਂ ਕੁਝ ਵੀ ਨਹੀਂ ਹਾਂ। ਮੇਰੇ ਤੋਂ ਸਾਰੇ ਹੀ ਭਲੇ ਹਨ, ਸਾਰੇ ਹੀ ਚੰਗੇ ਹਨ। ਉਹਨਾਂ ਇਸ ਤੁਕ ਵਿਚ ਆਪਣੀ ਹਉਮੈਂ ਨੂੰ ਮਾਰ ਦਿੱਤਾ ਹੈ, ਹਉਮੈਂ ਨੂੰ ਮਾਰ ਕੇ ਅੰਦਰੋਂ ਵੇਹਲੇ ਹੋ ਗਏ ਹਨ, ਹਲਕੇ ਫੁਲਕੇ ਹੋ ਗਏ ਹਨ, ਸਹਿਜ ਹੋ ਗਏ ਹਨ, ਸ਼ਾਂਤ ਹੋ ਗਏ ਹਨ, ਰੌਲਾ ਹੀ ਮੁੱਕ ਗਿਆ ਹੈ। ਹੰਕਾਰ ਹੀ ਮਨੁੱਖ ਨੂੰ ਮਾਰਦਾ ਹੈ ਤੇ ਕਬੀਰ ਨੇ "ਸਭ ਤੇ ਹਮ ਬੁਰੇ" ਕਹਿ ਕੇ ਹੰਕਾਰ ਨੂੰ ਮਾਰ ਦਿੱਤਾ ਹੈ। ਕਬੀਰ ਨਿਮਰ ਹੋ ਗਏ ਹਨ ਨਿਮਾਣੇ ਹੋ ਗਏ ਹਨ।

ਅਭਿਮਾਨ ਮਨੁੱਖ ਨੂੰ ਕੱਖੋਂ ਹੌਲਾ ਕਰ ਦਿੰਦਾ ਹੈ। ਮਨੁੱਖ ਨੂੰ ਹਰਾਉਣ ਲਈ ਉਸਦੇ ਵਿਰੋਧੀ ਨਹੀਂ ਚਾਹੀਦੇ ਸਗੋਂ ਉਸਦਾ ਹੰਕਾਰ ਹੀ ਕਾਫੀ ਹੁੰਦਾ ਹੈ। ਚਤੁਰ, ਪ੍ਰਬੀਣ ਤੇ ਸਿਆਣਾ ਉਹੀ ਹੁੰਦਾ ਹੈ ਜੋ ਹੰਕਾਰ ਦਾ ਤਿਆਗ ਕਰ ਦਿੰਦਾ ਹੈ। ਹੰਕਾਰ ਮਹਾਂ ਦੁਸ਼ਟ ਹੈ। ਇਹੋ ਮਨੁੱਖ ਦਾ ਪਰਮ ਸ਼ਤਰੂ ਹੈ। ਵੱਡੇ-ਵੱਡੇ ਰਾਜੇ, ਮਾਇਆਧਾਰੀ ਹੰਕਾਰ ਤੋਂ ਨਹੀਂ ਬਚ ਸਕੇ ਅਤੇ ਨਾ ਹੀ ਘਰ ਬਾਰ ਤਿਆਗਣ ਵਾਲੇ ਸਾਧੂ ਸੰਤ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ —

"ਚਤੁਰ ਸਿਆਣਾ ਸੁਘੜ ਸੋਇ ਜਿਨ ਤਜਿਆ ਅਭਿਆਨ"

ਤੇ ਕਬੀਰ "ਸਭ ਤੇ ਹਮ ਬੁਰੇ" ਕਹਿ ਕਿ ਆਪਣੇ ਅਭਿਮਾਨ ਦਾ ਨਾਸ ਕਰ ਦਿੱਤਾ ਹੈ। ਸ੍ਰੀ ਸਤਿਗੁਰੂ ਜਗਜੀਤ ਜੀ ਵੀ ਸਾਨੂੰ ਉਪਦੇਸ਼ ਦਿੰਦੇ ਫੁਰਮਾਉਂਦੇ ਹਨ —

"ਹੰਕਾਰ ਛੱਡਣ ਨਾਲ ਸਹਿਜ ਹੋ ਜਾਈਏ, ਮਨ ਵਿਚ ਕੋਈ ਸੰਕਲਪ, ਵਿਕਲਪ ਪੈਦਾ ਨਾ ਹੋਏ। ਇੰਝ ਨਾ ਹੋਵੇ ਕਿ ਮੈਂ ਹੰਕਾਰ ਛੱਡਿਆ ਹੈ ਇਸੇ ਗੱਲ ਦਾ ਹੰਕਾਰ ਆ ਜਾਵੇ।"

ਗੁਰੂ ਨਾਨਕ ਦੇਵ ਜੀ ਸਮਾਜ ਨੂੰ ਸੁਧਾਰਨ ਲਈ ਪਿੰਡ-ਪਿੰਡ, ਸ਼ਹਿਰ-ਸ਼ਹਿਰ ਗਏ। ਉਹਨਾਂ ਹਰ ਪਾਖੰਡੀ ਅਤੇ ਝੂਠੇ ਨੂੰ ਨੰਗਾ ਕੀਤਾ। ਉਹਨਾਂ ਚਾਰ ਉਦਾਸੀਆਂ ਕੀਤੀਆਂ। ਗੁਰਬਾਣੀ ਦਾ ਉਚਾਰਣ ਕੀਤਾ। ਅਨਹਦ ਸ਼ਬਦ ਦੀ ਜਾਣਕਾਰੀ ਦਿੱਤੀ। ਸਾਨੂੰ ਚੋਅੱਖਰਾ ਜਾਪ ਦਿੱਤਾ। ਪਰ ਫਿਰ ਵੀ ਗੁਰੂ ਨਾਨਕ ਦੇਵ ਜੀ ਨੇ ਸੂਹੀ ਰਾਗ ਵਿੱਚ ਲਿਖਿਆ ਹੈ ਮੈਂ ਚੰਗਾ ਨਹੀਂ ਹਾਂ, ਮੈਂ ਸਿਆਣਾ ਨਹੀਂ ਹਾਂ ਤੁਸੀਂ ਸਾਰੇ ਹੀ ਭਲੇ ਹੋ। ਗੁਰੂ ਜੀ ਕਹਿੰਦੇ ਹਨ —

"ਹਮ ਨਹੀਂ ਚੰਗੇ ਬੁਰਾ ਨਹੀਂ ਕੋਇ।
ਪ੍ਰਣਵਤ ਨਾਨਕ ਤਾਰੇ ਸੋਇ।"

ਮਹਾਂਭਾਰਤ ਦੇ ਦੁਰਯੋਧਨ ਝੂਠੇ ਸਨ, ਕਪਟੀ ਸਨ ਉਹਨਾਂ ਰਾਜ ਸਿੰਘਾਸਨ ਹਾਸਲ ਕਰਨ ਲਈ ਅਨੇਕਾਂ ਕੂਟਲਨੀਤੀਆਂ ਵਰਤੀਆਂ। ਦੁਰਯੋਧਨ ਆਪ ਬੁਰਾ ਹੋਣ ਕਰਕੇ ਉਸਨੂੰ ਸਾਰੀ ਦੁਨੀਆਂ ਵਿੱਚੋਂ ਕੋਈ ਭਲਾ ਆਦਮੀ ਨਹੀਂ ਥਿਆਇਆ। ਯੁਧਿਸ਼ਟਰ ਸੱਚ ਦਾ ਪੁੱਤਰ ਸੀ। ਕਬੀਰ ਵਾਂਗ ਯੁਧਿਸ਼ਟਰ ਨੂੰ ਵੀ ਸਾਰੀ ਦੁਨੀਆਂ ਵਿਚੋਂ ਕੋਈ ਬੁਰਾ ਆਦਮੀ ਨਹੀਂ ਮਿਲਿਆ। ਇਸ ਸਬੰਧੀ ਭਾਈ ਗੁਰਦਾਸ ਜੀ ਲਿਖਦੇ ਹਨ —

ਬੁਰਾ ਨਾ ਕੋਈ ਯੁਧਿਸ਼ਟਰੈ। ਦੁਰਯੋਧਨ ਕੋ ਭਲਾ ਨਾ ਪੇਖੈ।

ਫਰੀਦ ਵੀ ਮਨ ਦੇ ਹੰਕਾਰ ਦਾ ਨਾਸ ਕਰਦੇ ਕਹਿੰਦੇ ਹਨ ਮੈਂ ਤਾਂ ਔਗੁਣਾਂ ਦਾ ਭਰਿਆ ਹੋਇਆ ਹਾਂ ਲੋਕੀਂ ਮੈਨੂੰ ਦਰਵੇਸ਼ ਕਹੀ ਜਾਂਦੇ ਹਨ। ਸੱਚ ਲਈ ਜ਼ਹਿਰ ਦਾ ਪਿਆਲਾ ਪੀਣ ਵਾਲੇ ਸੁਕਰਾਤ ਨੇ ਵੀ ਇਹੀ ਆਖਿਆ ਸੀ ਕਿ "ਮੈਂ ਹੁਣ ਤੱਕ ਇਹੀ ਸਿੱਖਿਆ ਹੈ ਕਿ ਮੈਂ ਕੁਝ ਨਹੀਂ ਜਾਣਦਾ"।

ਇਕ ਪ੍ਰਮਾਣਿਤ ਭਗਤ ਆਪਣੀ ਕਾਵਿ ਰਚਨਾ ਵਿਚ ਲਿਖਦੇ ਹਨ ਕਿ ਮੈਂ ਥਾਂ-ਥਾਂ ਭਾਲਿਆ ਥਾਂ-ਥਾਂ ਖੋਜਿਆ ਕਿ ਸਭ ਤੋਂ ਬੁਰਾ ਆਦਮੀ ਕੌਣ ਹੈ। ਪਰ ਮੈਨੂੰ ਸਾਰੇ ਸੰਸਾਰ ਵਿਚੋਂ ਇਕ ਵੀ ਬੁਰਾ ਆਦਮੀ ਨਾ ਮਿਲਿਆ। ਜਦੋਂ ਮੈਂ ਆਪਣੇ ਆਪ ਨੂੰ ਖੋਜਿਆ ਤਾਂ ਮੈਂ ਪਾਇਆ ਕਿ ਮੈਂ ਹੀ ਸਭ ਤੋਂ ਬੁਰਾ ਹਾਂ। ਮੇਰੇ ਵਿੱਚ ਬੁਰਾਈਆਂ ਦੇ ਢੇਰ ਹਨ ਉਹ ਲਿਖਦੇ ਹਨ —

ਬੁਰਾ ਜੋ ਦੇਖਣ ਮੈਂ ਚਲਾ, ਬੁਰਾ ਨਾ ਮਿਲਿਆ ਕੋਇ।
ਜਾਂ ਦਿਲ ਖੋਜਾ ਆਪਣਾ ਮੁਝ ਸੇ ਬੁਰਾ ਨਾ ਕੋਇ।

ਆਪਾ ਗਾਲ ਕੇ ਹੀ ਬੀਜ ਤੋਂ ਰੁੱਖ ਬਣਦਾ ਹੈ। ਖਜੂਰ ਦਾ ਦਰੱਖਤ ਬਹੁਤ ਉੱਚਾ ਹੁੰਦਾ ਹੈ। ਪ੍ਰੰਤੂ ਉਸਦੀ ਛਾਂ ਨਹੀਂ ਹੁੰਦੀ ਅਤੇ ਫਲ ਵੀ ਪਹੁੰਚ ਤੋਂ ਦੂਰ ਹੁੰਦੇ ਹਨ। ਨੀਵੇਂ ਅਤੇ ਛੋਟੇ ਦਰੱਖਤ ਫ਼ਲਾਂ ਨਾਲ ਭਰੇ ਹੁੰਦੇ ਹਨ। ਜਿਸ ਟਹਿਣੀ ਨੂੰ ਫਲ ਲੱਗ ਜਾਂਦਾ ਹੈ ਉਹ ਨੀਵੀਂ ਹੋ ਜਾਂਦੀ। ਜਿਸ ਨੂੰ ਜਿਆਦਾ ਫਲ ਲੱਗਦਾ ਹੈ ਉਹ ਉਤਨੀ ਹੀ ਝੁਕ ਜਾਂਦੀ ਹੈ। ਤਕੜੀ ਦਾ ਭਾਰਾ ਪਾਸਾ ਨੀਵਾਂ ਹੁੰਦਾ ਹੈ। ਇਸੇ ਤਰ੍ਹਾਂ ਗਿਆਨ ਨਾਲ ਮਨੁੱਖ ਨਿਮਰ ਅਤੇ ਨੀਵਾਂ ਹੁੰਦਾ ਚਲਿਆ ਜਾਂਦਾ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ੀ ਸਰਕਾਰ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਉਹਨਾਂ ਨਾ ਮਿਲਵਰਤਨ ਦਾ ਅਜਿਹਾ


Namdhari Elibrary NamdhariElibrary@gmail.com

ਹਥਿਆਰ ਵਰਤਿਆ ਕਿ ਭਾਰਤ ਵਰਸ਼ ਨੂੰ ਆਜ਼ਾਦੀ ਮਿਲੀ। ਅਜਿਹੇ ਮਹਾਨ ਸਤਿਗੁਰੂ ਜੀ ਕਾਲੇ ਪਾਣੀ ਤੋਂ ਭੇਜੇ ਹੁਕਮਨਾਮੇ ਵਿੱਚ ਉਪਦੇਸ਼ ਦੇਂਦੇ ਲਿਖਦੇ ਹਨ —

"ਹੋਰ ਜੀ ਮੇਰੀ ਮਤ ਬਹੁਤ ਥੋੜੀ ਹੈ
ਤੁਸੀਂ ਆਪ ਹੀ ਸਭ ਕੁਝ ਸਮਝ ਲੈਣਾ ਜੀ।"

ਹਿੰਦੋਸਤਾਨ ਦੇ ਆਖਰੀ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਆਪਣੀ ਕਾਵਿ ਰਚਨਾ ਵਿੱਚ ਲਿਖਦੇ ਹਨ —

ਜਬ ਨਾ ਥੀ ਆਪਣੇ ਗੁਨਾਹੋਂ ਪੇ ਨਜ਼ਰ,
ਦੇਖਤੇ ਥੇ ਦੁਨੀਆ ਕੇ ਐਬੋ ਹੁਨਰ।
ਜਬ ਪੜੀ ਅਪਨੇ ਗੁਨਾਹੋਂ ਪੇ ਨਿਗਾਹ
ਤੋ ਜਹਾਂ ਮੇਂ ਕੋਈ ਬੁਰਾ ਨਾ ਰਹਾ।

'ਤੇ ਕਬੀਰ ਵੀ ਮਹਾਨ ਭਗਤ ਹੋ ਕੇ ਆਪਣੇ ਆਪ ਨੂੰ ਨਿਮਰ ਅਤੇ ਨੀਵਾਂ ਕਹਿੰਦੇ ਹਨ। ਉਹ ਕਹਿੰਦੇ ਹਨ ਕਿ ਮੈਂ ਤੁਛ ਹਾਂ। ਮੈਂ ਸਿਫਰ ਹਾਂ। ਮੇਰੇ ਤੋਂ ਤੁਸੀਂ ਸਾਰੇ ਹੀ ਭਲੇ ਹੋ। ਜਿਹੜਾ ਇਸ ਭਲੇ ਬੁਰੇ ਦੇ ਅਸਲੀ ਮਾਅਨਿਆਂ ਨੂੰ ਸਮਝ ਗਿਆ ਉਹੀ ਮੇਰਾ ਮਿੱਤਰ ਹੈ —

ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ।
ਜਿਨਿ ਐਸਾ ਕਰ ਬੂਝਿਆ ਮੀਤੁ ਹਮਾਰਾ ਸੋਇ।

*੨/੯੭ ਮਹਿਰਾਜ ਬਸਤੀ, ਰਾਮਪੁਰਾ ਫੂਲ*
*ਬਠਿੰਡਾ— ੯੮੭੬੮-੫੦੬੮੦*

# ਭੈਣੀ ਸਾਹਿਬ ਤੇ ਸਤਿਗੁਰ ਦਰਸ਼ਨ

*—ਗੁਲਜ਼ਾਰ ਸਿੰਘ ਸੰਧੂ*

ਭੈਣੀ ਸਾਹਿਬ ਨਾਮਧਾਰੀ ਸਿੱਖਾਂ ਦੀ ਰਾਜਧਾਨੀ ਹੈ। ਇੱਥੋਂ ਦੇ ਰਾਮ ਮੰਦਿਰ, ਰਾਮ ਸਰੋਵਰ ਤੇ ਸਰਵ ਸੰਪਰਦਾਇ ਸਥਾਨ ਸ਼ਕਤੀ ਵਾਲੇ ਮੰਨੇ ਜਾਂਦੇ ਹਨ। ਇੱਥੇ ਸਤਿਗੁਰੂ ਜਗਜੀਤ ਸਿੰਘ ਦਾ ਵਾਸਾ ਹੈ। ਨਾਮਧਾਰੀ ਸੰਪਰਦਾਇ ਨੂੰ ਸਮਝਣ ਲਈ ਇੱਥੋਂ ਦੀ ਯਾਤਰਾ ਤੇ ਸਤਿਗੁਰੂ ਦੇ ਦਰਸ਼ਨ ਕਰਨੇ ਲਾਜ਼ਮੀ ਹਨ। ਮੈਨੂੰ ਇਹ ਸੁਭਾਗ ੨੧ਵੀਂ ਸਦੀ ਵਿਚ ਹੀ ਪ੍ਰਾਪਤ ਹੋਇਆ। ਪਹਿਲੀ ਵਾਰ ਭਾਪਾ ਪ੍ਰੀਤਮ ਸਿੰਘ ਤੇ ਜਗਜੀਤ ਸਿੰਘ ਆਨੰਦ ਨਾਲ ਪ੍ਰੀਤ ਨਗਰ ਵਿਚ ਗੁਰਬਖ਼ਸ਼ ਸਿੰਘ-ਨਾਨਕ ਸਿੰਘ ਫਾਊਂਡੇਸ਼ਨ ਵੱਲੋਂ ਉਸਾਰੀ ਜਾ ਰਹੀ ਇਮਾਰਤ ਦੇ ਸੰਬੰਧ ਵਿਚ। ਦੂਜੀ ਵਾਰ ਪਾਕਿਸਤਾਨੀ ਲੇਖਕ ਅਫ਼ਜ਼ਲ ਅਹਸਨ ਰੰਧਾਵਾ ਦੀ ਸੰਗਤ ਵਿਚ ਅਤੇ ਤੀਜੀ ਵਾਰ ਪਿਛਲੇ ਮਹੀਨੇ ਕਿਸੇ ਨਵੇਂ ਪ੍ਰੋਜੈਕਟ ਦੇ ਪ੍ਰਸੰਗ ਵਿਚ ਜਿਸ ਦੀ ਰੂਪ-ਰੇਖਾ ਉਲੀਕੀ ਜਾ ਰਹੀ ਹੈ। ਹਰ ਵਾਰ ਇਥੋਂ ਦੇ ਹੋਲੇ-ਮਹੱਲੇ ਦੇ ਸਮਾਗਮ, ਮੇਰੀ ਸਵਰਗੀ ਨਾਨੀ ਦਾ ਕੂਕਿਆਂ ਦੀ ਧੀ ਹੋਣਾ ਤੇ ਦਾਜ ਰਹਿਤ ਸਮੂਹਿਕ ਸ਼ਾਦੀਆਂ ਦਾ ਚਾਨਣ ਮੇਰੇ ਅੰਗ-ਸੰਗ ਰਿਹਾ। ਥੋੜ੍ਹੇ ਬੋਲਾਂ ਤੇ ਬਹੁਤੀ ਰਸਨਾ ਵਾਲੇ ਸਤਿਗੁਰੂ ਨੂੰ ਜਾਨਣ-ਪਛਾਣਨ ਤੇ ਸਮਝਣ ਲਈ ਚਰਨ ਛੂਹ ਪ੍ਰਾਪਤ ਕਰਨਾ ਹੀ ਕਾਫ਼ੀ ਨਹੀਂ। ਭੈਣੀ ਸਾਹਿਬ ਦਾ ਇਤਿਹਾਸਕ ਪਿਛੋਕੜ ਵੀ ਜਾਨਣਾ ਪੈਂਦਾ ਹੈ। ਸਾਮਰਾਜੀ ਤੋਪਾਂ ਦਾ ਟਾਕਰਾ, ਸਮਾਜਿਕ ਬੁਰਾਈਆਂ ਨਾਲ ਆਢਾ ਤੇ ਸੁਤੰਤਰ ਸੋਚਾਂ ਦੀ ਰਖਵਾਲੀ। ਇਹ ਸਭ ਕਾਸੇ ਦੀ ਸਚਿੱਤਰ ਪੇਸ਼ਕਾਰੀ ਮਿਲਦੀ ਹੈ, ਨਾਮਧਾਰੀ ਸੇਵਕ ਹਰਪਾਲ ਸਿੰਘ ਵੱਲੋਂ ਤਿਆਰ ਕਰਵਾਈ 'ਅਮਨ ਦਾ ਦੇਵਤਾ (Apostle of Peace) ਸਤਿਗੁਰੂ ਜਗਜੀਤ ਸਿੰਘ' ਨਾਂਅ ਦੀ ਪੋਥੀ ਵਿਚ। ਇਸ ਵੱਡਅਕਾਰੀ ਪੁਸਤਕ ਦੇ ਪੰਨਿਆਂ ਵਿਚ ਸੌ ਤੋਂ ਵੱਧ ਤਸਵੀਰਾਂ ਤੇ ਹਰ ਤਸਵੀਰ ਚੀਨੀ ਕਹਾਵਤ ਅਨੁਸਾਰ ਇਕ ਹਜ਼ਾਰ ਸ਼ਬਦਾਂ ਤੋਂ ਵਧੇਰੇ ਮੁੱਲ ਵਾਲੀ।

ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ ਸਿਆਸਤਦਾਨ, ਧਾਰਮਿਕ ਆਗੂ ਤੇ ਸੁਰਸੰਗੀਤ ਦੇ ਮਾਹਿਰ ਹੱਥ ਜੋੜ-ਖਲੋਤੇ ਦੇਖੇ ਜਾ ਸਕਦੇ ਹਨ। ਮੁਸਲਮਾਨਾਂ ਦੀ ਬੋਹਰਾ ਸੰਪਰਦਾਇ ਦੇ ਸਿਰਕੱਢ ਨੇਤਾ, ਯੂਨਾਨ ਦੇ ਆਰਥੋਡੋਕਸ ਈਸਾਈ, ਬਰਤਾਨਵੀ ਆਰਕ ਬਿਸ਼ਪ, ਤਿੱਬਤੀ ਲਾਮੇ, ਬਾਬਾ ਸੋਹਣ ਸਿੰਘ ਭਕਨਾ, ਨਹਿਰੂ, ਸ਼ਾਸਤਰੀ, ਵਾਜਪਾਈ, ਰਾਜੀਵ, ਜ਼ੈਲ ਸਿੰਘ ਤੇ ਡਾ. ਮਨਮੋਹਨ ਸਿੰਘ ਤੋਂ ਬਿਨਾਂ ਟੋਨੀ ਬਲੇਅਰ, ਆਚਾਰੀਆ ਸੁਸ਼ੀਲ ਮੁਨੀ, ਭਗਤ ਰਾਮਦੇਵ, ਯੋਗੀ ਹਰਭਜਨ ਸਿੰਘ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ: ਪ੍ਰਕਾਸ਼ ਸਿੰਘ ਬਾਦਲ, ਕੈਪਟਨ, ਹਰ ਕੋਈ। ਭੈਣੀ ਸਾਹਿਬ ਦੇ ਮੋਰ, ਨਿਓਲੇ ਤੇ ਬੰਦਰੀਆਂ ਨਾਲ ਲਾਡ ਲਡਾਉਂਦੇ ਸਤਿਗੁਰੂ ਜੀ ਅਤੇ ਵਾਰਾਨਸੀ ਨੇੜੇ ਵਗਦੀ ਗੰਗਾ ਵਿਚ ਤਰਦੀ ਕਿਸ਼ਤੀ ਵਿਚ ਹੋ ਰਿਹਾ ਕੀਰਤਨ।

ਇਸ ਤੋਂ ਇਹ ਨਾ ਸਮਝ ਲੈਣਾ ਕਿ ਪੋਥੀ ਵਾਚਿਆਂ ਪੂਰਨ ਜੱਸ ਮਿਲ ਸਕਦਾ ਹੈ। ਕੁਦਰਤ ਰਾਣੀ ਦੀ ਗੋਦ ਵਿਚ ਵਸੇ ਭੈਣੀ ਸਾਹਿਬ ਦੀ ਸ਼ਾਂਤੀ ਦਾ ਅਮਲੀ ਰਸ ਮਾਨਣਾ ਹੋਵੇ ਤਾਂ ਉਥੋਂ ਦੇ ਪਸ਼ੂ-ਪੰਛੀਆਂ ਤੇ ਰੁੱਖਾਂ-ਬੂਟਿਆਂ ਦੇ ਦਰਸ਼ਨ ਖੁਦ ਕਰਨੇ ਪੈਂਦੇ ਹਨ। ਸਤਿਗੁਰੂ ਦੇ ਸੱਦੇ 'ਤੇ ਸੱਚੇ ਸੇਵਕ ਧੋਤੇ ਚਿੱਟੇ ਵਸਤਰਾਂ ਵਿਚ ਸਜੇ ਸਜਾਏ ਗੋਕੇ ਦੁੱਧ ਦੀ ਲੱਸੀ ਤੇ ਕਾਜੂ ਦੀ ਬਰਫੀ ਨਾਲ ਤੁਹਾਡਾ ਸਵਾਗਤ ਕਰਨਗੇ। ਮਾਣ-ਮਰਯਾਦਾ ਤੇ ਨਿੱਘ ਨਾਲ। ਆਵੋ-ਜਾਵੋ ਖੁਸ਼ੀਆਂ ਮਾਣੋ।

*ਰੋਜ਼ਾਨਾ ਅਜੀਤ*
*੪-ਜੁਲਾਈ ੨੦੦੬ ਨਿਕ ਸੁਕ ਕਾਲਮ*



Namdhari Elibrary NamdhariElibrary@gmail.com






Namdhari Elibrary NamdhariElibrary@gmail.com

# ਕੂਕਿਆਂ ਦਾ ਕਾਸਦ—ਸੂਬਾ ਗੁਰਚਰਨ ਸਿੰਘ 'ਚੱਕ ਰਾਮਦਾਸ'

*— ਸੁਵਰਨ ਸਿੰਘ ਵਿਰਕ*

"ਆਲ੍ਹਣੇ ਨੂੰ ਅੱਗ ਲੱਗੀ ਸਾਰ ਕਾਸਦ ਪਹੁੰਚਿਆ,
ਹੌਕਿਆਂ 'ਚ ਸਾਥੋਂ ਪਰ ਕਿੱਸਾ ਸੁਣਾਇਆ ਨਾ ਗਿਆ"

*—ਪ੍ਰੀਤਮ ਸਿੰਘ ਕਾਸਦ*

ਕੁਝ ਰਾਜਨੀਤਕ ਸੰਗਠਨ ਅਤੇ ਉਨ੍ਹਾਂ ਨਾਲ ਜੁੜੇ ਵਿਅਕਤੀ ਇਹ ਦਾਅਵਾ ਕਰਦੇ ਹਨ ਕਿ ਦੇਸ਼ ਦੇ ਸੁਤੰਤਰਤਾ ਸੰਗਰਾਮ ਤੇ ਉਨ੍ਹਾਂ ਦੀ ਹੀ ਅਜਾਰੇਦਾਰੀ ਹੈ। ਇਉਂ ਉਹ ਆਪਣੇ ਸੰਗਠਨ ਦੇ ਸਿਰ ਹੀ ਦੇਸ਼ ਆਜ਼ਾਦੀ ਦਾ ਸਿਹਰਾ ਬੰਨ੍ਹਦੇ ਹਨ ਅਤੇ ਇਤਿਹਾਸ ਨਾਲ ਇਕ ਕਰੂਰ ਮਜ਼ਾਕ ਉਦੋਂ ਹੁੰਦਾ ਹੈ ਜਦੋਂ ਉਹ ਆਪਣੇ ਨੇਤਾ ਦਾ ਕਮਾਲ ਗਾਉਂਦੇ ਹੋਏ ਇਹ ਕੁਫਰ ਵੀ ਤੋਲਦੇ ਹਨ। 'ਲੇ ਦੀ ਹਮੇਂ ਆਜ਼ਾਦੀ ਬਿਨਾ ਖੜਗ ਬਿਨਾ ਢਾਲ।' ਸਾਡੇ ਸੁਤੰਤਰਤਾ ਸੰਗਰਾਮ ਦਾ ਮੁੱਢ ੧੭੫੭ ਈ. ਵਿਚ ਪਲਾਸੀ ਦੀ ਲੜਾਈ ਦੇ ਤੁਰੰਤ ਮਗਰੋਂ ਹੀ ਬੱਝ ਜਾਂਦਾ ਹੈ। ਇਤਿਹਾਸਕਾਰ ਚਿਨਮੋਹਨ ਸੇਹਾਨਵੀਸ ਕੌਮੀ ਮੁਕਤੀ ਅੰਦੋਲਨ ਦੀਆਂ ਅੱਠ ਧਾਰਾਵਾਂ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ— ੧. ਆਦਿ ਵਾਸੀਆਂ ਦੀਆਂ ਉਠਾਣਾਂ, ੨. ਜਨ ਸਾਧਾਰਨ ਦੀਆਂ ਵਾਰ ਵਾਰ ਹੋਣ ਵਾਲੀਆਂ ਬਗਾਵਤਾਂ ਜਿਸ ਦੀ ਅਗੁਵਾਈ ਗੱਦੀਓਂ ਲੱਥੇ ਸਥਾਨਕ ਮੁਖੀਏ, ਜ਼ਿਮੀਂਦਾਰ ਅਤੇ ਲੋਕਾਂ ਦੀ ਆਸਥਾ ਦੇ ਕੇਂਦਰ ਧਾਰਮਿਕ ਆਗੂ ਕਰ ਰਹੇ ਸਨ।.... ੩. ਵਹਾਬੀ ਅਤੇ ਫਰਾਜ਼ੀ ਅੰਦੋਲਨ, ੪. ਪੜੇ ਲਿਖੇ ਮੱਧ ਵਰਗ ਦਾ ਜਾਗਰਣ, ੫. ਬਗਾਵਤਾਂ ਜਾਂ ਹਥਿਆਰਬੰਦ ਸੈਨਾਵਾ ਦੇ ਵਿਦਰੋਹ ਦੀਆ ਕੋਸ਼ਿਸ਼ਾ, ੬. ਇੰਡੀਅਨ ਨੈਸ਼ਨਲ ਕਾਂਗਰਸ ਦਾ ਅੰਦੋਲਨ, ੭. ਕੌਮੀ ਇਨਕਲਾਬੀਆਂ ਦੀਆਂ ਕਾਰਵਾਈਆਂ, ੮. ਕਿਰਤੀਆਂ, ਕਿਸਾਨਾਂ, ਰਿਆਸਤੀ ਲੋਕਾਂ, ਵਿਦਿਆਰਥੀਆਂ ਅਤੇ ਔਰਤਾਂ ਆਦਿ ਦੀਆਂ ਵੀਹਵੀਂ ਸਦੀ ਵਿਚ ਜਥੇਬੰਦ ਲੋਕ ਲਹਿਰਾਂ।

ਆਪਣੀਆਂ ਸਮਾਨਤਾਵਾਂ, ਵਿਭਿੰਨਤਾਵਾਂ ਅਤੇ ਅੰਤਰ ਵਿਰੋਧਾਂ ਦੇ ਬਾਵਜੂਦ ਇਨ੍ਹਾਂ ਅੱਠਾਂ ਧਾਰਾਵਾਂ ਨੂੰ ਜਦੋਂ ਅਸੀਂ ਇਕੱਠਿਆਂ ਕਰ ਕੇ ਵੇਖਦੇ ਹਾਂ ਤਾਂ ਇਕ ਬੜਾ ਵਿਸ਼ਾਲ, ਪਰਿਪੱਕ ਅਤੇ ਸ਼ਕਤੀਸ਼ਾਲੀ ਭਾਰਤ ਦੀ ਆਜ਼ਾਦੀ ਦੀ ਲੜਾਈ ਦਾ ਕੌਮੀ ਮੁਕਤੀ ਅੰਦੋਲਨ ਨਜ਼ਰ ਆਉਂਦਾ ਹੈ।[1]

ਇਸੇ ਲਿਖਤ ਵਿਚ ਅੱਗੇ ਚਲਕੇ ਸੇਹਾਨਵੀਸ ਲਿਖਦੇ ਹਨ, "ਦਰਅਸਲ ਇਕ ਐਸੇ ਸਮੇਂ ਜਦੋਂ ਅਜੇ ਵਰਗ ਵਿਭੇਦੀਕਰਣ ਸਪੱਸ਼ਟ ਨਹੀਂ ਸੀ, ਸਿਆਸੀ ਅਤੇ ਸਮਾਜਿਕ ਚੇਤਨਾ ਨਿਚਲੇ ਸਤਰ 'ਤੇ ਸੀ। ਮਨੁੱਖਾਂ ਦੇ ਮਨ ਇਸ ਸਮੇਂ ਮੁਕੰਮਲ ਤੌਰ 'ਤੇ ਧਰਮ ਦੀ ਜਕੜਨ ਵਿਚ ਸਨ ਤਾਂ ਸਮਾਜਿਕ ਲਹਿਰਾਂ ਨੇ ਇਕ ਗੁੰਝਲਦਾਰ ਅਤੇ ਅੰਤਰ ਵਿਰੋਧਾਂ ਵਾਲਾ ਖਾਸਾ ਧਾਰਨ ਕਰਨਾ ਹੀ ਕਰਨਾ ਸੀ। ਜਦੋਂ ਸਮਾਜਿਕ ਸ਼ਕਤੀਆਂ ਅਜੇ ਪਰਿਪੱਕਵ ਨਹੀਂ ਸਨ ਹੋਈਆਂ ਇਹ ਕੁਝ ਹੋਣਾ ਹੀ ਹੋਣਾ ਸੀ।[2]

ਉਪਰੋਕਤ ਟੂਕ ਜਿਸ ਦੂਜੀ ਧਾਰਾ ਦਾ ਜ਼ਿਕਰ ਕਰਦੀ ਹੈ, ਉਸੇ ਦੇ ਪਰਸੰਗ ਵਿਚ ਅਸੀਂ ਪੰਜ ਦਰਿਆਵਾਂ ਦੀ ਧਰਤੀ ਤੇ ਬਸਤੀ ਵਾਦੀ ਅੰਗ੍ਰੇਜ਼ ਹਾਕਮਾਂ ਵਿਰੁੱਧ ਫੈਲੀ ਇਕ ਸ਼ਕਤੀਸ਼ਾਲੀ ਲੋਕ-ਲਹਿਰ ਦਾ ਜ਼ਿਕਰ ਕਰ ਸਕਦੇ ਹਾਂ ਜਿਸ ਦੇ ਆਗੂ ਸਤਿਗੁਰੂ ਰਾਮ ਸਿੰਘ ਨੂੰ ਉਨ੍ਹਾਂ ਦੇ ਪੈਰੋਕਾਰ ਨਾਮਧਾਰੀ ਜਾਂ ਕੂਕੇ ਸਿੰਘ, ਗੁਰੂ ਨਾਨਕ ਦੇਵ ਦੁਆਰਾ ਸਥਾਪਿਤ ਗੁਰੂ ਪਰੰਪਰਾ ਨਾਲ ਜੋੜ ਕੇ ਵੇਖ ਰਹੇ ਸਨ। ਸੱਜਰੇ ਗੁਆਚੇ ਸਿੱਖ ਰਾਜ ਦਾ ਹੇਰਵਾ ਵੀ ਉਨ੍ਹਾਂ ਦੇ ਮਨਾਂ ਵਿਚ ਹਾਲੇ ਸੱਜਰਾ ਸੀ ਜਿਸ ਦੀ ਪੁਨਰ ਸਥਾਪਨਾ ਦਾ ਸੰਕਲਪ ਉਨ੍ਹਾਂ ਦੇ ਮੱਥੇ ਵਿਚ ਸੀ। ਦਰਅਸਲ ਧਰਮ ਦੇ ਲਬਾਦੇ ਵਿਚ ਲੜਿਆ ਜਾਣ ਵਾਲਾ ਇਹ ਬਹੁਤ ਵੱਡਾ ਰਾਜਨੀਤਕ ਅੰਦੋਲਨ ਸੀ ਜਿਸ ਦੇ ਕਲਾਵੇ ਵਿਚ ਨਾ ਸਿਰਫ ਪੰਜਾਬ ਜਾਂ ਹਿੰਦੁਸਤਾਨ ਹੀ ਸਗੋਂ ਏਸ਼ੀਆ ਅਤੇ ਯੂਰੋਪ ਮਹਾਂਦੀਪਾਂ ਦੇ ਹੋਰ ਦੇਸ਼ ਵੀ ਆਉਂਦੇ ਸਨ। ਅੰਦੋਲਨ ਦੇ ਸਮਾਜਿਕ ਆਧਾਰ ਨੂੰ ਸਮਝਣ ਲਈ ਅਸੀ ਇਕ ਹੋਰ ਪ੍ਰਸਿੱਧ ਇਤਿਹਾਸਕਾਰ ਸ੍ਰੀ ਪ੍ਰਫੁੱਲ ਚੰਦਰ ਰਾਏ ਦੀ ਲਿਖਤ ਦਾ ਸਹਾਰਾ ਲਵਾਂਗੇ।

"ਉਨ੍ਹੀਵੀਂ ਸਦੀ ਦੇ ਅੱਧ ਵਿਚ, ਬ੍ਰਿਟਿਸ਼ ਕਬਜ਼ੇ ਹੇਠਲੇ ਪੰਜਾਬ ਵਿਚ, ਆਮ ਸਿੱਖਾਂ ਵੱਲੋਂ ਆਜ਼ਾਦੀ ਲਈ ਸੰਗ੍ਰਾਮ ਕੂਕਾ ਵਿਦਰੋਹ ਤੋਂ ਸ਼ੁਰੂ ਹੋਇਆ। ਨਾਮਧਾਰੀ ਸੰਪ੍ਰਦਾਏ ਹੀ ਕੂਕਾ ਨਾਮ ਨਾਲ ਪ੍ਰਸਿੱਧ ਹੈ। ਗੁਰੂ ਨਾਨਕ ਵੱਲੋਂ ਚਲਾਏ ਸਿੱਖ ਧਰਮ ਦੀ ਰਖਵਾਲੀ ਤੇ ਪ੍ਰਚਾਰ ਦੇ ਉਦੇਸ਼ ਨਾਲ ਹਜ਼ਰੋ ਦੇ ਵਾਸੀ ਗੁਰੂ ਬਾਲਕ ਸਿੰਘ ਨੇ ਇਸ ਸੰਪਰਦਾ ਦੀ ਰਚਨਾ ਕੀਤੀ।

"ਪੁਰਾਤਨ ਧਰਮ ਵਿਚ ਪਰਾਣਾਂ ਦਾ ਸੰਚਾਰ ਕਰਨ ਕਰਕੇ ਉਸ ਵੇਲੇ ਸਿੱਖ ਸੰਪਰਦਾ ਵਿਚੋਂ ਇਕ ਬੇ-ਮਿਸਾਲ ਰਾਜਨੀਤਕ ਚੇਤਨਾ ਦ੍ਰਿਸ਼ਟੀਗੋਚਰ ਹੋਈ। ਅਨੇਕਾਂ ਤਰ੍ਹਾਂ ਦੇ



Namdhari Elibrary NamdhariElibrary@gmail.com

ਇਤਿਹਾਸਕ ਉਤਾਰਾਂ ਚੜ੍ਹਾਵਾਂ, ਹਮਲਿਆਂ ਤੇ ਜੁਆਬੀ ਹਮਲਿਆਂ ਦੇ ਨਤੀਜੇ ਵਜੋਂ, ਪੰਜਾਬ ਦੀ ਹਾਲਤ ਵਿਚ ਏਨੀ ਤੇਜ਼ੀ ਨਾਲ ਤਬਦੀਲੀ ਆਈ ਕਿ ਮਜਬੂਰੀ ਵਿਚ ਧਰਮ ਸੰਪਰਦਾ ਨੂੰ ਵੀ ਹਥਿਆਰਬੰਦ ਹੋਣਾ ਪਿਆ। ਬ੍ਰਿਟਿਸ਼ ਪੰਜੇ ਵਿਚੋਂ ਆਪਣੀ ਤੇ ਭਾਰਤ ਦੀ ਆਜ਼ਾਦੀ ਲਈ, ਇਕ ਵਿਦੇਸ਼ੀ ਰਾਜ ਨਾਲ ਸਬੰਧ ਜੋੜ ਕੇ, ਉਸ ਦੀ ਸਹਾਇਤਾ ਹਾਸਲ ਕਰਨ ਦਾ ਜਤਨ ਕਰਨਾ ਪਿਆ। ਸਿੱਖ ਰਾਜ ਦੇ ਖਾਤਮੇ ਕਰਕੇ ਖਾਲਸਾ ਫੌਜ ਦੇ ਬਹੁਤੇ ਸਿੱਖ ਬੇਕਾਰ ਹੋ ਗਏ। ਉਨ੍ਹਾਂ ਲਈ ਨਿਰਾ ਖੇਤੀਬਾੜੀ ਉਤੇ ਨਿਰਭਰ ਰਹਿਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਮੰਦੇ ਦਿਨਾਂ ਵਿਚ ਗੁਜ਼ਾਰਾ ਕਰਨ ਲਈ, ਖੇਤੀਬਾੜੀ ਦਾ ਕੰਮ ਸ਼ੁਰੂ ਕਰਨ ਤੇ ਵੀ ਇਕ ਫੌਜੀ ਜਾਤੀ ਲਈ ਇਸ ਕੰਮ ਵਿਚ ਪੂਰੀ ਤਰ੍ਹਾਂ ਮਨ ਲਗਾਉਣਾ ਸੰਭਵ ਨਹੀਂ। ਖਾਸ ਕਰਕੇ ਬਹੁਤੇ ਲੋਕ ਬੇਜ਼ਮੀਨੇ ਹਲ ਵਾਹਕ ਸਨ-ਸੋ ਇਸ ਕੰਮ ਰਾਹੀਂ ਪਰਿਵਾਰ ਦਾ ਗੁਜ਼ਾਰਾ ਚਲਾਉਣਾ ਅਸੰਭਵ ਹੋ ਗਿਆ ਸੀ। ਸੋ ਇਸ ਜਾਤੀ ਵਿਚ ਬਹੁਤ ਹੀ ਜ਼ਿਆਦਾ ਬੇਚੈਨੀ ਦੀ ਹਾਲਤ ਪੈਦਾ ਹੋ ਗਈ। ਇਸ ਅਸੰਤੋਖ ਦੀ ਅੱਗ ਵਿਚ ਬਾਲਣ ਪਾਇਆ ਅੰਗ੍ਰੇਜ਼ਾਂ ਦੀ ਲੁੱਟ-ਖਸੁੱਟ ਦੀ ਨੀਤੀ ਨੇ। ਬੇਜ਼ਮੀਨ ਕਿਸਾਨ ਸਮਾਜ ਨੇ, ਨਾਮਧਾਰੀ ਸੰਪਰਦਾ ਦੇ, ਇਸ ਮੁੜ ਜਾਗਰਣ ਦੀ ਯੋਜਨਾ ਵਿਚ ਪੂਰੀ ਤਰ੍ਹਾਂ ਮਨ ਲਗਾਇਆ ਤੇ ਇਸ ਅੰਦੋਲਨ ਵਿਚੋਂ ਆਪਣੀ ਆਜ਼ਾਦੀ ਦਾ ਰਾਹ ਲੱਭਿਆ। ਕੂਕਾ ਸੰਪਰਦਾ ਦੇ ਬਾਨੀ ਤੇ ਗੁਰੂ ਬਾਲਕ ਸਿੰਘ ਦੇ ਉੱਤਰਾਧਿਕਾਰੀ, ਜ਼ਿਲ੍ਹਾ ਲੁਧਿਆਣਾ ਦੇ ਗੁਰੂ ਰਾਮ ਸਿੰਘ ਜੀ ਦੀ ਅਸਾਧਾਰਨ ਸੰਗਠਨ ਪ੍ਰਤਿਭਾ, ਭਾਸ਼ਣ ਕਲਾ ਤੇ ਅਡੋਲ ਸਿਦਕ ਨੇ ਇਸ ਅੰਦੋਲਨ ਦੀ ਨੀਂਹ ਪੱਕੀ ਕਰ ਦਿੱਤੀ ਤੇ ਹੌਲੀ ਹੌਲੀ ਕੂਕਾ ਅੰਦੋਲਨ ਕਿਸਾਨ ਸਮਾਜ ਦਾ ਆਪਣਾ ਅੰਦੋਲਨ ਬਣ ਗਿਆ।"[3]

ਕੂਕਿਆਂ ਦਾ ਰਾਜਸੀ ਮਨੋਰਥ ਕੀ ਸੀ ਇਸ ਬਾਰੇ ਤਾਂ ਸਾਡੇ ਲੋਕ ਗੀਤਾਂ ਦੀਆਂ ਵੀ ਢੇਰਾਂ ਵੰਨਗੀਆਂ ਮਿਲਦੀਆਂ ਹਨ ਕਿ ਉਹ ਇਥੋਂ ਅੰਗ੍ਰੇਜ਼ ਸਰਕਾਰ ਦਾ ਬਿਸਤਰਾ ਗੋਲ ਕਰਨਾ ਚਾਹੁੰਦੇ ਸਨ:-

"ਅਸਾਂ ਹਿੰਦ ਵਿਚ ਗ਼ਦਰ ਮਚਾਉਣਾ
ਕੱਢਣਾਂ ਫਰੰਗੀਆਂ ਨੂੰ
......
ਛਾਉਣੀ ਕਰ ਦੇ ਫਰੰਗੀਆਂ ਖਾਲੀ,
ਖਾਲਸੇ ਨੇ ਡੰਗ ਬੀਜਣੀ।
......
ਇਥੋਂ ਚੁੱਕ ਲੈ ਫਰੰਗੀਆਂ ਡੇਰਾ,
ਖਾਲਸੇ ਨੇ ਰਾਜ ਕਰਨਾ।"
......

ਸਤਿਗੁਰੂ ਰਾਮ ਸਿੰਘ ਜੀ ਨੇ ਲਹੌਰ ਦਰਬਾਰ ਵਿਚ ਫੌਜੀ ਜੀਵਨ ਸਮੇਂ ਸਿੱਖ ਕਦਰਾਂ ਕੀਮਤਾਂ ਦਾ ਹਰਾਸ ਹੁੰਦਾ ਵੇਖਿਆ ਸੀ। ਇਸ ਲਈ ਉਨ੍ਹਾਂ ਨੇ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਦੀਆਂ ਨੀਹਾਂ ਨਵੇਂ ਸਿਰੇ ਤੋਂ ਮਜ਼ਬੂਤ ਕੀਤੀਆਂ। ਸਿੱਖਾਂ ਨੂੰ ਬਾਣੀ ਤੇ ਬਾਣੇ ਨਾਲ ਜੋੜਿਆ। ਸਰੀਰ ਦੀ ਮਜ਼ਬੂਤੀ, ਸਵੱਛਤਾ ਅਤੇ ਆਚਰਣ ਦੀ ਉੱਚਤਾ ਤੇ ਜ਼ੋਰ ਦਿੱਤਾ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਨੂੰ, ਆਲਿਆਂ, ਅਲਮਾਰੀਆਂ ਆਦਿ ਧਰਮਸ਼ਾਲਾਵਾਂ ਦੇ ਬੰਦ ਦਰਵਾਜ਼ੇ ਖੁਲਵਾ ਕੇ, ਭਾਤ ਪੁੰਜ ਦੇ ਅਦਬ ਨਾਲ ਪ੍ਰਕਾਸ਼ ਕਰਵਾਇਆ। ਪਹਿਲੀ ਵੇਰ ਪੱਲਿਓਂ ਮਾਇਆ ਖਰਚ ਕੇ ਲਾਹੌਰ ਦੇ ਦੀਵਾਨ ਬੂਟਾ ਸਿੰਘ ਨਾਮਧਾਰੀ ਦੇ ਪ੍ਰੈੱਸ ਵਿਚੋਂ ਸ੍ਰੀ ਆਦਿ ਗ੍ਰੰਥ ਦੀ ਮੁਕੰਮਲ ਬੀੜ ਅਤੇ ਹੋਰ ਨਿਤਨੇਮ ਦੇ ਗੁਟਕੇ ਛਪਵਾ ਕੇ ਲੋਕਾਂ ਵਿਚ ਵੰਡੇ ਗਏ। ਅੰਗ੍ਰੇਜ਼ੀ ਸਰਕਾਰ ਨਾਲ ਹਰ ਤਰ੍ਹਾਂ ਦਾ ਅਸਹਿਯੋਗ ਅੰਦੋਲਨ ਸ਼ੁਰੂ ਕਰ ਕੇ ਸਵਦੇਸ਼ੀ 'ਤੇ ਜ਼ੋਰ ਦਿੱਤਾ। ਸਰਕਾਰ ਘਬਰਾ ਗਈ। ਵੈਸੇ ਤਾਂ ੧੮੬੩ ਈ. ਤੋਂ ਹੀ ਉਹ ਸਤਿਗੁਰੂ ਜੀ ਅਤੇ ਸੂਬਿਆਂ ਤੇ ਨਿਗਾਹ ਰੱਖ ਰਹੀ ਸੀ। ਅੰਮ੍ਰਿਤਸਰ, ਰਾਇਕੋਟ ਅਤੇ ਫਿਰ ਮਲੇਰਕੋਟਲੇ ਬੁੱਚੜ ਬੱਧ ਦੇ ਸਾਕਿਆਂ ਤੋਂ ਬਾਅਦ ਹਲਾਤ ਸਾਜ਼ਗਾਰ ਨਾ ਰਹੇ। ਸਤਿਗੁਰੂ ਜੀ ਨੂੰ ਮਹੱਤਵਪੂਰਨ ਸੂਬਿਆਂ ਸਮੇਤ ਦੇਸ਼ ਬਦਰ ਕਰ ਕੇ ਪਹਿਲਾਂ ਤਕਰੀਬਨ ਅੱਠ ਸਾਲ ਰੰਗੂਨ (ਬ੍ਰਿਟਿਸ਼ ਬਰ੍ਹਮਾ) ਅਤੇ ਫਿਰ ੧੮੮੦ ਈ. ਵਿਚ ਮਰਗੋਈ ਟਾਪੂ ਵਿਚ ਭੇਜ ਦਿੱਤਾ। ਜਿਥੇ ਸੰਨ ੧੮੮੫ ਈ. ਦੇ ਅਖੀਰ ਤੱਕ ਸਰਕਾਰੀ ਰਿਕਾਰਡ ਵਿਚ ਉਨ੍ਹਾਂ ਦਾ ਜ਼ਿਕਰ ਮਿਲਦਾ ਹੈ।

੧੮੭੨ ਈ. ਵਿਚ ਕੂਕਿਆਂ ਦਾ ਤੋਪਾਂ ਨਾਲ ਉਡਾਇਆ ਜਾਣਾ, ਅਨੇਕਾਂ ਨੂੰ ਦੇਸੋਂ ਬਾਹਰ ਕਾਲੇ ਪਾਣੀ ਦੀਆਂ ਹੋਰ ਯਾਤਨਾਵਾਂ ਲਈ ਪੰਜਾਬ ਦੀ ਭਾਰਤ ਤੋਂ ਵੀ ਦੂਰ ਭੇਜ ਦੇਣਾ, ਘਰ ਘਾਟ ਢਾਹੇ ਜਾਣੇ, ਜ਼ਮੀਨ, ਜਾਇਦਾਦਾਂ ਦੀਆਂ ਜ਼ਬਤੀਆਂ, ਕੂਕਾ ਕੇਂਦਰ ਸ੍ਰੀ ਭੈਣੀ ਸਾਹਿਬ ਦੇ ਬੂਹੇ ਅੱਗੇ ਅੱਧੀ ਸਦੀ ਤੋਂ ਵੱਧ, ਐਨ ਨੱਕ 'ਤੇ ਪੁਲਿਸ ਚੌਕੀ ਬਿਠਾ ਛੱਡਣੀ, ਸਮੁੱਚੇ ਨਾਮਧਾਰੀ ਪੰਥ ਨਾਲ ਜਰਾਇਮ ਪੇਸ਼ਾ ਕਬੀਲਿਆਂ ਜਿਹਾ ਸਲੂਕ ਕਰਨਾ-ਜੇ ਕੋਈ ਹੋਰ ਲੋਕ ਹੁੰਦੇ ਤਾਂ ਏਨੀਆਂ ਦਮਨਾਤਮਕ ਕਾਰਵਾਈਆਂ ਬਾਅਦ, ਲੰਮੀਆਂ ਤਾਣ ਕੇ ਸੌਂ ਜਾਂਦੇ ਅਤੇ ਕੰਨ ਵਿਚ ਪਾਏ ਨਾ ਰੜਕਦੇ। ਪਰ ਕੂਕੇ ਸਿੰਘ ਤਾਂ ਕਿਸੇ ਹੋਰ ਮਿੱਟੀ ਦੇ ਬਣੇ ਸਨ। ਉਨ੍ਹਾਂ ਦਾ ਖ਼ਮੀਰ ਵੱਖਰਾ ਸੀ। ਸਖਤੀਆਂ ਤੋਂ ਬਾਅਦ ਉਹ ਦੁਸ਼ਮਣ ਨੂੰ


Namdhari Elibrary NamdhariElibrary@gmail.com

ਮਾਤ ਦੇਣ ਲਈ ਕਿਸੇ ਨਾ ਕਿਸੇ ਨਵੇਂ ਰਾਹ ਜਾਂ ਢੰਗ ਤਰੀਕੇ ਦੀ ਖੋਜ ਵਿਚ ਲੱਗੇ ਰਹੇ। ਵਿਦੇਸ਼ਾਂ ਨਾਲ ਕੂਕਿਆਂ ਦਾ ਸੰਪਰਕ ਤਾਂ ਆਪਣੇ ਅੰਦੋਲਨ ਦੇ ਉਭਾਰ ਦੇ ਦਿਨਾਂ ਵਿਚ ਵੀ ਰਿਹਾ ਸੀ। ਹੁਣ ਉਨ੍ਹਾਂ ਨੇ ਇਕ ਪ੍ਰਭੂ ਸੱਤਾ ਸੰਪਨ ਗੁਆਂਢੀ ਮਿੱਤਰ ਦੇਸ਼ ਜੋ ਯੂਰੋਪ ਅਤੇ ਏਸ਼ੀਆ ਦੋਹਾਂ ਮਹਾਂਦੀਪਾਂ ਵਿਚ ਫੈਲਿਆ ਸੀ, ਮਹਾਨ ਰੂਸੀ ਸਲਤਨਤ ਨਾਲ ਤੰਦਾਂ ਗੰਢਣੀਆਂ ਸ਼ੁਰੂ ਕੀਤੀਆਂ ਤਾਂ ਕਿ ਰੂਸ ਜੇ ਆਪਣੇ ਦਖਣੀ ਗੁਆਂਢੀ ਮਿਤਰ ਦੇਸ ਦੀ ਬਾਹੁੜੀ ਕਰਨ ਆਏ ਤਾਂ ਅੰਗ੍ਰੇਜ਼ਾਂ ਦਾ ਬਿਸਤਰਾ ਇਥੋਂ ਗੋਲ ਕੀਤਾ ਜਾ ਸਕਦਾ ਸੀ। ਇਹ ਕੂਕਿਆਂ ਦੀਆਂ ਪੈੜਾਂ ਨੱਪਣ ਵਾਲੀ ਗੱਲ ਹੀ ਸੀ ਕਿ ਲਹੌਰ ਦਰਬਾਰ ਦਾ ਅੰਤਿਮ ਸਿੱਖ ਮਹਾਰਾਜਾ ਦਲੀਪ ਸਿੰਘ ਜਿਸ ਨੂੰ ਪੰਜਾਬ ਹਰਨ ਬਾਅਦ ਅੰਗ੍ਰੇਜ਼ ਵਲਾਇਤ ਵਿਚ ਲੈ ਗਏ ਸਨ। ਅੰਗ੍ਰੇਜ਼ ਹਾਕਮਾਂ ਤੋਂ ਮੋਹ ਭੰਗ ਹੋਣ ਬਾਅਦ ਪਹਿਲਾਂ ਤਾਂ ਭਾਰਤ ਵਿਚ ਜਾ ਕੇ ਦੇਸ਼ ਵਾਸੀਆਂ ਅੱਗੇ ਦਾਦ ਫਰਿਆਦ ਕਰਨੀ ਚਾਹੁੰਦਾ ਸੀ ਤੇ ਫਿਰ ਜਦੋਂ ਉਸ ਨੂੰ ਅਦਨ ਤੋਂ ਅੱਗੇ ਨਾ ਜਾਣ ਦਿੱਤਾ ਗਿਆ, ਵਾਪਸ ਵਲੈਤ ਦੀ ਬਜਾਏ ਫਰਾਂਸ ਵਿਚ ਜਾ ਟਿਕਿਆ। ਫਰਾਂਸ ਸਰਕਾਰ ਤੋਂ ਅੰਗ੍ਰੇਜ਼ਾਂ ਵਿਰੁੱਧ ਸਹਾਇਤਾ ਲੈਣ ਵਿਚ ਨਿਰਾਸ਼ ਹੋ ਕੇ-ਸੰਨ ੧੮੮੭ ਈ. ਦੇ ਸ਼ੁਰੂ ਵਿਚ ਮਾਸਕੋ ਜਾ ਪੁੱਜਿਆ। ਨਾਮਧਾਰੀ ਪੰਥ ਦੇ ਆਗੂਆਂ, ਖਾਸ ਕਰ ਸਤਿਗੁਰੂ ਰਾਮ ਸਿੰਘ ਜੀ ਅਤੇ ਗੁਰੂ ਹਰੀ ਸਿੰਘ ਜੀ ਦੇ ਰੂਸ ਨਾਲ, ਚਿੱਠੀ ਪੱਤ੍ਰਰ ਦੇ ਆਦਾਨ ਪ੍ਰਦਾਨ ਵਿਚ ਮਹੱਤਵਪੂਰਨ ਕੜੀ ਸੀ ਇਕ ਕੂਕਾ ਸੂਬਾ ਗੁਰਚਰਨ ਸਿੰਘ ਜਿਸ ਨੂੰ ਇਸ ਮਹੱਤਵਪੂਰਨ ਪਦਵੀ ਤੇ ਗੁਰੂ ਹਰੀ ਸਿੰਘ ਨੇ ਪੁਚਾਇਆ ਸੀ। ਅਸੀਂ ਗੁਰਚਰਨ ਸਿੰਘ ਦੇ ਜ਼ੁਬਾਨੀ ਉਸ ਦੇ ਸੰਖੇਪ ਸਮਾਚਾਰ ਸੁਣ ਕੇ ਫਿਰ ਅੱਗੇ ਤੁਰਾਂਗੇ।

(ਅਧਿਕਾਰੀਆਂ ਸਾਂਹਵੇਂ ਇਹ ਬਿਆਨ ੧੮੮੧ ਈ. ਦਾ ਹੈ) "ਮੈਂ ੭੫ ਵਰ੍ਹਿਆਂ ਦਾ ਹਾਂ। ਸਿਆਲਕੋਟ ਜ਼ਿਲ੍ਹੇ ਦੇ ਚੱਕ ਪਰਾਣਾ ਪਿੰਡ ਵਿਚ ਜੰਮਿਆ ਸਾਂ। (ਪਿੰਡ ਦਾ ਨਾਂ ਜ਼ਿਆਦਾ ਥਾਵਾਂ 'ਤੇ 'ਚੱਕ ਰਾਮਦਾਸ' ਲਿਖਿਆ ਹੈ ਅਤੇ ਕਝਨੀਂ ਥਾਈ ਜ਼ਿਲ੍ਹਾ ਗੁਜਰਾਂਵਾਲਾ ਵੀ ਲਿਖਿਆ ਹੈ। ਹੋ ਸਕਦਾ ਹੈ ਇਹ ਪਿੰਡ ਦੋਹਾਂ ਜ਼ਿਲ੍ਹਿਆਂ ਦੀ ਹੱਦ 'ਤੇ ਵਾਕਿਆ ਹੋਵੇ.... ਸ. ਸ. ਵਿਰਕ) ਮੇਰਾ ਪਿਤਾ ਅਤਰ ਸਿੰਘ ਵਿਰਕ ਜੱਟ ਸੀ ਅਤੇ ਕੁਸ਼ਬ ਗੋਤਰ ਕਬੀਲੇ, ਵਿਚੋਂ ਸੀ। ਉਹ ਜ਼ਿਮੀਂਦਾਰ ਸੀ, ਪਰ ਗੁਰੂ ਨਾਨਕ ਦੇ ਇਕ ਚੇਲੇ ਭਾਈ ਪਿਰਾਣਾ ਜੋ ਉਸ ਦਾ ਪੂਰਵਜ ਸੀ, ਉਸ ਦੇ ਸੇਵਕਾਂ ਤੋਂ ਕਾਰ ਭੇਟ ਵੀ ਇਕੱਠੀ ਕਰਦਾ ਸੀ। ਮੇਰਾ ਛੋਟਾ ਭਰਾ ਗੁਰਮੁਖ ਸਿੰਘ ਹੈ ਅਤੇ ਸਿਆਲਕੋਟ ਜ਼ਿਲ੍ਹੇ ਦੇ ਪਸਰੂਰ ਥਾਣੇ ਦੇ ਇਕ ਪਿੰਡ "ਰਾਇਜ਼ਾਦਾਵਾਲਾਂ" ਵਿਚ ਰਹਿੰਦਾ ਹੈ, ਜਿਥੇ ਮੇਰੇ ਪਰਿਵਾਰ ਦੀ ਭੋਇੰ ਵੀ ਹੈ ਤੇ ਸੇਵਕ ਵੀ ਹਨ ਜਿਹੜੇ ਆਪਣੇ ਰੂਹਾਨੀ ਪੇਸ਼ਵਾ ਨੂੰ ਉਗਰਾਹੀ ਵੀ ਦਿੰਦੇ ਹਨ ਅਤੇ ਹੋਰ ਇਮਦਾਦ ਵੀ ਕਰਦੇ ਹਨ।

"ਮੇਰੇ ਦੋ ਪੁੱਤਰ ਹਨ, ਜੀਵਨ ਸਿੰਘ ਅਤੇ ਗੁਰਦਿੱਤ ਸਿੰਘ। ਪਹਿਲਾ ੪੦ ਕੁ ਸਾਲਾਂ ਦਾ ਹੈ ਅਤੇ ਜੀਵਿਤ ਹੈ। ਉਸ ਦੇ ਦੋ ਪੁੱਤਰ ਹਨ ਈਸ਼ਰ ਸਿੰਘ ਉਮਰ ੨੨ ਅਤੇ ਭਗਤ ਸਿੰਘ ੬ ਸਾਲ। ਗੁਰਦਿੱਤ ਸਿੰਘ ਕੁਝ ਵਰ੍ਹੇ ਪਹਿਲਾ ਚੱਲ ਵੱਸਿਆ ਸੀ ਦੋ ਜੁਆਨ ਪੁੱਤਰ ਛੱਡ ਕੇ।

"ਮੈਂ ੯ ਸਾਲ ਦੀ ਉਮਰ ਤਕ ਗੁਰਮੁਖੀ ਪੜ੍ਹਿਆ। ਫਿਰ ਖੇਤਾਂ ਵਿਚ ਕੰਮ ਕੀਤਾ। ਤੇਰਾਂ ਸਾਲਾਂ ਦੀ ਉਮਰ ਵਿਚ 'ਰਾਇਜ਼ਾਦਾ ਵਾਲਾ' ਪਿੰਡ ਵਿਖੇ ਮੇਰਾ ਵਿਆਹ ਹੋ ਗਿਆ।

"ਜਦੋਂ ਮੈਂ ੧੮ ਵਰ੍ਹਿਆਂ ਦਾ ਸਾਂ ਮੇਰਾ ਮਾਮਾ ਮਰ ਗਿਆ ਅਤੇ ਮਾਮੀ ਨੇ ਸਾਰੀ ਆਪਣੀ ਜਾਇਦਾਦ ਮੈਨੂੰ ਦੇ ਦਿੱਤੀ। ਮੈਂ ਮਾਮੇ ਦੇ ਪਿੰਡ ਸੰਬੜਿਆਲ ਜਾ ਟਿਕਿਆ। ਦੋ ਸਾਲਾਂ ਬਾਅਦ ਮਾਮੀ ਨੂੰ ਲੈ ਕੇ 'ਰਾਇਜ਼ਾਦਾ ਵਾਲਾ' ਆ ਗਿਆ। ਮੇਰਾ ਪਿਤਾ ਵੀ ਮੇਰੀ ਮਾਤਾ ਦੀ ਮੌਤ ਬਾਅਦ ਇਥੇ ਹੀ ਰਹਿ ਰਿਹਾ ਸੀ। ਜਦੋਂ ਮਾਤਾ ਮਰੀ ਮੈਂ ਸੱਤਾਂ ਸਾਲਾਂ ਦਾ ਸਾ। ਮੇਰਾ ਚਾਚਾ ਰਤਨ ਸਿੰਘ 'ਚੱਕ ਪਰਾਣੇ' ਹੀ ਰਹਿੰਦਾ ਸੀ। ਇਸ ਤੋਂ ਪਹਿਲਾਂ ਪਹਿਲਾਂ ਜਦੋਂ ਮੈਂ ੧੬ ਸਾਲਾਂ ਦਾ ਸਾਂ ਕੁਝ ਹੋਰਨਾ ਲੋਕਾਂ ਨਾਲ 'ਕਾਬੁਲ' ਗਿਆ ਅਤੇ ਇਕ ਮਹੀਨਾ ਆਪਣੇ ਵਡੇਰੇ 'ਭਾਈ ਪਿਰਾਣਾ' ਦੀ ਧਰਮਸ਼ਾਲਾ ਵਿਚ ਠਹਿਰਿਆ। ਪਿਰਾਣਾ ਜੀ ਦੇ ਸੇਵਕਾਂ ਨੇ ਮੈਨੂੰ ੬੦੦ ਰੁਪਏ ਦਿੱਤੇ। ਉਸ ਸਮੇਂ ਅਮੀਰ ਦੋਸਤ ਮੁਹੰਮਦ ਖਾਂ ਕਾਬਲ ਤੇ ਰਾਜ ਕਰਦੇ ਸਨ।

"ਮੇਰਾ ਮਾਮਾ ਜਿਹੜੀ ਜਾਇਦਾਦ ਛੱਡ ਗਿਆ ਸੀ ਉਸ ਵਿਚ ਇਕ ਵਧੀਆ ਘੋੜਾ ਵੀ ਸੀ। ਸੰਬੜਿਆਲ ਤੋਂ ਮੈਂ ਇਸ ਘੋੜੇ ਨੂੰ ਲਹੌਰ ਵੇਚਣ ਲਈ ਲੈ ਗਿਆ। ਇਥੇ ਮੈਂ ਉਹਨੂੰ ਵੇਚਿਆ ਨਾ ਸਗੋਂ ਸ. ਲਹਿਣਾ ਸਿੰਘ ਸੰਧਾਂ ਵਾਲੀਏ ਦੇ ਅਧੀਨ ਘੋੜ-ਚੜ੍ਹਿਆਂ ਵਿਚ ਸ਼ਾਮਿਲ ਹੋ ਗਿਆ। ਇਹ ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਤੋਂ ੫-੬ (ਸੰਪਾਦਕ ਜਸਵਿੰਦਰ ਸਿੰਘ ਮੁਤਾਬਿਕ ੯-੧੦) ਵਰ੍ਹੇ ਪਹਿਲਾਂ ਦੀ ਗੱਲ ਹੈ। ਲਹਿਣਾ ਸਿੰਘ ਦੇ ਅਧੀਨ ਦੋ ਵਰ੍ਹੇ ਉਹ ਭੁੰਡ, ਫਤੇਹ ਜੰਗ ਅਤੇ ਚੱਕ ਹਜ਼ਾਰਾ ਵਿਚ ਰਿਹਾ। ਮਹਾਰਾਜੇ ਦੀ ਨਾਰਾਜ਼ਗੀ ਕਾਰਨ ਲਹਿਣਾ ਸਿੰਘ ਦੀ ਦਰਬਾਰ ਤੋਂ ਬਰਖਾਸਤਗੀ ਬਾਦ ਉਹ ਡੇਰਾ ਜਾਤ ਗਿਆ ਤੇ ਉਥੇ ਸ. ਰਤਨ ਸਿੰਘ ਗੋਗਲੂ ਦੇ ਤਹਿਤ ਸਵਾਰ ਬਣ ਗਿਆ। ਵਰ੍ਹਾ ਕੁ ਬਾਅਦ ਉਹ ਕੰਵਰ ਨੌਨਿਹਾਲ ਸਿੰਘ ਦੀ ਸੈਨਾ ਨਾਲ ਲਹੌਰ ਆ ਗਿਆ।



Namdhari Elibrary NamdhariElibrary@gmail.com

ਮਹਾਰਾਜਾ ਰਣਜੀਤ ਸਿੰਘ ਤੋਂ ਮਗਰੋਂ ਉਹ ਸ. ਅਤਰ ਸਿੰਘ ਗੰਜਰਾਂਵਾਲਾ ਨਾਲ ਸੁਕੇਤ ਅਤੇ ਮੰਡੀ ਗਿਆ ਜਿਥੋਂ ਦਾ ਗਵਰਨਰ ਸ਼ੇਖ ਇਮਾਮ ਦੀਨ ਸੀ। ਤੇ ਕੰਵਲ ਨੌਨਿਹਾਲ ਸਿੰਘ ਦੀ ਮੌਤ ਬਾਅਦ ਉਹ ਗਵਰਨਰ ਸ਼ੇਖ ਦੇ ਨਾਲ ਲਾਹੌਰ ਮੁੜ ਆਇਆ। ਫਿਰ ਸ਼ੇਖ ਇਮਾਮ ਦੀਨ ਦਾ ਪਿਤਾ ਸ਼ੇਖ ਗੁਲਾਮ ਮੁਹੇਈ-ੳ-ਦੀਨ ਕਸ਼ਮੀਰ ਦਾ ਸੂਬਾ ਬਣਿਆ ਤਾਂ ਉਹ ਸ. ਅਤਰ ਸਿੰਘ ਦੀ ਰੈਜੀਮੈਂਟ ਵਿਚ ਤਿੰਨ ਵਰ੍ਹੇ ਉਥੇ ਨੌਕਰੀ ਕਰਦਾ ਰਿਹਾ। ਫਿਰ ਰੈਜੀਮੈਂਟ ਪਿਸ਼ਾਵਰ ਆ ਗਈ ਤਾਂ ਪਿਤਾ ਮਰਨ ਕਰਕੇ ਛੁੱਟੀ ਲੈ ਕੇ ਘਰ ਗਿਆ ਅਤੇ ਬਾਅਦ ਵਿਚ ਪੇਸ਼ਾਵਰ ਜਾ ਸ਼ਾਮਿਲ ਹੋਇਆ। ਇਥੇ ਫੌਜ ਸ. ਕਾਹਨ ਸਿੰਘ ਮਜੀਠੀਏ ਦੀ ਕਮਾਨ ਹੇਠ ਸੀ ਅਤੇ ਉਹ ਇਕ ਵਰ੍ਹੇ ਬਾਅਦ ਸ. ਅਤਰ ਸਿੰਘ ਨਾਲ ਲਾਹੌਰ ਆ ਗਿਆ। ਤੇ ਫਿਰ ਸ. ਅਤਰ ਸਿੰਘ ਨਾਲ ਹੀ ਵਾਪਸ ਪੇਸ਼ਾਵਰ ਜਿਥੇ ਤਿੰਨ ਵਰ੍ਹੇ ਕੱਟੇ। ਇਥੋਂ ਛੁੱਟੀ ਲੈ ਕੇ ਤਿੰਨ ਮਹੀਨੇ ਕਾਬਲ ਦੇ ਦੂਜੇ ਦੌਰ 'ਤੇ ਗਿਆ। ਜਦੋਂ ਮੈਂ ਪਿਸ਼ਾਵਰ ਵਾਪਸ ਆਇਆ ਤਾਂ ਮੇਰੇ ਆਉਣੋਂ ਪਹਿਲਾਂ ਇਥੋਂ ਦੀ ਸੈਨਾ ਬਰਖਾਸਤ ਕਰ ਦਿੱਤੀ ਗਈ ਸੀ। ਮੈਂ ਘਰ ਚਲਾ ਗਿਆ। ਹੁਣ ਮੈਂ ਭਾਈ ਅਮੀਰੇ ਦੀ ਮਾਰਫਤ ਰਾਜਾ ਲਾਲ ਸਿੰਘ ਸਾਂਹਵੇਂ ਪੇਸ਼ ਹੋਇਆ ਤੇ ਫਿਰ 'ਕਾਬਲ' ਜਾਣ ਦੀ ਮਨਜ਼ੂਰੀ ਮੰਗੀ। ਜੋ ਇਸ ਸ਼ਰਤ 'ਤੇ ਦਿੱਤੀ ਗਈ ਕਿ ਉਥੋਂ ਦੇ ਹਾਲਾਤ ਨੋਟ ਕਰ ਕੇ ਲਿਆਵਾਂ। ਹੁਣ ਮੈਂ ਆਪਣੀ ਤੀਜੀ ਫੇਰੀ ਸਮੇਂ ੪ ਮਹੀਨੇ ਕਾਬਲ ਵਿਚ ਰਿਹਾ ਅਤੇ ਰਾਜਾ ਲਾਲ ਸਿੰਘ ਤੋਂ ਇਕ ਖੇਸ ਅਤੇ ਸੌ ਰੁਪਏ ਪ੍ਰਾਪਤ ਕੀਤੇ। ਫਿਰ ਸ. ਅਤਰ ਸਿੰਘ ਗੰਜਰਾਂ ਨਾਲ ਪੇਸ਼ਾਵਰ ਚਲਾ ਗਿਆ ਅਤੇ ਉਦੋਂ ਤੱਕ ਉਥੇ ਰਿਹਾ ਜਦੋਂ ਤੱਕ ਅੰਗਰੇਜ਼ ਅਫਸਰ ਲਹੌਰ ਤੇ ਪਿਸ਼ਾਵਰ ਵਿਚ ਨਹੀਂ ਆ ਗਏ। ਉਥੇ ਮੈਨੂੰ ਕਿਸੇ ਨੇ ਦੱਸਿਆ ਕਿ ਮੂਲ ਰਾਜ ਨੇ ਮੁਲਤਾਨ ਦਾ ਕਬਜ਼ਾ ਦੇਣ ਲਈ ਅੰਗ੍ਰੇਜ਼ਾਂ ਨੂੰ ਸੱਦ ਲਿਆ ਹੈ। ਮੈਂ ਕਿਹਾ ਇਹ ਨਹੀਂ ਹੋ ਸਕਦਾ ਕਿਉਂਕਿ ਗੁਰੂ (ਨਾਨਕ) ਨੇ ਕਿਹਾ ਹੈ "ਮੂਲਾ ਤੁੱਲਾ ਭੇਸ ਹਿੰਦੂ ਕਾ, ਸਿਖ ਗੁਰੂ ਕਾ ਉਠੇ ਪੱਛਮ ਕੀ ਦੇਸ"

ਭਾਵ ਮੂਲਾ, ਤੁਲਾ ਖੱਤਰੀ ਹਿੰਦੂ ਦੇ ਪਹਿਰਾਵੇ ਵਿਚ ਗੁਰੂ ਦਾ ਸਿੱਖ ਹੋਵੇਗਾ ਤੇ ਪੱਛਮ ਦੇਸ ਵਿਚ ਉਠੇਗਾ। (ਇਹ ਤੁਕਾਂ ਦਰਅਸਲ ਸੌ-ਸਾਖੀ'ਦੀਆਂ ਹਨ.... ਸ. ਸ. ਵਿਰਕ)

"ਇਹ ਗੱਲ ਕਿਸੇ ਨੇ ਅੰਗ੍ਰੇਜ਼ ਅਧਿਕਾਰੀ ਨੂੰ ਦੱਸ ਦਿੱਤੀ ਅਤੇ ਮੈਨੂੰ ਨਜ਼ਰਬੰਦ ਕਰ ਦਿੱਤਾ ਗਿਆ। ਅਗਲੇ ਦਿਨ ਜਦੋਂ ਮੈਨੂੰ ਉਸ ਅੱਗੇ ਪੇਸ਼ ਕੀਤਾ ਗਿਆ ਤਾਂ ਉਸ ਅਫਸਰ ਨੇ ਮੁਲਤਾਨ ਦੇ ਮੁਹਾਸਰੇ ਦੀ ਖਬਰ ਸੁਣ ਲਈ ਸੀ। ਮੈਨੂੰ ਸਜ਼ਾ ਦੇਣ ਦੀ ਬਜਾਏ ਉਸ ਰਿਹਾ ਕਰ ਦਿੱਤਾ ਇਹ ਕਹਿੰਦਿਆਂ ਕਿ ਗੁਰੂ ਦੇ ਬਚਨ ਪੂਰੇ ਹੋ ਗਏ ਹਨ।....ਫਿਰ ਜਦੋਂ ਚਤਰ ਸਿੰਘ ਅਟਾਰੀ ਵਾਲਾ ਪੇਸ਼ਾਵਰ ਆਇਆ ਤਾਂ ਸਾਰੇ ਸਿੱਖ ਸਵਾਰ ਉਸ ਨਾਲ ਸ਼ਾਮਿਲ ਹੋ ਗਏ। ਯੋਰਪੀਨ ਅਫਸਰ ਸੁਲਤਾਨ ਮੁਹੰਮਦ ਖਾਨ ਅਤੇ ਪੀਰ ਮੁਹੰਮਦ ਖਾਨ ਨਾਲ ਕੋਹਾਟ ਚਲੇ ਗਏ। ਜਦੋਂ ਕਰਨਲ ਨਿਕਲਸਨ ਚਤਰ ਸਿੰਘ 'ਤੇ ਹਮਲਾ ਕਰਨ ਲਈ ਵਧ ਰਿਹਾ ਸੀ ਸੁਲਤਾਨ ਮੁਹੰਮਦ ਖਾਨ ਨੇ ਯੋਰਪੀਨ ਅਫਸਰ ਨੂੰ ਫੜ ਕੇ ਸ. ਚਤਰ ਸਿੰਘ ਦੇ ਹਵਾਲੇ ਕਰ ਦਿੱਤਾ। ਇਕ ਹੋਰ ਸਿਪਾਹੀ ਕਰਮ ਸਿੰਘ ਨੂੰ ਮੈਂ ਪੰਝੀ ਰੁਪਏ ਦਿੱਤੇ ਅਤੇ ਅਸਾਂ ਦੋਵਾਂ ਰਾਤ ਨੂੰ ਕਰਨਲ ਨੂੰ ਭਜਾ ਦਿੱਤਾ। ਉਹਨੇ ਮੈਨੂੰ ਦੱਸਿਆ ਸੀ ਕਿ ਉਸ ਦਾ ਇਕ ਭਰਾ ਲਹੌਰ ਹੈ ਤੇ ਦੂਜਾ ਅੰਮ੍ਰਿਤਸਰ ਵਿਚ।

"ਗੁਜਰਾਤ ਦੀ ਜੰਗ ਵਿਚ ਮੈਂ ਆਪਣੇ ਪੁਰਾਣੇ ਕਮਾਂਡਰ ਅਤਰ ਸਿੰਘ ਗੰਜਰਾਂਵਾਲਾ ਦੀ ਅਗਵਾਈ ਹੇਠ ਲੜਿਆ। ਸ਼ੇਖ ਇਮਾਮਦੀਨ ਜੋ ਅੰਗਰੇਜ਼ਾਂ ਨਾਲ ਰਲ ਚੁੱਕਾ ਸੀ ਉਹਨੇ ਅਫਗਾਨਾਂ ਅਤੇ ਅਤਰ ਸਿੰਘ ਨੂੰ ਵੀ ਖਰੀਦ ਲਿਆ। ਨਤੀਜਤਨ ਅਫਗਾਨ ਅਤੇ ਅਤਰ ਸਿੰਘ ਦੀ ਰੈਜੀਮੈਂਟ ਨੱਸ ਗਈ ਤੇ ਮਗਰੇ ਹੀ ਸਾਰੀ ਸਿੱਖ ਸੈਨਾ ਵੀ।

"ਰਾਵਲਪਿੰਡੀ ਅਸਾਂ ਸਾਰਿਆਂ ਨੇ ਹਥਿਆਰ ਸੁੱਟ ਦਿੱਤੇ। ਮੈਂ ਸਿੱਖ ਸੈਨਾ ਵਿਚ ੨੨ ਸਾਲ ਤੋਂ ਵੱਧ ਰਿਹਾ। ਦੋ ਸਾਲਾਂ ਬਾਅਦ ਮੈਂ ਚੌਥੀ ਵਾਰ ਕਾਬਲ ਗਿਆ। ਮੈਂ ਇਥੇ ਅੱਠ ਮਹੀਨੇ ਭਾਈ ਪਿਰਾਣਾ ਦੀ ਧਰਮਸ਼ਾਲਾ ਵਿਚ ਰਿਹਾ ਜਿਹੜੀ ਸ਼ੋਰ ਬਾਜ਼ਾਰ ਦੇ ਨੇੜੇ ਲਾਹੌਰੀ ਸਰਾਇ ਵਿਚ ਵਾਕਿਆ ਹੈ। ਉਦੋਂ ਅਮੀਰ ਦੋਸਤ ਮੁਹੰਮਦ ਸੱਤਾ ਵਿਚ ਸੀ। ਘਰ ਵਾਪਸ ਆ ਕੇ ਮੈਂ ਤਿੰਨ ਸਾਲ ਤੱਕ ਪੰਜਾਬ ਵਿਚ ਹੀ ਰਿਹਾ। ਆਪਣੀਆਂ ਪੈਲੀਆਂ ਵਾਹੁੰਦਾ ਰਿਹਾ। ਪੰਜਵੀਂ ਵੇਰ ਮੈਂ ਮੌਸਮ ਬਹਾਰ ਵਿਚ ਪੰਜਾਬ ਛੱਡਿਆ ਤੇ ਪਤਝੜ ਵਿਚ ਵਾਪਸ ਪਰਤਿਆ। ਕੋਈ ਬਾਰਾਂ ਸਾਲ ਪਹਿਲਾਂ ਮੈਂ ਛੇਵੀਂ ਵੇਰ ਕਾਬਲ ਗਿਆ ਤੇ ਫਿਰ ਚਾਰ ਸਾਲ ਤੱਕ ਉਥੇ ਰਿਹਾ। ਜਦੋਂ ਸ਼ੇਰ ਅਲੀ ਖਾਨ ਅੰਬਾਲੇ ਆਇਆ ਸੀ ਮੈਂ ਕਾਬਲ ਵਿਚ ਸਾਂ। ਮੇਰੀ ਪਤਨੀ ਅਤੇ ਦੋਵੇਂ ਪੁੱਤਰ ਜੀਵਨ ਸਿੰਘ ਤੇ ਗੁਰਦਿੱਤ ਸਿੰਘ ਮੈਨੂੰ ਉਥੇ ਆ ਮਿਲੇ ਸਨ। ਗੁਰਦਿੱਤ ਸਿੰਘ ਪੇਸ਼ਾਵਰ ਦੀ ਦੇਸੀ ਸੈਨਾ ਰੈਜੀਮੈਂਟ ਦੀ ਪੈਦਲ ਫੌਜ ਵਿਚ ਸਿਪਾਹੀ ਸੀ। ਮੇਰੇ ਕੋਲ ਆਉਣ ਲਈ ਉਸ ਨਾਂ ਕਟਵਾ ਲਿਆ ਸੀ। ਦੋ ਕੁ ਮਹੀਨੇ ਕਾਬਲ ਰਹਿਣ ਬਾਅਦ ਦੋਵੇਂ ਮੇਰੇ ਪੁੱਤਰ ਪੇਸ਼ਾਵਰ ਦੇ ਰਸਤੇ ਵਾਪਸ ਘਰ ਪਰਤ ਗਏ। ਮੇਰਾ ਇਕ ਦੇਵੀ ਸਹਾਇ ਨਾਂ ਦਾ ਸੇਵਕ ਸਾਨੂੰ ਦੋਵਾਂ ਨੂੰ ਗਜ਼ਨੀ ਲੈ ਗਿਆ ਅਤੇ ਉਥੋਂ ਪੋਵਿੰਦਾਸ ਨਾਲ ਡੇਰਾ ਇਸਮਾਈਲ ਖਾਨ ਆ ਗਏ। ਮੇਰੀ ਛੇਵੀਂ ਕਾਬਲ ਯਾਤਰਾ


Namdhari Elibrary NamdhariElibrary@gmail.com

ਤੋਂ ਕੁਝ ਸਮਾਂ ਪਹਿਲਾਂ ਹੀ ਮੈਨੂੰ ਸਿਆਲਕੋਟ ਜ਼ਿਲ੍ਹੇ ਦੇ ਥਾਣਾ ਕਿਲ੍ਹਾ ਸੋਭਾ ਸਿੰਘ ਦੇ ਪਿੰਡ ਗਿੱਲ ਦੇ ਮਹੰਤ ਜੋਤਾ ਸਿੰਘ ਨੇ ਕੂਕਾ ਬਣਾ ਦਿੱਤਾ ਸੀ। ਮਲੇਰਕੋਟਲੇ ਦੇ ਰਾਮਰੌਲੇ ਵੇਲੇ ਮੈਂ ਆਪਣੇ ਪਿੰਡ ਸਾਂ।

"ਕੁਝ ਸਮੇਂ ਬਾਅਦ ੧੩-੧੪ ਸਾਲਾਂ ਦੇ ਪੋਤਰੇ ਈਸ਼ਰ ਸਿੰਘ ਨੂੰ ਲੈ ਕੇ ਫਿਰ ਕਾਬਲ ਗਿਆ ਅਤੇ ੪-੫ ਮਹੀਨੇ ਉਥੇ ਰਿਹਾ।

"ਹੁਣ ਤੋਂ ਕੋਈ ਢਾਈ ਵਰ੍ਹੇ ਪਹਿਲਾਂ ਫਿਰ ਆਖਰੀ ਵੇਰ ਮੈਂ ਕਾਬਲ ਗਿਆ। ਹਜਰੋਂ ਮੈਨੂੰ ਇਕ ਬੇਦੀ ਨੇ ਕਿਹਾ ਸੀ ਕਿ ਮੈਂ ਸਵਾਤ ਵੱਲ ਸਫਰ ਕਰਾਂ ਕਿਉਂ ਜੁ ਉਥੇ ਚੋਖੇ ਹਿੰਦੂ ਹਨ। .... ਸਵਾਤ ਮੈਂ ਇਕ ਵਰ੍ਹਾ ਰਿਹਾ ਪਰ ਕਿਸੇ ਥਾਂ ਜਾਂ ਬੰਦਿਆਂ ਦਾ ਨਾਮ ਯਾਦ ਨਹੀਂ।.... ਪੇਸ਼ ਬੋਲਾਕ ਦੇ ਦੱਖਣ-ਪੱਛਮ ਵੱਲ ਪਹਾੜਾਂ ਵਿਚ ਇਕ ਸਾਲ ਰਿਹਾ। ... ਲੋਗਾਰ ਘਾਟੀ ਦੇ ਖੱਬੇ ਪਾਸੇ ਕਾਬਲ ਤੋਂ ੬੦ ਮੀਲ ਪਰ੍ਹੇ ਰਿਹਾ।... ਅਬਦੁਲ ਰਹਿਮਾਨ ਖਾਨ ਦੇ ਸ਼ਹਿਰ ਆਉਣ ਦੇ ੨੨ ਦਿਨ ਬਾਅਦ ਮੈਂ ਆਇਆ ਸਾਂ।

"ਢਾਈ ਮਹੀਨੇ ਕਾਬਲ ਕੱਟ ਕੇ ਫਿਰ ਪੇਸ਼ਾਵਰ ਆ ਗਿਆ....." [4]

ਇਥੋਂ ਫਿਰ ਉਹ ਪੰਜਾਬ ਵਿਚ ਆਪਣੇ ਪਿੰਡ ਤੱਕ ਪਹੁੰਚਣ ਲਈ ਕੀਤੇ ਸਫਰ ਦੇ ਬਾਰੀਕ ਵੇਰਵੇ ਦਿੰਦਾ ਹੈ। ਪਿੰਡ ਪਹੁੰਚਣ ਤੇ ਉਹ ਚੌਕੀਦਾਰ ਨੂੰ ਆਪਣੇ ਪਿੰਡ ਪਹੁੰਚਣ ਦੀ ਇਤਲਾਹ ਦਿੰਦਾ ਹੈ ਤੇ ਜਦੋਂ ਅਗਲੇ ਦਿਨ ਉਹ ਖੁਦ ਥਾਣੇ ਜਾਣਾ ਚਾਹੁੰਦਾ ਹੈ ਤਾਂ ਰਸਤੇ ਵਿਚ ਗ੍ਰਿਫਤਾਰ ਕਰ ਲਿਆ ਜਾਂਦਾ ਹੈ। ਉਹ ਅੰਗ੍ਰੇਜ਼ ਅਧਿਕਾਰੀਆਂ ਮੁਤਾਬਿਕ ਕੋਈ ਵੀ ਕੰਮ ਦੀ ਗੱਲ, ਉਸਦੇ ਮੱਧ ਏਸ਼ੀਆ ਦੌਰੇ ਦੀ, ਉਹਨਾਂ ਦੇ ਕੰਨੀਂ ਨਹੀਂ ਪਾਉਂਦਾ, ਸਗੋਂ ਬੜੀ ਚਾਲਾਕੀ ਨਾਲ ਇਹ ਕਹਿੰਦਾ ਹੈ ਕਿ ਉਸ ਦੇ ਅਫਗਾਨਿਸਤਾਨ ਵਿਚ ਬੜੇ ਸੇਵਕ ਹਨ ਤੇ ਉਹ ਉਥੇ ਜਾ ਸਕਦਾ ਹੈ। ਸਰਕਾਰ ਅੰਗ੍ਰੇਜ਼ੀ ਦੀ ਜੇ ਕੋਈ ਖ਼ਿਦਮਤ ਹੋਵੇ ਤਾਂ ਉਹ ਕਰਨ ਲਈ ਤਿਆਰ ਹੈ। ਉਹ ਇਹ ਵੀ ਦੱਸਦਾ ਹੈ ਕਿ ਪਿੱਛੋਂ 'ਡੇਹਰੇ ਬਾਬੇ ਨਾਨਕ' ਦਾ ਇਕ ਗੰਡਾ ਸਿੰਘ ਬੇਦੀ ਉਹਨੂੰ ਕਾਬਲ ਵਿਚ ਮਿਲਿਆ ਜੋ ਸੂਤੀ ਕੱਪੜੇ ਖਰੀਦਣ ਆਇਆ ਸੀ ਉਸ ਦੀ ਕਿਰਮੀਨਾ-ਬੋਖਾਰਾ ਦੇ ਇਲਾਕੇ ਵਿਚ ਦੁਕਾਨ ਹੈ ਤੇ ਮਹਾਰਾਜਾ ਕਸ਼ਮੀਰ ਦੇ ਰੂਸੀ ਸਰਹੱਦ ਵਿਚ ਉਸ ਦੇ ਦੱਸਣ ਮੁਤਾਬਿਕ ਦੋ ਜਾਸੂਸ ਹਨ, ਇਕ ਕਰਮ ਚੰਦ ਡੋਗਰਾ ਹੈ ਤੇ ਦੂਜਾ ਅਗਲੇ ਇਕ ਦੰਦ ਤੋਂ ਵਿਰਵਾ ਠੋਡੀ ਮੁਨਾਈ ਫਿਰਦਾ ਇਕ ਹਿੰਦੂ ਹੈ। ਇਸ ਤਰ੍ਹਾਂ ਉਹ ਆਪਣੇ ਵਿਚ ਅੰਗਰੇਜ਼ਾਂ ਦੀ ਉਤਸੁਕਤਾ ਜਗਾਉਣ ਦੀ ਕੋਸ਼ਿਸ਼ ਕਰਦਾ ਹੈ।

ਹੁਣ ਅਸੀਂ ਗੁਰਚਰਨ ਸਿੰਘ ਦੇ ਅਸਲ ਮਕਸਦ ਵੱਲ ਪਰਤਦੇ ਹਾਂ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰਚਰਨ ਸਿੰਘ ਵੱਡੇਰੀ ਉਮਰ ਦੇ ਬਾਵਜੂਦ ਵੀ ਬਹੁਤ ਤਿਆਰ ਬਰ ਤਿਆਰ, ਕਦੇ ਥਕੇਵੇਂ ਨੂੰ ਆਪਣੇ ਨੇੜੇ ਨਾ ਫਟਕਣ ਦੇਣ ਵਾਲਾ, ਆਪਣੇ ਮਿਸ਼ਨ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਵਿਅਕਤੀ ਹੈ। ੧੯੬੭ ਈ. ਵਿਚ ਜਦੋਂ ਗੁਰੂ ਰਾਮ ਸਿੰਘ ਜੀ ਪੱਛਮੀ ਪੰਜਾਬ ਦੇ ਦੌਰੇ 'ਤੇ ਗਏ ਤਾਂ ਆਪ ਨੇ 'ਚੱਕ ਪਿਰਾਣਾ' ਜਾਂ 'ਚੱਕ ਰਾਮਦਾਸ' ਪਿੰਡ ਵਿਚ ਵੀ ਗੁਰਚਰਨ ਸਿੰਘ ਦੀ ਬੇਨਤੀ ਤੇ ਦਰਸ਼ਨ ਦਿੱਤੇ ਕਿਉਂਕਿ ਦੋਵੇਂ ਹੀ ਕਿਸੇ ਸਮੇਂ ਕੰਵਰ ਨੌ ਨਿਹਾਲ ਸਿੰਘ ਵਾਲੀ ਰਜਮੈਂਟ ਵਿਚ ਰਹਿ ਚੁੱਕੇ ਸਨ ਇਸ ਲਈ ਅਜਿਹਾ ਹੋ ਨਹੀਂ ਸਕਦਾ ਕਿ ਉਹ ਦੋਵੇਂ ਇਕ ਦੂਜੇ ਲਈ ਓਪਰੇ ਹੋਣ। ਸਤਿਗੁਰੂ ਜੀ ਦੇ ਵਿਰਕ-ਤੱਪੇ ਵਿਚ ਵੀ ਪਹਿਲੀ ਵੇਰ ਚਰਨ ਪਾਉਣ ਦਾ ਇਹੋ ਵਰ੍ਹਾ ਸੀ। ਇਸ ਲਈ ਪੁਰਾਣੀ ਸਾਂਝ ਵੀ ਕੰਮ ਕਰ ਰਹੀ ਸੀ ਅਤੇ ਗੁਰਚਰਨ ਸਿੰਘ ਦੀ ਵਿਦੇਸ਼ੀ ਹਾਕਮਾਂ ਪ੍ਰਤੀ ਨਫਰਤ ਦੀ ਭਾਵਨਾ ਵੀ, ਜਿਹੜੀ ਉਸ ਨੂੰ ਨਾਮਧਾਰੀ ਸਤਿਗੁਰੂ ਜੀ ਦੇ ਭਰਪੂਰ ਸਵਾਗਤ ਸਤਿਕਾਰ ਲਈ ਖਿੱਚ ਲੈ ਗਈ। ਉਸ ਦੀ ਪ੍ਰੇਮ ਭਾਵਨਾ ਅਤੇ ਬੁੱਧ ਬਬੇਕ ਨੇ ਸਤਿਗੁਰੂ ਜੀ ਨੂੰ ਏਨਾ ਪ੍ਰਸੰਨ ਕੀਤਾ ਕਿ ਆਪ ਨੇ ਪੁਰਾਣੇ ਮਿੱਤਰ ਨੂੰ ਤੁਰੰਤ 'ਮਹੰਤ' ਪਦਵੀ ਨਾਲ ਨਿਵਾਜ ਦਿੱਤਾ। ਇਹ ਵੀ ਉਨ੍ਹਾਂ ਦੀ ਪਾਰਖੂ ਅੱਖ ਦਾ ਕਮਾਲ ਹੈ ਕਿ ਬਿਨਾ ਸ. ਮੰਗਲ ਸਿੰਘ ਬਿਸ਼ਨਪੁਰੀਏ ਦੇ ਕੋਈ ਵੀ ਕੂਕਾ ਆਗੂ ਪਰਖ ਦੀ ਘੜੀ ਵਿਚ ਥਿੜਕਿਆ ਡੋਲਿਆ ਨਹੀਂ। ਪਰ ਮੰਗਲ ਸਿੰਘ ਨੂੰ ਵੀ ਆਪ ਨੇ ਸਿਰਫ ਸਰਦਾਰ ਹੀ ਰਹਿਣ ਦਿੱਤਾ ਸੀ-ਮਹੰਤ ਜਾਂ ਸੂਬਾ ਪਦ ਦੀ ਬਖਸ਼ਿਸ਼ ਨਹੀਂ ਕੀਤੀ ਸੀ।

ਗੁਰਚਰਨ ਸਿੰਘ ਦਾ ਰੂਸ ਜਾਣ ਦਾ ਮਕਸਦ ਸਤਿਗੁਰੂ ਰਾਮ ਸਿੰਘ ਅਤੇ ਗੁਰੂ ਹਰੀ ਸਿੰਘ ਜੀ ਦੇ ਪੱਤਰ, ਰੂਸੀ ਹਾਕਮਾਂ ਤੱਕ ਪੁਚਾ ਕੇ, ਸਮੁੱਚੇ ਨਾਮਧਾਰੀ ਪੰਥ ਵੱਲੋਂ ਰੂਸੀਆਂ ਦੀ ਇਮਦਾਦ ਦਾ ਭਰੋਸਾ ਦੇ ਕੇ, ਉਨ੍ਹਾਂ ਦੇ ਸੈਨਿਕ ਬਲ ਨਾਲ ਇਥੋਂ ਅੰਗਰੇਜ਼ਾਂ ਦਾ ਬਿਸਤਰਾ ਗੋਲ ਕਰਨਾ ਸੀ। ਪੀ. ਸੀ. ਰਾਏ ਲਿਖਦੇ ਹਨ: "ਅੰਗ੍ਰੇਜ਼ ਤੇ ਅਫਗਾਨ ਹਾਕਮਾਂ ਦੀ ਸਾਵਧਾਨ ਨਜ਼ਰ ਤੋਂ ਬਚ ਕੇ ਜੰਗ ਨਾਲ ਤਬਾਹ ਹੋਏ ਦੇਸ਼ ਦੇ ਵਿਚੋਂ ਦੀ ਲੰਘ ਕੇ ਜਾਣ ਲਈ ਖਾਸ ਕਿਸਮ ਦੀ ਦਲੇਰੀ ਤੇ ਬੁੱਧੀਮਤਾ ਦੀ ਲੋੜ ਸੀ। ਕੂਕਾ ਅੰਦੋਲਨ ਦੇ ਅੰਤਿਮ ਅਧਿਆਏ ਦੇ ਨਾਇਕ ਬਾਬਾ ਗੁਰਚਰਨ ਸਿੰਘ ਨੇ ਆਪਣਾ ਸਿਰ ਤਲੀ ਤੇ ਧਰ ਕੇ ਇਹ ਵੱਡੀ ਜ਼ਿੰਮੇਵਾਰੀ ਸੰਭਾਲ ਲਈ।....



Namdhari Elibrary NamdhariElibrary@gmail.com

"ਅੰਗ੍ਰੇਜ਼ ਤੇ ਅਫਗਾਨ ਹਾਕਮਾਂ ਦੀ ਸਾਵਧਾਨ ਨਜ਼ਰ ਤੋਂ ਬਚਦਾ ਹੋਇਆ ਗੁਰਚਰਨ ਸਿੰਘ ੯ ਮਈ ੧੮੭੯ ਈ. ਨੂੰ ਰੂਸੀ ਤੁਰਕਿਸਤਾਨ ਦੇ ਸਰਹੱਦੀ ਸ਼ਹਿਰ 'ਕੱਟਾਕੁਰਘਾਨ' ਜਾ ਪਹੁੰਚਾ। ਇਸ ਬਿਰਧ ਸਿੱਖ ਦੀ ਆਮਦ ਅਤੇ ਖਾਸ ਕਰਕੇ ਉਸ ਦੇ ਹੱਥ ਵਿਚਲੀ ਚਿੱਠੀ ਨੇ ਸ਼ਹਿਰ ਵਾਸੀਆਂ ਵਿਚ ਕਾਫੀ ਹਲਚਲ ਮਚਾ ਦਿੱਤੀ। ਜਰਾ ਵਾਸਹਾਸਕ ਦੇ ਹਾਕਮ (ਮੇਜਰ) ਜਨਰਲ ਐਨ.ਈ. ਈਵਾਨੋਵ ਕੋਲ ਖਬਰ ਪਹੁੰਚਣ 'ਤੇ ਉਸ ਨੇ ਗੁਰਚਰਨ ਸਿੰਘ ਨੂੰ ਸਮਰਕੰਦ ਆਉਣ ਲਈ ਸੱਦਾ ਘੱਲਿਆ ਪਰ ਈਵਾਨੋਵ ਨੂੰ ਗੁਰਮੁਖੀ ਅੱਖਰਾਂ ਵਿਚ ਲਿਖੀ ਚਿੱਠੀ ਦਾ ਭਾਵ ਸਮਝਾਉਣਾ, ਭਾਸ਼ਾ ਦੀ ਦੂਰੀ ਕਰਕੇ ਗੁਰਚਰਨ ਸਿੰਘ ਲਈ ਲਗਭਗ ਅਸੰਭਵ ਸੀ। ਖੁਸ਼ਕਿਸਮਤੀ ਨੂੰ ਸਮਰਕੰਦ ਦਰਬਾਰ ਵਿਚ ਗਏ ਹੋਏ ਇਕ ਭਾਰਤੀ ਵਪਾਰੀ ਨੇ ਪਹਿਲਾਂ ਉਸ ਚਿੱਠੀ ਦਾ ਫਾਰਸੀ ਭਾਸ਼ਾ ਵਿਚ ਤਰਜਮਾ ਕੀਤਾ। ਫਾਰਸੀ ਤੋਂ ਰੂਸੀ ਭਾਸ਼ਾ ਵਿਚ ਉਲਥਾਉਣਾ ਓਨਾ ਔਖਾ ਕੰਮ ਨਹੀਂ ਸੀ, ਕਿਉਂਕ ਮੱਧ ਏਸ਼ੀਆ ਵਿਚ ਫਾਰਸੀ ਤੇ ਰੂਸੀ ਭਾਸ਼ਾਵਾਂ ਜਾਨਣ ਵਾਲੇ ਬਹੁਤ ਸਨ।ਇਸ ਚਿੱਠੀ ਵਿਚ ਰੂਸੀ ਹਾਕਮ ਨੂੰ ਸੰਬੋਧਨ ਕਰ ਕੇ ਲਿਖਿਆ ਗਿਆ ਸੀ।

"ਸੰਤ ਖਾਲਸੇ ਵੱਲੋਂ ਸਤਿ ਸ੍ਰੀ ਅਕਾਲ ਪਹੁੰਚੇ। ਮੈਂ ਆਪਣੇ ਸਹਿਯੋਗੀ ਗੁਰਚਰਨ ਸਿੰਘ ਨੂੰ ਆਪ ਵੱਲ ਭੇਜ ਰਿਹਾ ਹਾਂ। ਇਹ ਆਪ ਨੂੰ ਸਾਰੀ ਗੱਲ ਖੋਹਲ ਕੇ ਦੱਸੇਗਾ।

"ਗੁਰੂ ਗੋਬਿੰਦ ਸਿੰਘ ਜੀ ਬਹੁਤ ਚਿਰ ਪਹਿਲਾਂ ਆਖ ਗਏ ਸਨ-ਔਰੰਗਜ਼ੇਬ ਦੇ ਅੱਤਿਆਚਾਰ ਤੋਂ ਖ਼ਾਲਸੇ ਦੇ ਮੁਕਤ ਹੋ ਜਾਣ ਤੇ, ਅੰਗ੍ਰੇਜ਼ ਉਸ ਨੂੰ ਹਰਾ ਕੇ ਰਾਜ ਕਰਨਾ ਸ਼ੁਰੂ ਕਰ ਦੇਣਗੇ। ਉਸ ਤੋਂ ਬਾਅਦ ਰੂਸ ਆਏਗਾ, ਉਹ ਜਿੱਤੇਗਾ ਤੇ ਅੰਗ੍ਰੇਜ਼ਾਂ ਨੂੰ ਭਾਜੜਾਂ ਪੈਣਗੀਆਂ। ਗੁਰੂ ਨਾਨਕ ਨੇ ਆਪ ਆਖਿਆ ਹੈ: ਪਵਿੱਤਰ ਧਰਮ ਰੱਖਿਆ ਲਈ ਮੈਂ ਫਿਰ ਦੇਹ ਰੂਪ ਵਿਚ ਆਵਾਂਗਾ। ਸ਼ੇਸ਼ ਨਾਗ ਪ੍ਰਿਥਵੀ ਦਾ ਆਸਰਾ ਹੈ, ਉਸ ਦਾ ਅੰਤ ਹੈ; ਪਰ ਬ੍ਰਹਮਾ ਤੇ ਵਿਸ਼ਨੂੰ ਜਿਹਨਾਂ ਦਾ ਆਧਾਰ ਸੱਤਿ ਤੇ ਦਇਆ ਹੈ, ਉਨ੍ਹਾਂ ਦਾ ਅੰਤ ਨਹੀਂ। ਮੈਂ ਇਕ ਖੂਨੀ ਸੰਗਰਾਮ ਸ਼ੁਰੂ ਕਰਾਂਗਾ। ਪਰ ਸਾਧੂ ਸੱਜਣ ਇਸ ਲਹੂ ਦੇ ਹੜ੍ਹ ਨੂੰ ਵੇਖ ਨਹੀਂ ਡਰਨਗੇ ਕਿਉਂਕਿ ਛੁਟਕਾਰਾ ਲਹੂ-ਵਹਿਣ ਰਾਹੀਂ ਆਵੇਗਾ। ਲਹੌਰ ਵਿਚ ਜਦੋਂ ਜੰਗ ਹੋਵੇਗੀ ਉਦੋਂ ਲਹੂ ਦੀ ਨਦੀ ਚੱਲੇਗੀ। ਦੁਸ਼ਮਣ ਨੂੰ ਹਥਿਆਰ ਤੇ ਘੋੜੇ ਨਹੀਂ ਲੱਭਣਗੇ। ਇਕ ਦਿਨ ਲਈ ਇਕ ਰੁਪਈਆ ਦੇਣਾ ਮੰਨਣ ਤੇ ਵੀ ਉਹਨਾਂ ਨੂੰ ਭਾੜੇ ਦੇ ਸਿਪਾਹੀ ਨਹੀਂ ਮਿਲਣਗੇ-ਅਕਾਲ ਪੁਰਖ ਸਾਡੀ ਸਹਾਇਤਾ ਤੇ ਆਵੇਗਾ-ਉਸ ਦੀ ਜੈ ਹੋਵੇਗੀ ਹੀ।

"ਸਾਡੇ ਹੱਥ ਵਿਚ ਤਿੰਨ ਲੱਖ ਪੰਦਰਾਂ ਹਜ਼ਾਰ ਫੌਜ ਹੈ। ਲੋੜ ਪੈਣ 'ਤੇ ਹੋਰ ਵੀ ਇਕੱਠੀ ਕਰਨੀ ਮੁਸ਼ਕਿਲ ਨਹੀਂ ਹੋਵੇਗੀ। ਅੰਗਰੇਜ਼ ਭਾਰਤ ਵਰਸ਼ ਉਤੇ ਚੌਂਤੀ ਸਾਲ ਰਾਜ ਕਰੇਗਾ। ਬੱਤੀ ਸਾਲ ਬੀਤ ਗਏ ਹਨ। ਬਾਕੀ ਸਿਰਫ ਦੋ ਸਾਲ ਹਨ। ਅਕਾਲ ਪੁਰਖ ਆਪ ਅੰਗ੍ਰੇਜ਼ਾਂ ਦੀਆਂ ਬੈਰਕਾਂ ਖਾਲੀ ਕਰਾਏਗਾ। ਸਾਰੇ ਸਿੱਖ ਬਗਾਵਤ ਦਾ ਐਲਾਨ ਕਰਨਗੇ, ਅਸੀਂ ਜੰਗ ਕਰਾਂਗੇ।

"ਜਿਸ ਥਾਂ 'ਤੇ ਜਿੰਨੇ ਨਾਮਧਾਰੀ ਸਿੱਖ ਹਨ, ਉਹ ਸਾਰੇ ਇਸ ਮੁਕਤੀ ਸੰਗਰਾਮ ਵਿਚ ਨਿੱਤਰਨਗੇ। ਇਸ ਯੁੱਧ ਵਿਚ ਨਾਮਧਾਰੀ ਸਿੰਘਾਂ ਨਾਲ ਰਲਕੇ ਜਿਹੜੇ ਅੰਗ੍ਰੇਜ਼ ਦੀ ਗੋਲੀ ਨਾਲ ਸ਼ਹੀਦ ਹੋਣਗੇ, ਉਹ ਅਕਾਲ ਪੁਰਖ ਦੇ ਸੱਚੇ ਸੇਵਕ ਹੋਣਗੇ।

"ਗੁਰੂ ਨਾਨਕ ਨੇ ਦ੍ਰਿੜਤਾ ਨਾਲ ਐਲਾਨ ਕੀਤਾ ਸੀ, ਤੁਸੀਂ ਜ਼ਰੂਰ ਹੀ ਸਾਡੀ ਸਹਾਇਤਾ ਕਰੋਗੇ। ਤਿੰਨ ਲੱਖ ਪੰਦਰਾਂ ਹਜ਼ਾਰ ਸਿੱਖ ਤੁਹਾਡੇ ਨਾਲ ਹੋਣਗੇ। ਹੋਰ ਵੀ ਬੇਅੰਤ ਰਲ ਜਾਣਗੇ। ਤੁਸੀਂ ਆਣ ਕੇ ਸਾਨੂੰ ਜਿਵੇਂ ਚਲਾਓਗੇ ਅਸੀਂ ਉਸੇ ਤਰ੍ਹਾਂ ਹੀ ਚੱਲਾਂਗੇ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਪੁੱਛਿਆ ਗਿਆ ਸੀ ਕਿ ਯੁੱਧ ਕਿੱਥੇ ਹੋਵੇਗਾ ਤਾਂ ਉਨ੍ਹਾਂ ਜੁਆਬ ਵਿਚ ਕਿਹਾ ਸੀ, ਪਹਿਲਾਂ ਕਾਬਲ ਪਹਾੜ ਤੇ ਫਿਰ ਖਾਸ ਕਾਬਲ ਵਿਚ, ਉਸ ਤੋਂ ਬਾਅਦ ਜਮਰੋਦ, ਜੰਮੂ, ਲਾਹੌਰ ਤੇ ਫਿਰੋਜ਼ਪੁਰ ਵਿਚ। ਅੰਤਿਮ ਯੁੱਧ ਲੁਧਿਆਣੇ ਵਿਚ ਹੋਵੇਗਾ।

"ਬਾਬਾ ਬੁੱਧ ਸਿੰਘ (ਗੁਰੂ ਹਰੀ ਸਿੰਘ) ਸਭ ਕੁੰਜ ਜਾਣਦੇ ਹਨ। ਉਹ ਪਿੱਛੇ ਹਨ। ੩੪ ਸੂਬੇ ਉਨ੍ਹਾਂ ਦੇ ਹੁਕਮ ਵਿਚ ਹਨ।"

"ਇਸ ਚਿੱਠੀ ਨੇ ਰੂਸ ਦਰਬਾਰ ਵਿਚ ਰੂਸੀ ਹਾਕਮਾਂ ਨੂੰ ਦੰਗ ਕਰ ਦਿੱਤਾ। ਕਿਉਂਕਿ ਇਸ ਤੋਂ ਪਹਿਲਾਂ ਜਿਹੜੇ ਮੱਧ ਏਸ਼ੀਆ ਦੇ ਰੂਸੀ ਦਰਬਾਰ ਵਿਚ ਭਾਰਤ ਵਰਸ਼ ਦੀ ਪ੍ਰਤੀਨਿਧਤਾ ਕਰਨ ਆਏ ਸਨ, ਉਹ ਕਸ਼ਮੀਰ ਤੇ ਇੰਦੌਰ ਦੇ ਰਾਜਿਆਂ ਵੱਲੋਂ ਘੱਲੇ ਹੋਏ ਦੂਤ ਸਨ। ਗੁਰਚਰਨ ਸਿੰਘ ਇਕ ਬੇਪਛਾਣ ਆਮ ਹਿੰਦੁਸਤਾਨੀਆਂ ਦਾ ਪ੍ਰਤੀਨਿਧ ਸੀ। ਸੋ ਹਿੰਦੁਸਤਾਨ ਦੀ ਅਸਲ ਹਾਲਤ ਅਤੇ ਇਸ ਚਿੱਠੀ ਦੇ ਘੱਲਣ ਦੇ ਮੂਲ ਉਦੇਸ਼ ਬਾਰੇ ਗੁਰਚਰਨ ਸਿੰਘ ਨੂੰ ਅਨੇਕਾਂ ਤਰ੍ਹਾਂ ਦੇ ਸਵਾਲ ਪੁੱਛੇ ਗਏ। ਸਰਕਾਰੀ ਹਾਕਮ ਐਨ. ਏ. ਕਰੋਲਕੋਵ ਦੇ ਸੁਆਲਾਂ ਦੇ ਜੁਆਬ ਵਿਚ ਗੁਰਚਰਨ ਸਿੰਘ ਨੇ ਕਿਹਾ ਕਿ ਗੁਰੂ ਰਾਮ ਸਿੰਘ ਜੀ ਦੇ ਦੇਸ਼ ਨਿਕਾਲੇ ਤੋਂ ਬਾਅਦ ਉਨ੍ਹਾਂ ਦੇ ਭਰਾਤਾ ਬੁੱਧ ਸਿੰਘ ਜੀ ਨੇ ਕੂਕਾ ਸੰਪਰਦਾ ਦੀ ਅਗਵਾਈ ਸੰਭਾਲੀ ਹੈ। ਰੂਸੀ ਹਾਕਮਾਂ ਤੱਕ ਚਿੱਠੀ ਪੁਚਾ ਦੇਣ ਦੀ


Namdhari Elibrary NamdhariElibrary@gmail.com

ਜ਼ਿੰਮੇਵਾਰੀ ਉਨ੍ਹਾਂ ਨੇ ਆਪ ਗੁਰਚਰਨ ਸਿੰਘ ਨੂੰ ਸੌਂਪੀ ਹੈ। ਕਰੌਲਕੋਵ ਨੇ ਗੁਰਚਰਨ ਸਿੰਘ ਬਾਰੇ ਕਿਹਾ: ਗੁਰਚਰਨ ਸਿੰਘ ਦਾ ਅਟੁੱਟ ਵਿਸ਼ਵਾਸ ਹੈ ਕਿ ਰੂਸੀ ਫ਼ੌਜ ਦੇ ਭਾਰਤ ਵਰਸ਼ ਵਿਚ ਪੈਰ ਰੱਖਦਿਆਂ ਹੀ ਹਰ ਇਕ ਭਾਰਤ ਵਾਸੀ, ਬਿਨਾ ਜਾਤ-ਧਰਮ ਦਾ ਵਿਚਾਰ ਕੀਤਿਆਂ ਅੰਗਰੇਜ਼ਾਂ ਦੇ ਖਿਲਾਫ਼ ਬਗਾਵਤ ਕਰੇਗਾ। ਇਸ ਵਿਸ਼ਵਾਸ ਦੇ ਮੂਲ ਵਿਚ ਫਿਰੰਗੀ (ਅੰਗ੍ਰੇਜ਼ਾਂ) ਦੇ ਪੰਜਾਬ ਉਤੇ ਕਬਜ਼ੇ ਤੋਂ ਬਹੁਤ ਪਹਿਲਾਂ ਸਾਧੂ-ਸੰਤਾਂ ਦੀ ਭਵਿੱਖ-ਬਾਣੀ ਹੈ।

"ਕਰੌਲਕੋਵ ਦੀ ਇਸ ਰਾਇ ਵਿਚ ਖਾਸ ਕਰਕੇ ਦੱਸਿਆ ਗਿਆ ਹੈ ਕਿ ਗੁਰਚਰਨ ਸਿੰਘ ਆਪਣੇ ਦੇਸ਼ ਦੇ ਦੂਸਰੇ ਲੋਕਾਂ ਵਾਂਗ ਹੀ ਵਿਸ਼ਵਾਸ ਕਰਦਾ ਹੈ ਕਿ ਭਾਰਤ ਵਰਸ਼ ਉਤੇ ਕਬਜ਼ਾ ਕਰ ਲੈਣ 'ਤੇ ਵੀ ਰਾਜ ਭਾਗ ਸੰਭਾਲਣਾ ਜਾਂ ਭੋਗਣ ਦੀ ਇੱਛਿਆ ਰੂਸੀਆਂ ਵਿਚ ਨਹੀਂ ਹੈ।"[੫]

ਮੇਜਰ ਜਨਰਲ ਈਵਾਨੋਵ ਨੇ 'ਗੁਰਚਰਨ ਸਿੰਘ ਵਿਚੋਂ ਬੰਦੀ ਤੇ ਮਜ਼ਲੂਮ ਭਾਰਤ ਦੀ ਮੁਕਤ ਆਤਮਾ ਦੇ ਦਰਸ਼ਨ ਕੀਤੇ।' ਉਸ ਨੇ ਰੂਸੀ ਤੁਰਕਿਸਤਾਨ ਦੇ ਗਵਰਨਰ ਜਨਰਲ, ਕਾਰਡ ਕਮਿਆਨ ਪਾਸ, ਗੁਰਚਰਨ ਸਿੰਘ ਵੱਲੋਂ ਲਿਆਂਦਾ ਸਤਿਗੁਰੂ ਰਾਮ ਸਿੰਘ ਜੀ ਦਾ ਪੱਤਰ ਅਤੇ ਹੋਰ ਵੇਰਵੇ ਉਸ ਦੀ ਰਾਇ ਲੈਣ ਲਈ ਸੇਂਟ ਪੀਟਰਸਬਰਗ ਵਿਚ ਭੇਜ ਦਿੱਤੇ ਜਿਥੇ ਉਨ੍ਹਾਂ ਦਿਨਾਂ ਵਿਚ ਉਚ ਅਧਿਕਾਰੀ ਗਿਆ ਹੋਇਆ ਸੀ। ਗਵਰਨਰ ਜਨਰਲ ਨੇ ਇਕ ਭਾਰਤ ਵਿਗਿਆਨੀ ਪ੍ਰੋ. ਮਿਆਏਵ ਨਾਲ ਵਿਚਾਰ ਵਿਮਰਸ਼ ਕੀਤਾ, ਜਿਹਨੇ ਕੂਕਾ ਅੰਦੋਲਨ ਨੂੰ ਵਿਸਥਾਰ ਪੂਰਵਕ ਬਿਆਨ ਕੀਤਾ। ਪਰ ਕਿਉਂਕਿ ਰੂਸ ਅੰਗ੍ਰੇਜ਼ਾਂ ਨਾਲ ਉਸ ਸਮੇਂ ਕਿਸੇ ਝਗੜੇ ਵਿਚ ਪੈਣਾ ਨਹੀਂ ਸੀ ਚਾਹੁੰਦਾ। ਇਸ ਲਈ ਕਾਰਡ ਕਮਿਆਨ ਦੇ ਹੁਕਮ ਅਨੁਸਾਰ ਹੇਠਲਾ ਜੁਆਬ ਗੁਰਚਰਨ ਸਿੰਘ ਰਾਹੀਂ ਕੂਕਾ ਆਗੂਆਂ ਨੂੰ ਪਹੁੰਚਾਉਣ ਲਈ ਦਿੱਤਾ ਗਿਆ।

"ਗੁਰੂ ਰਾਮ ਸਿੰਘ ਜੀ ਅਤੇ ਬਾਬਾ ਬੁੱਧ ਸਿੰਘ ਜੀ ਨੂੰ ਸੈਨਾਪਤੀ ਅਤੇ ਗਵਰਨਰ ਜਨਰਲ ਵੱਲੋਂ ਨਮਸਕਾਰ ਪਹੁੰਚੇ। ਗੁਰਚਰਨ ਸਿੰਘ ਦੀ ਮਾਰਫਤ ਆਪ ਦੀ ਚਿੱਠੀ ਸਾਨੂੰ ਮਿਲ ਗਈ ਹੈ ਅਤੇ ਉਸ ਦਾ ਭਾਵ ਅਰਥ ਸਮਝ ਕੇ ਸਾਨੂੰ ਖੁਸ਼ੀ ਹੋਈ ਹੈ। ਇਹ ਤੱਥ ਪੂਰਨ ਖ਼ਬਰ ਘੱਲਣ ਲਈ ਅਸੀਂ ਆਪ ਦਾ ਧੰਨਵਾਦ ਕਰਦੇ ਹਾਂ। ਪਰ ਭਾਰਤ ਵਰਸ਼ ਦੀ ਪਰਿਸਥਿਤੀ ਤੇ ਘਟਨਾਵਲੀ ਬਾਰੇ ਹੋਰ ਜ਼ਿਆਦਾ ਵੇਰਵੇ ਭਰਪੂਰ ਜਾਣਕਾਰੀ ਦੀ ਲੋੜ ਹੈ।

"ਗੁਰੂ ਗੋਬਿੰਦ ਸਿੰਘ ਜੀ ਤੇ ਗੁਰੂ ਨਾਨਕ ਦੀ ਭਵਿੱਖ ਬਾਣੀ ਬਾਰੇ ਸਾਨੂੰ ਜਾਣਕਾਰੀ ਮਿਲ ਗਈ ਹੈ। ਸਭ ਕੁਝ ਅਕਾਲ ਪੁਰਖ ਦੀ ਇੱਛਿਆ ਅਨੁਸਾਰ ਹੀ ਹੋਵੇਗਾ। ਇਹ ਗੱਲ ਮਹਾਂਪੁਰਖ ਹੀ ਸਮਝ ਸਕਦੇ ਹਨ ਕਿ ਮੁਕਤੀ ਦਾ ਲਗਨ ਇਸ ਵੇਲੇ ਆ ਜਾਏ।"[੬]

ਅਕਤੂਬਰ ੧੮੭੯ ਈ. ਵਿਚ ਇਹ ਪੱਤਰ ਲੈ ਕੇ ਗੁਰਚਰਨ ਸਿੰਘ ਵਾਪਸ ਮੁੜਿਆ। ਹੁਣ ਅੰਗਰੇਜ਼ ਸਰਕਾਰ ਦਾ ਇਕ ਸੂਹੀਆ ਗੁਲਾਬ ਖਾਨ ਉਸ ਦਾ ਪਿੱਛਾ ਕਰ ਰਿਹਾ ਸੀ। ਦਰਅਸਲ ਗੁਲਾਬ ਖਾਨ ਦੋਹਰਾ ਰੋਲ ਅਦਾ ਕਰ ਰਿਹਾ ਸੀ। ਇਹ ਰੂਸੀਆਂ ਦਾ ਵੀ ਜਾਸੂਸ ਸੀ ਅਤੇ ਅੰਗਰੇਜ਼ ਸਰਕਾਰ ਦਾ ਵੀ। ਦੋਵਾਂ ਸਰਕਾਰਾਂ ਤੱਕ ਇਕ ਦੂਜੇ ਦੀਆਂ ਗੁਪਤ ਗਤੀਵਿਧੀਆਂ ਦੀ ਖ਼ਬਰ ਪਹੁੰਚਾਉਣਾ ਉਸ ਦੇ ਜ਼ਿੰਮੇ ਸੀ। ਪੇਸ਼ਾਵਰ ਦੀ ਇਕ ਸਰਾਂ ਵਿਚ ਗੁਰਚਰਨ ਸਿੰਘ ਤੋਂ ਉਹ ਨਾ ਸਿਰਫ ਉਸ ਦੀ ਰੂਸ ਫੇਰੀ ਤੋਂ ਜਾਣੂ ਹੋਇਆ ਸਗੋਂ ਰੂਸੀ ਹਾਕਮਾਂ ਦੇ ਨਾਂਅ ਗੁਰਚਰਨ ਸਿੰਘ ਵੱਲੋਂ ਲਿਖੇ ਦੋ ਪੱਤਰ ਹਾਸਲ ਕਰਨ ਵਿਚ ਵੀ ਸਫਲ ਹੋ ਗਿਆ। ਗੁਰਚਰਨ ਸਿੰਘ ਨੇ ਲਿਖਿਆ ਕਿ ਅੰਗਰੇਜ਼ਾਂ ਦੀ ਚੰਗੀ ਖੁੰਭ ਅਫਗਾਨਾਂ ਨੇ ਠੱਪ ਦਿੱਤੀ ਹੈ ਤੇ ਉਹ ਉਥੋਂ ਨੱਸ ਗਏ ਹਨ। ਕਿਉਂਕਿ ਗੁਲਾਬ ਖਾਨ ਨੇ ਗੁਰਚਰਨ ਸਿੰਘ ਦੇ ਪੱਤਰ ਰੂਸੀ ਹਾਕਮਾਂ ਦੀ ਬਜਾਏ ਪੇਸ਼ਾਵਰ ਦੇ ਕਮਿਸ਼ਨਰ ਨੂੰ ਪੁਚਾ ਦਿੱਤੇ। ਜਿਸ ਕਾਰਨ ਲਾਹੌਰ ਵਿਚ ਇਕ ਵੇਰ ਉਹਨੂੰ ਗ੍ਰਿਫਤਾਰ ਕਰ ਲਿਆ ਗਿਆ ਫਿਰ ਇਸੇ ਹਦਾਇਤ ਤੇ ਜ਼ਮਾਨਤ 'ਤੇ ਰਿਹਾ ਕਰ ਦਿੱਤਾ ਕਿ ਪੁਲਿਸ ਨੂੰ ਦੱਸੇ ਬਿਨਾ ਪਿੰਡੋਂ ਬਾਹਰ ਨਹੀਂ ਜਾਵੇਗਾ। ਪਰ ਗੁਰਚਰਨ ਸਿੰਘ ਪੁਲਿਸ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਭੈਣੀ ਸਾਹਿਬ ਪੁੱਜ ਗਿਆ ਅਤੇ ਰੂਸੀ ਹਾਕਮਾਂ ਦਾ ਪੱਤਰ ਗੁਰੂ ਰਾਮ ਸਿੰਘ ਜੀ ਤੱਕ ਮਰਗੋਈ ਵਿਖੇ ਪੁਚਾਉਣ ਲਈ ਗੁਰੂ ਹਰੀ ਸਿੰਘ ਜੀ ਨੂੰ ਅਰਪਣ ਕਰ ਆਇਆ। ਵਾਪਸ ਪਿੰਡ ਪੁੱਜਦਿਆਂ ਹੀ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰਕੇ ੧੮੧੮ ਦੇ ਬੰਗਾਲ ਰੈਗੂਲੇਸ਼ਨ ਦੀ ਧਾਰਾ ਤਿੰਨ ਤਹਿਤ ਮੁਲਤਾਨ ਵਿਚ ਨਜ਼ਰਬੰਦ ਕਰ ਦਿੱਤਾ। ਜ਼ਿਲ੍ਹਾ ਗੁਜਰਾਂਵਾਲਾਂ ਦੇ ਦੋ ਵਿਅਕਤੀਆਂ ਜੀਵਨ ਸਿੰਘ ਤੇ ਕਿ ਹੋਰ ਨੇ ਉਸ ਦੀ ਜ਼ਮਾਨਤ ਦਿੱਤੀ ਕਿ ਉਹ ਮੁਲਤਾਨ ਛੱਡ ਕੇ ਕਿਤੇ ਨਹੀਂ ਜਾਏਗਾ। ਹਫਤੇ ਵਿਚ ਦੋ ਵੇਰ ਉਹ ਮੁਲਤਾਨ ਦੇ ਥਾਣੇ ਵਿਚ ਹਾਜ਼ਰੀ ਲੁਆਉਣ ਜਾਂਦਾ ਸੀ। ਪੂਰੇ ਸੱਤ ਸਾਲ ਦੀ ਨਜ਼ਰਬੰਦੀ ਬਾਅਦ ਗੁਰਚਰਨ ਸਿੰਘ ਨੂੰ ੧੮੮੬ ਈ. ਵਿਚ ਰਿਹਾਈ ਮਿਲੀ ਪਰ ਨਾਨੂੰ ਸਿੰਘ ਅਤੇ ਹੋਰ ਰਿਹਾ ਕੀਤੇ ਕੂਕੇ ਸੂਬਿਆਂ ਵਾਂਗੂੰ ਇਸ ਸ਼ਰਤ 'ਤੇ ਕਿ ਉਹ ਭੈਣੀ ਸਾਹਿਬ ਨਹੀਂ ਜਾ ਸਕੇਗਾ।

ਹੁਣ ਇਸ ਪੱਤਰ ਨੂੰ ਜੋ ਗੁਰਚਰਨ ਸਿੰਘ ਭੈਣੀ ਸਾਹਿਬ ਲੈ ਕੇ ਆਇਆ ਸੀ, ਗੁਰੂ ਹਰੀ ਸਿੰਘ ਜੀ ਨੇ ਮਰਗੋਈ



Namdhari Elibrary NamdhariElibrary@gmail.com

ਪੁਚਾਉਣ ਵਾਸਤੇ ਸਿਰਹਾਲੀ (ਅੰਮ੍ਰਿਤਸਰ) ਦੇ ਪ੍ਰਸਿੱਧ ਕੂਕੇ ਸ਼ਾਮ ਸਿੰਘ ਨਾਲ ਸੰਪਰਕ ਸਾਧਿਆ। ਸ਼ਾਮ ਸਿੰਘ ਵੀ ਲਹੌਰ ਦਰਬਾਰ ਦੀ ਸੈਨਾ ਵਿਚ ਰਹਿ ਚੁੱਕਾ ਸੀ। ਸਿਰਹਾਲੀ ਵਿਚਲਾ ਉਸ ਦਾ ਘਰ ਵੀ ਆਉਂਦੇ ਜਾਂਦੇ ਕੂਕਿਆਂ ਦਾ ਵੱਡਾ ਟਿਕਾਣਾ ਸੀ। ਉਸ ਦੀ ਉਮਰ ਭਾਵੇਂ ਮਹੰਤ ਗੁਰਚਰਨ ਸਿੰਘ (ਜਿਸ ਨੂੰ ਹੁਣ ਗੁਰੂ ਹਰੀ ਸਿੰਘ ਜੀ ਨੇ ਉਸ ਦੇ ਮੱਧ ਏਸ਼ੀਆ ਵਿਚਲੇ ਸਫਲ ਮਿਸ਼ਨ ਸਦਕਾ ਪੁਰਸਕ੍ਰਿਤ ਕਰਨ ਲਈ, ਨਾਮਧਾਰੀ ਪੰਥ ਦਾ ਸੂਬਾ ਵੀ ਥਾਪ ਦਿੱਤਾ ਸੀ) ਜਿਤਨੀ ਤਾਂ ਨਹੀਂ ਸੀ ਫਿਰ ਵੀ ਉਹ ਬਿਰਧ ਹੋ ਚੁੱਕਾ ਸੀ। ਪੰਜਾਬ ਪੁਲਿਸ ਨੂੰ ਪਹਿਲਾਂ ਤਾਂ ਇਹ ਗੁਪਤ ਸੂਚਨਾ ਮਿਲੀ ਸੀ ਕਿ ਮਹੱਤਵਪੂਰਨ ਪੱਤਰ ਲੈ ਕੇ, ਉਨ੍ਹਾਂ ਨੂੰ ਮੂੰਹ ਵੇਖਣ ਵਾਲੇ ਸ਼ੀਸ਼ੇ ਦੇ ਪਿੱਛੇ ਬੰਦ ਕਰ ਕੇ ਸ਼ਾਮ ਸਿੰਘ ਸਤਿਗੁਰੂ ਰਾਮ ਸਿੰਘ ਜੀ ਵੱਲ ਮਰਗੋਈ ਜਾ ਰਿਹਾ ਹੈ, ਜਿਸ ਕਾਰਨ ਸਤਿਗੁਰੂ ਜੀ ਤੇ ਪਹਿਰਾ ਉਸ ਟਾਪੂ ਵਿਚ ਸਖਤ ਕਰ ਦਿੱਤਾ ਗਿਆ ਅਤੇ ਨਿਗਰਾਨੀ ਵਧਾ ਦਿੱਤੀ ਗਈ। ਸਾਖੀਆਂ ਕਿਸ ਤਰ੍ਹਾਂ ਹੋਂਦ ਵਿਚ ਆਉਂਦੀਆਂ ਹਨ? ਸ਼ੀਸ਼ੇ ਦੇ ਸਬੰਧ ਵਿਚ ਵੀ ਇਕ ਸਾਖੀ ਸਾਡੇ ਪੰਥ ਵਿਚ ਪ੍ਰਚਲਿਤ ਹੈ ਕਿ ਸ਼ਾਮ ਸਿੰਘ ਦੇ ਪੁੱਤਰ ਮੀਹਾਂ ਸਿੰਘ ਨੂੰ ਲਕਵਾ ਹੋ ਗਿਆ ਸੀ ਤਾਂ ਸ਼ਾਮ ਸਿੰਘ ਨੇ ਕਿਤੋਂ ਆਤਸ਼ੀ ਸ਼ੀਸ਼ਾ ਮੰਗਾ ਕੇ ਮੀਹਾਂ ਸਿੰਘ ਨੂੰ ਵੇਖਣ ਲਈ ਕਿਹਾ। ਮੀਹਾਂ ਸਿੰਘ ਦਾ ਜੁਆਬ ਸੀ ਕਿ ਜਦੋਂ ਤੱਕ ਗੁਰੂ ਹਰੀ ਸਿੰਘ ਜੀ ਸ੍ਰੀ ਭੈਣੀ ਸਾਹਿਬ ਵਿਚ ਹਨ ਤਾਂ ਉਨ੍ਹਾਂ ਦੇ ਦਰਸ਼ਨ ਤੋਂ ਵੱਧ ਆਤਸ਼ੀ ਸ਼ੀਸ਼ਾ ਕੀ ਕਾਰਗਰ ਹੋ ਸਕਦਾ ਹੈ। ਸੋ ਉਹ ਭੈਣੀ ਸਾਹਿਬ ਗੁਰੂ ਦਰਸ਼ਨਾਂ ਲਈ ਜਾਂਦਾ ਹੈ। ਗੁਰੂ ਹਰੀ ਸਿੰਘ ਜੀ ਦਾ ਹਜ਼ੂਰੀ ਸਿੰਘ ਭਾਈ ਰਾਗਾ ਸਿੰਘ ਕਹਿੰਦਾ ਹੈ—"ਜਾਪਦਾ ਤਾਂ ਸਿਰਹਾਲੀ ਵਾਲਾ ਮੀਹਾਂ ਸਿੰਘ ਹੈ ਪਰ ਮੂੰਹ ਡਿੰਗਾ ਲੱਗਦਾ ਹੈ।" ਪਾਸੋਂ ਗੁਰੂ ਹਰੀ ਸਿੰਘ ਜੀ ਬਚਨ ਕਰਦੇ ਹਨ "ਜਦੋਂ ਤੱਕ ਸਿੱਖ ਦਾ ਮੂੰਹ ਗੁਰੂ ਘਰ ਵੱਲ ਸਿੱਧਾ ਹੈ ਤਾਂ ਡਿੰਗਾ ਕਿਵੇਂ ਹੋਇਆ ?" ਮੀਹਾਂ ਸਿੰਘ ਨੇ ਬਰ ਨੇ ਸੀ। ਸੋ ਘਰੋਂ ਕਿਸੇ ਬਹਾਨੇ ਨਿਕਲਿਆ ਜਾਵੇ। ਇਸ ਤਰ੍ਹਾਂ ਵਿਸ਼ਾਲ ਤਾਣਾ ਬਾਣਾ ਤਣਿਆ ਜਾਂਦਾ ਹੈ।

"ਗੁਰਚਰਨ ਸਿੰਘ ਜਦੋਂ ਲਾਹੌਰ ਪੁਲਿਸ ਦੀ ਹਿਰਾਸਤ ਵਿਚ ਕਈ ਤਰ੍ਹਾਂ ਦੀ ਜਿਰਹਾ ਤੋਂ ਤੰਗ ਪਿਆ ਹੋਇਆ ਸੀ ਉਦੋਂ ਪੰਜਾਬ ਪੁਲਿਸ ਕੋਲ ਉੱਤੋੜਿੱਤੀ ਦੋ ਸੁਨੇਹੇ ਆਏ। ਬ੍ਰਿਟਿਸ਼ ਬਰਮਾਂ ਦੇ ਇਨਸਪੈਕਟਰ ਜਨਰਲ ਆਫ ਪੁਲਿਸ ਨੇ ਲਿਖਿਆ ਕਿ ੨੪ ਜਨਵਰੀ ੧੮੮੧ ਨੂੰ ਦੋ ਕੂਕੇ ਮੌਲਮੀਨ ਤੋਂ 'ਸਿਆਵਧ' ਜਹਾਜ਼ ਤੇ ਚੜ੍ਹ ਕੇ ਮਰਗੋਈ ਪਹੁੰਚੇ ਹਨ। ਇਕ ਦਾ ਨਾਮ ਮੀਹਾਂ ਸਿੰਘ ਹੈ ਤੇ ਦੂਜੇ ਦਾ ਸੰਤ ਸਿੰਘ। ਪਹਿਲੇ ਦੀ ਉਮਰ ਸਤਾਈ ਸਾਲ ਹੈ ਅਤੇ ਦੂਜੇ ਦੀ ਪੈਂਤੀ ਸਾਲ। ਇਨ੍ਹਾਂ ਦੇ ਆਉਣ ਦੀ ਖ਼ਬਰ ਮਿਲਦਿਆਂ ਹੀ ਡਿਪਟੀ ਕਮਿਸ਼ਨਰ ਨੇ ਦੋਵਾਂ ਨੂੰ ਮਰਗੋਈ ਤੋਂ ਚਲੇ ਜਾਣ ਦਾ ਹੁਕਮ ਦਿੱਤਾ। ਦੋਵਾਂ ਨੇ ਹੀ ਅਗਲੇ ਦਿਨ ਮਰਗੋਈ ਛੱਡ ਜਾਣ ਦਾ ਇਕਰਾਰ ਕੀਤਾ। ਪੁਲਿਸ ਨੇ ਸਾਵਧਾਨੀ ਲਈ ਗੁਰੂ ਰਾਮ ਸਿੰਘ ਜੀ ਦੀ ਬੰਦੀ-ਸ਼ਾਲਾ ਦੁਆਲੇ ਪਹਿਰਾ ਹੋਰ ਸਖਤ ਕਰ ਦਿੱਤਾ। ਫਿਰ ਵੀ ਅਗਲੇ ਦਿਨ ਮੀਹਾਂ ਸਿੰਘ ਨੂੰ ਗੁਰੂ ਰਾਮ ਸਿੰਘ ਜੀ ਕੋਲ ਵੇਖਿਆ ਗਿਆ। ਮੀਹਾਂ ਸਿੰਘ ਅਤੇ ਸੰਤ ਸਿੰਘ-ਦੋਵਾਂ ਨੂੰ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਡਿਪਟੀ ਕਮਿਸ਼ਨਰ ਦੇ ਹੁਕਮ ਨਾਲ ਉਸੇ ਦਿਨ ਹੀ ਦੋਵਾਂ ਨੂੰ ਕਲਕੱਤੇ ਨੂੰ ਘੱਲ ਦਿੱਤਾ ਗਿਆ।

"ਕਲਕੱਤਾ ਪੁਲਿਸ ਦੇ ਡਿਪਟੀ ਕਮਿਸ਼ਨਰ ਲੈਂਮਬਰਟ ਨੇ ਦੂਜਾ ਸੁਨੇਹਾ ਘੱਲਿਆ। ਉਸ ਨੇ ਲਿਖਿਆ ਕਿ ਬਰਮਾ ਤੋਂ ਮੁੜੇ ਦੋ ਸਿੱਖ ਮੀਹਾਂ ਸਿੰਘ ਤੇ ਸੰਤ ਸਿੰਘ ਕਲਕੱਤੇ ੬ ਨੰਬਰ ਮਛੂਆ ਬਾਜ਼ਾਰ ਸਟਰੀਟ ਵਿਚ ਬਨਬਿਹਾਰੀ ਸਿੰਘ ਕੂਕੇ ਦੇ ਘਰ ਠਹਿਰੇ ਹਨ। ਇਕ ਮਹੀਨਾ ਪਹਿਲਾਂ ਕਲਕੱਤਾ ਪੁਲਿਸ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਇਹ ਬਰਮਾ ਗਏ ਸਨ। ਮੀਹਾਂ ਸਿੰਘ ਦੇ ਗਲ ਹਾਂਗਕਾਂਗ ਪੁਲਿਸ ਦਾ ਲਿਬਾਸ ਸੀ। ਉਸ ਨੇ ਆਪਣੇ ਆਪ ਨੂੰ ਹਾਂਗਕਾਂਗ ਪੁਲਿਸ ਦਾ ਆਦਮੀ ਦੱਸਿਆ ਸੀ, ਜਦੋਂ ਕਿ ਅਸਲ ਵਿਚ ਉਸ ਨੇ ਹਾਂਗਕਾਂਗ ਪੁਲਿਸ ਵਿਭਾਗ ਵਿਚੋਂ ਦੋ ਸਾਲ ਪਹਿਲਾਂ ਅਸਤੀਫਾ ਦੇ ਦਿੱਤਾ ਹੋਇਆ ਸੀ। ਉਨ੍ਹਾਂ ਦਾ ਬਰਮਾ ਜਾਣ ਦਾ ਉਦੇਸ਼ ਸੀ ਗੁਰੂ ਰਾਮ ਸਿੰਘ ਜੀ ਨੂੰ ਮਿਲਣਾ ਅਤੇ ਇਸ ਸਿਲਸਿਲੇ ਵਿਚ ਮੌਲਮੀਨ ਜਿਹਲ ਦੇ ਕਾਂਸਕਟੇਬਲ ਹਰਨਾਮ ਸਿੰਘ ਨੇ ਉਨ੍ਹਾਂ ਦੀ ਸਹਾਇਤਾ ਕੀਤੀ ਸੀ।"[7]

ਇਹ ਸ਼ਾਮ ਸਿੰਘ ਦੀ ਸਿਆਣਪ ਸੀ ਕਿ ਆਪ ਜਾਣ ਦੀ ਬਜਾਏ ਉਸ ਗੱਭਰੂ ਪੁੱਤਰ ਦੇ ਜ਼ਿੰਮੇ ਇਹ ਇਤਿਹਾਸਕ ਸੇਵਾ ਲਾਈ। ਮੀਹਾਂ ਸਿੰਘ ਹਰਨ ਵਾਂਗ ਚੁੰਗੀਆਂ ਭਰਦਾ, ਅੱਖ ਦੇ ਫੋਰ ਵਿਚ ਪਹਿਲਾਂ ਇਕ ਸੋਟੇ ਦੇ ਸਹਾਰੇ ਪਾਣੀ ਵਾਲੀ ਡੂੰਘੀ ਖਾਈ ਟੱਪ ਗਿਆ ਤੇ ਫਿਰ ਸੰਤਰੀ ਦੀ ਅੱਖ ਬਚਾ ਕੇ ਬੰਗਲੇ ਦੇ ਅੰਦਰ ਜਾ ਪੁੱਜਾ। ਸਾਡੇ ਸਰੋਤ ਦੱਸਦੇ ਹਨ ਕਿ ਪੁਲਿਸ ਰਾਤ ਨੂੰ ਹੀ ਉਹਨੂੰ ਲੈਣ ਆ ਗਈ ਸੀ ਪਰ ਗੁਰੂ ਜੀ ਨੇ ਕਿਹਾ ਸੀ 'ਅੱਜ ਦੀ ਰਾਤ ਕੋਈ ਵੀ ਤਾਕਤ ਮੈਨੂੰ ਮੀਹਾਂ ਸਿੰਘ ਤੋਂ ਅੱਡ ਨਹੀਂ ਕਰ ਸਕਦੀ। ਜ਼ਾਮਨੀ ਵਜੋਂ ਨਾਨੂੰ ਸਿੰਘ ਲਿਜਾ ਸਕਦੇ ਹੋ। ਸਵੇਰੇ ਤੁਹਾਨੂੰ ਮੀਹਾਂ ਸਿੰਘ ਦੇ ਦਿਆਂਗੇ। "ਇਸ ਤੋਂ ਪਹਿਲਾਂ ਮੀਹਾਂ ਸਿੰਘ ਦੋ ਵੇਰ ਰੰਗੂਨ ਦਰਸ਼ਨ ਕਰ ਗਿਆ ਸੀ। ਇਹ ਉਸ ਦਾ ਬਰਮਾਂ ਵਿਚ ਤੀਜਾ ਤੇ ਮਰਗੋਈ ਵਿਚ ਗੁਰੂ ਦਰਸ਼ਨਾਂ ਹਿਤ ਪਹਿਲਾ ਫੇਰਾ ਸੀ। ਹੁਣ ਉਹ ਸਮਝਦਾ ਸੀ ਕਿ ਰੂਸੀਆਂ ਦਾ ਮਹੱਤਵਪੂਰਨ ਪੱਤਰ


Namdhari Elibrary NamdhariElibrary@gmail.com

ਸਿੱਦਾ ਸਤਿਗੁਰੂ ਜੀ ਤੱਕ ਪੁਚਾਉਣ ਲਈ ਬੰਗਲੇ ਵਿਚ ਕੁੱਦਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਸੌ ਦੇ ਕਰੀਬ ਨਾਮਧਾਰੀ ਸਿੱਖ ਗੁਰੂ ਦਰਸ਼ਨਾਂ ਲਈ ਗਏ ਹਨ। ਪਰ ਗੋਲੀ ਦੀ ਪਰਵਾਹ ਕੀਤੇ ਬਿਨਾਂ ਗੁਰੂ ਜੀ ਦੀ ਚਰਨ ਛੂਹ ਮਾਨਣ ਦਾ ਸੁਭਾਗ ਇਸੇ ਇਕੱਲੇ ਨੂੰ ਪ੍ਰਾਪਤ ਹੋਇਆ। ਰਾਤ ਭਰ ਹੋਰ ਵੀ ਨੀਤੀਗਤ ਮਾਮਲੇ ਵਿਚਾਰੇ ਗਏ। ਸਵੇਰੇ ਮੀਹਾਂ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਜਦੋਂ ਸਤਿਗੁਰੂ ਜੀ ਦੇ ਬੰਗਲੇ ਦੀ ਤਲਾਸ਼ੀ ਲਈ ਤਾਂ ਕੁਝ ਵੀ ਆਪੱਤੀਜਨਕ ਪੁਲਿਸ ਦੇ ਹੱਥ ਨਾ ਆਇਆ। ਰੂਸ ਸਰਕਾਰ ਦੇ ਆਪਣੇ ਨਾਮ ਪੱਤਰ ਨੂੰ ਸਤਿਗੁਰੂ ਜੀ ਨੇ ਦੂਰ ਰਸ ਪਰਿਣਾਮਾਂ ਨੂੰ ਭਾਂਪਦਿਆਂ ਬਿਲੇ ਲਾ ਦਿੱਤਾ ਸੀ। ਅੰਗ੍ਰੇਜ਼ ਹਾਕਮਾਂ ਨੂੰ ਇਹ ਵੀ ਅਫਸੋਸ ਰਿਹਾ ਕਿ ਕਲਕੱਤਾ ਦੇ ਡਿਪਟੀ ਕਮਿਸ਼ਨਰ ਨੇ ਦੋਵਾਂ ਸਿੱਖਾਂ ਨੂੰ ਜਿਹਲ ਵਿਚ ਦੇ ਕੇ ਮੁੱਕਦਮਾ ਚਲਾਉਣ ਦੀ ਬਜਾਏ, ਪੰਜਾਬ ਭੇਜਣ ਦੇ ਮਾਮਲੇ ਵਿਚ ਵੀ ਆਪਣੇ ਫਰਜ਼ ਤੋਂ ਕੋਤਾਹੀ ਕੀਤੀ ਹੈ।

ਮੀਹਾਂ ਸਿੰਘ ਤੋਂ ਬਾਅਦ ਕੋਈ ਹੋਰ ਸਿੱਖ ਫਿਰ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਮਰਗੋਈ ਗਿਆ ਹੋਵੇ ਇਸ ਬਾਰੇ ਇਤਿਹਾਸ ਚੁੱਪ ਹੈ। ਸ੍ਰੀ ਸਤਿਗੁਰੂ ਜੀ ਸਮਝਦੇ ਸਨ ਕਿ ਸਿੱਖਾਂ ਨੂੰ ਖੇਚਲ ਖਰਚ ਬਹੁਤ ਹੁੰਦਾ ਹੈ। ਇਥੇ ਆਉਣ ਕਾਰਨ ਕਈ ਤਾਂ ਸਿੰਘਣੀਆਂ ਦੇ ਗਹਿਣੇ, ਕਈ ਵਾਹੀਜੋਗ ਜ਼ਮੀਨਾਂ ਗਹਿਣੇ ਜਾਂ ਬੈ ਕਰ ਕੇ ਅਤੇ ਕਈ ਹੋਰਨਾਂ ਤੋਂ ਮੰਗ ਪਿੰਨ ਕੇ, ਕਈ ਰਿਣ ਲੈ ਕੇ, ਪ੍ਰਦੇਸ ਯਾਤਰਾ ਦਾ ਜੁਗਾੜ ਕਰਦੇ ਸਨ ਅਤੇ ਗੁਰੂ ਦਰਸਨਾਂ ਨਾਲ ਤਪਦੀ ਛਾਤੀ ਠਾਰਦੇ ਸਨ ਕਿਉਂਕਿ ਕਵੀ ਹਾਸ਼ਮ ਨੇ ਇਸ ਬ੍ਰਿਹੋਂ ਦੀ ਆਤਸ਼ ਨੂੰ ਐਵੇਂ ਨਹੀਂ ਸਭ ਤੋਂ ਤੇਜ਼ ਆਤਸ਼ ਆਖਿਆ:—

"ਆਤਸ਼ ਜਾਣ ਬ੍ਰਿਹੋਂ ਦੀ ਆਤਸ਼,
ਵਿਚ ਤੇਜ਼ੀ ਖ਼ੂਬ ਪਛਾਤੀ।
ਸੋਹਣੀ ਰੋਜ਼ ਮਿਲੇ ਭਰ ਨਦੀਆਂ,
ਪਰ ਸਰਦ ਨਾਂ ਹੋਵੇ ਛਾਤੀ।
ਓੜਕ ਏਸ ਸੋਜ਼ ਦੀ ਪਾਰੋਂ,
ਉਹ ਬੈਠ ਲਹੂ ਵਿਚ ਨ੍ਹਾਤੀ।
ਹਾਸ਼ਮ ਮੋਇਆਂ ਬਾਝ ਨਹੀਂ ਮਿਲਦਾ,
ਅਸਾਂ ਖ਼ੂਬ ਸਹੀ ਕਰ ਜਾਤੀ।"

ਅੰਗ੍ਰੇਜ਼ ਸਰਕਾਰ ਨੇ ਮਰਗੋਈ ਤੋਂ ਵੀ ਅੱਗੇ "ਟੇਬਲ ਆਈ ਲੈਂਡ" ਅਤੇ ਹੋਰ ਦੂਰ ਦਰਾਜ਼ ਟਾਪੂਆਂ ਵਿਚ ਵੀ ਸਤਿਗੁਰੂ ਰਾਮ ਸਿੰਘ ਜੀ ਨੂੰ ਤਬਦੀਲ ਕਰਨ ਬਾਰੇ ਸੋਚਿਆ ਪਰ ਉਹ ਸਤਿਗੁਰੂ ਜੀ, ਕੂਕਾ ਕੇਂਦਰ ਭੈਣੀ ਸਾਹਿਬ ਅਤੇ ਪੰਜਾਬ ਵਿਚਲੀ ਨਾਮਧਾਰੀ ਸੰਗਤ ਨਾਲ ਸਤਿਗੁਰੂ ਜੀ ਦਾ ਖੱਤ ਪੱਤਰੀ ਸੰਪਰਕ ਨਾ ਤੋੜ ਸੱਕਣ ਸਦਕਾ ਡਾਢੇ ਮਾਯੂਸ ਹੋਏ। ਜਿਹੜਾ ਮਾਣ ਤਾਣ ਸੂਬਾ ਗੁਰਚਰਨ ਸਿੰਘ ਨੂੰ ਰੂਸ ਦਰਬਾਰ ਵਿਚ ਪ੍ਰਾਪਤ ਹੋਇਆ. ਉਹ ਸੋਚਦੇ ਸਨ ਕਿ ਹੋਰ ਕੂਕੇ ਵੀ ਗੁਰਚਰਨ ਸਿੰਘ ਦੇ ਨਕਸ਼ੇ ਕਦਮਾਂ ਤੇ ਚੱਲਦੇ ਹੋਏ ਰੂਸ ਜਾ ਕੇ ਸਹਾਇਤਾ ਦੀ ਯਾਚਨਾ ਕਰ ਸਕਦੇ ਹਨ। ਕਾਬਲ ਦਾ ਨਾਮਧਾਰੀ ਸੂਬਾ ਬਿਸ਼ਨ ਸਿੰਘ, ਸ਼ੰਕਰ ਰਾਇ, ਜੱਸ ਰਾਮ ਪਟਿਆਲਾ ਆਦਿ ਕੁਝ ਨਾਂਅ ਇਤਿਹਾਸ ਦੀਆਂ ਇਹ ਪੈੜਾਂ ਨੱਪਦੇ ਨਜ਼ਰ ਆਉਂਦੇ ਹਨ। ਇਕ ਹੋਰ ਅੰਗ੍ਰੇਜ਼ ਜਾਸੂਸ ਸੈਦ ਖਾਨ ਨੇ ਗੁਲਾਬ ਖਾਨ ਦੀ ਸਿਫਾਰਿਸ਼ ਤੇ ਇਹ ਕਹਿ ਕੇ ਜੱਸ ਰਾਮ ਲਈ ਸਮਰਕੰਦ ਵਿਚ ਰੂਸੀ ਹਾਕਮਾਂ ਸਾਹਮਣੇ ਮੁਸ਼ਕਿਲ ਪੈਦਾ ਕਰ ਦਿੱਤੀ ਕਿ ਤੂੰ ਜੱਸ ਰਾਮ ਸਿਰੋਂ ਮੋਨਾ ਹੈਂ ਤੇਰਾ ਕੇਸਾਧਾਰੀ ਕੂਕਿਆਂ ਨਾਲ ਕੀ ਸਾਂਝਾ ਹੈ। ਫਿਰ ਵੀ ਮੇਜਰ ਜਨਰਲ ਇਵਾਨੋਫ ਨੇ ਦੋ ਹਜ਼ਾਰ ਟਕੇ ਅਤੇ ਇਕ ਖਿੱਲਤ ਜਸ ਰਾਮ ਨੂੰ ਦਿੱਤੀ ਅਤੇ ਇਹ ਵੀ ਕਿਹਾ ਕਿ ਬਾਬਾ ਬੁੱਧ ਸਿੰਘ ਚਾਹੁੰਦੇ ਹਨ ਕਿ ਉਹ ਤੁਰੰਤ ਦੇਸ਼ ਪਰਤ ਆਏ। ਅਤੇ ਬਾਬਾ ਬੁੱਧ ਸਿੰਘ ਦੇ ਨਾਮ ਜਨਰਲ ਨੇ ਇਕ ਪੱਤਰ ਵੀ ਦੇਣਾ ਸੀ। ਗੁਲਾਮ ਰਸੂਲ ਲੋਹਾਨੀ ਨਾਂ ਦਾ ਇਕ ਦੂਤ ਵੀ ਸਮਰਕੰਦ ਦਰਬਾਰ ਵੱਲੋਂ ਰਸਤੇ ਲਈ ਜੱਸ ਰਾਮ ਨੂੰ ਦਿੱਤਾ ਗਿਆ। ਜਦੋਂ ਉਸ ਨੂੰ ਪੁੱਛਿਆ ਗਿਆ ਕਿ ਉਹ ਵਾਪਸ ਕਸ਼ਮੀਰ ਦੇ ਰਸਤੇ ਹੀ ਕਿਉਂ ਜਾਣਾ ਚਾਹੁੰਦਾ ਹੈ ਤਾਂ ਜੱਸ ਰਾਮ ਦਾ ਜੁਆਬ ਸੀ ਕਿ ਕਸ਼ਮੀਰ ਦਾ ਰਾਜਾ ਕੂਕਿਆਂ ਦਾ ਮਿੱਤਰ ਹੈ। ਗੁਰਚਰਨ ਸਿੰਘ ਦੇ "ਸ਼ਾਸਤਰੀ" ਵਿਚ ਲਿਖੇ ਦੋ ਪੱਤਰ ਵੀ ਜੱਸ ਰਾਮ ਨੇ ਸਮਰਕੰਦ ਦੇ ਹਾਕਮਾਂ ਨੂੰ ਦਿੱਤੇ ਸਨ ਜਿਹੜੇ ਨਰਾਇਣ ਨਾਂ ਦੇ, ਇਕ ਬਿਉਪਾਰੀ ਨੇ ਜਨਰਲ ਨੂੰ ਪੜ੍ਹ ਕੇ ਸੁਣਾਏ ਸਨ। ਨਰਾਇਣ ਸ਼ਿਕਾਰਪੁਰੀ ਬਿਉਪਾਰੀ ਸੀ ਅਤੇ ਆਪਣੇ ਸਮਰਕੰਦ ਕਿਆਮ ਦੌਰਾਨ ਗੁਰਚਰਨ ਸਿੰਘ ਵੀ ਉਸ ਪਾਸ ਹੀ ਰਹਿੰਦਾ ਸੀ। ਰਸਤੇ ਵਿਚ ਗੁਲਾਮ ਰਸੂਲ ਦੇ ਡਰ ਤੋਂ ਹੀ ਸੈਦ ਖਾਨ ਨੇ ਜੱਸ ਰਾਮ ਨੂੰ ਹੋਰ ਪੁੱਛਗਿੱਛ ਨਹੀਂ ਕੀਤੀ ਕਿ ਮਤੇ ਉਹ ਰੂਸੀਆਂ ਨੂੰ ਦੱਸ ਦਿੰਦਾ ਹੋਵੇ।

੫ ਫਰਵਰੀ ੧੮੮੭ ਨੂੰ ਪੰਜਾਬ ਸਰਕਾਰ ਦੀ ਖੁਫੀਆ ਇਤਲਾਹ ਸੀ ਕਿ ਮੀਹਾਂ ਸਿੰਘ ਸਿਰਹਾਲੀ ਨੂੰ ਮਹੰਤ ਥਾਪ ਦਿੱਤਾ ਗਿਆ ਹੈ ਅਤੇ ਉਹ ਚੱਕ ਰਾਮਦਾਸ (ਸਿਆਲਕੋਟ) ਦੇ ਵਰਿਆਮ ਸਿੰਘ ਦੇ ਨਾਲ ਹੋਰ ਦੋ ਮਹੀਨਿਆਂ ਤੱਕ ਰੂਸੀ ਇਲਾਕੇ ਵਿਚ ਜਾਣ ਵਾਲਾ ਹੈ। ਹਾਲ ਦੀ ਘੜੀ ਮੀਹਾਂ ਸਿੰਘ ਭੈਣੀ ਸਾਹਿਬ ਹੈ।[8]

ਮੁਲਤਾਨ ਦੀ ਨਜ਼ਰ ਬੰਦੀ ਵਿਚੋਂ ਮੁਕਤ ਹੋਣ ਬਾਅਦ ੧੮੮੭ ਈ. ਵਿਚ ਗੁਰਚਰਨ ਸਿੰਘ ਨੇ ਪੰਜਾਬ ਸਰਕਾਰ ਤੋਂ



Namdhari Elibrary NamdhariElibrary@gmail.com

ਮੱਧ ਏਸ਼ੀਆ ਵਿਚ ਫਿਰ ਜਾਣ ਦੀ ਇਜਾਜ਼ਤ ਮੰਗੀ ਕਿਉਂਕਿ ਮੁਲਤਾਨ ਵਿਚ ਉਸ ਦੀ ਲੰਮੀ ਨਜ਼ਰਬੰਦੀ ਤੋਂ ਬਾਅਦ ਰੂਸੀ ਤੁਰਕਿਸਤਾਨ ਦੇ ਅਧਿਕਾਰੀ ਉਸ ਦੇ ਸਿਆਸੀ ਰੁਤਬੇ ਦੇ ਕਾਇਲ ਤਾਂ ਹੋ ਗਏ ਹੋਣਗੇ। ਪੰਜਾਬ ਸਰਕਾਰ ਨੂੰ ਉਸ ਦੇ ਭੈਣੀ ਸਾਹਿਬ ਤੋਂ ਬਿਨਾਂ ਹੋਰ ਕਿਤੇ ਵੀ ਜਾਣ ਤੇ ਕੋਈ ਇਤਰਾਜ਼ ਨਹੀਂ ਸੀ। ਪਰ ਜਦੋਂ ਭਾਰਤ ਸਰਕਾਰ ਨੇ ਉਸ ਦੇ ਮੱਧ ਏਸ਼ੀਆ ਦੌਰੇ ਬਾਰੇ ਸੁਣਿਆ ਤਾਂ ਉਸ ਨੂੰ ਸੁਖਾਵਾਂ ਨਾ ਲਿਆ। ਨਤੀਜਨ ਪੰਜਾਬ ਸਰਕਾਰ ਨੇ ੩੦ ਮਾਰਚ ੧੮੮੯ ਈ. ਨੂੰ ਇਕ ਹੁਕਮ ਜਾਰੀ ਕਰ ਕੇ ਪੁਲਿਸ ਕਪਤਾਨ ਸਿਆਲਕੋਟ ਨੂੰ ਹਦਾਇਤ ਕੀਤੀ ਕਿ ਗੁਰਚਰਨ ਸਿੰਘ ਵੱਲੋਂ ਪੰਜਾਬ ਛੱਡਣ ਦੀ ਕੋਈ ਵੀ ਕੋਸ਼ਿਸ਼ ਸਿਰੇ ਨਾ ਚੜ੍ਹਨ ਦਿੱਤੀ ਜਾਵੇ। ਤਕਰੀਬਨ ੮੫ ਸਾਲ ਦੀ ਬ੍ਰਿਧ ਅਵਸਥਾ ਵਾਲੇ ਇਸ ਪੰਜਾਬੀ ਦੇਸ਼ ਭਗਤ ਦੀਆਂ ਰਗਾਂ ਵਿਚ ਕੈਸਾ ਲਹੂ ਦੌੜਦਾ ਸੀ ਜਿਸ ਤੋਂ ਤਾਜ ਬਰਤਾਨੀਆ ਹਮੇਸ਼ਾ ਭੈਭੀਤ ਰਹਿੰਦਾ ਸੀ।

ਪੰਜਾਬ ਸਰਕਾਰ ਸਮਝਦੀ ਸੀ ਕਿ ਗੁਰਚਰਨ ਸਿੰਘ ਕੂਕਿਆਂ ਨਾਲ ਅਟੁੱਟ ਬੰਧ ਵਿਚ ਬੱਝਾ ਹੋਇਆ ਹੈ। ਉਹ ਜ਼ਿੰਦਗੀ ਭਰ ਕੂਕਾ ਮਹੰਤ ਰਹੇਗਾ। ਉਹ ਸਾਡਾ ਜਿੰਨਾ ਨੁਕਸਾਨ ਕਰ ਸਕਦਾ ਹੈ ਜ਼ਰੂਰ ਕਰੇਗਾ। ਜੇ ਅਸੀਂ ਇਹ ਸਾਜ਼ਿਸ਼ ਨਾਕਾਮ ਕਰਨੀ ਚਾਹੁੰਦੇ ਹਾਂ ਤਾਂ ਗੁਰਚਰਨ ਸਿੰਘ ਨੂੰ ਉਮਰ ਭਰ ਕੈਦ ਰੱਖਣ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ। ਇਸੇ ਕਰਕੇ ਮਹੰਤ ਜੀ ਨੂੰ ਮੁਲਤਾਨ ਵਿਚ ਲੰਮੀ ਨਜ਼ਰਬੰਦੀ ਕੱਟਣੀ ਪਈ। ਇਕ ਹੋਰ ਥਾਂ 'ਤੇ ਸਰਕਾਰੀ ਰਿਕਾਰਡ ਇਉਂ ਬੋਲਦਾ ਹੈ-

"ਇਹ ਗੱਲ ਯਕੀਨ ਨਾਲ ਆਖੀ ਜਾ ਸਕਦੀ ਹੈ ਕਿ ਗੁਰਚਰਨ ਸਿੰਘ ਭਾਰਤ ਸਰਕਾਰ ਦਾ ਦੁਸ਼ਮਨ ਹੈ। ਬਿਰਧ ਹੋਣ ਦੇ ਬਾਵਜੂਦ ਉਸ ਦੇ ਸਰੀਰ ਵਿਚ ਬਹੁਤ ਤਾਕਤ ਹੈ ਅਤੇ ਉਹ ਵੱਧ ਤੋਂ ਵੱਧ ਕਸ਼ਟ ਸਹਿ ਸਕਦਾ ਹੈ। ਉਹ ਇਕ ਸਿੱਖ ਸੈਨਿਕ ਦਾ ਸੁੰਦਰ ਨਮੂਨਾ ਹੈ। ਉਸ ਦਾ ਸਰੀਰ ਕਾਨੇ ਵਰਗਾ ਸਿੱਧਾ ਹੈ।"[9]

ਕੂਕਾ-ਰੂਸ ਸਬੰਧਾਂ ਦੀ ਅਗਲੀ ਕੜੀ ਵਿਚ ਮਹੱਤਵਪੂਰਨ ਨਾਂ ਸੂਬਾ ਬਿਸ਼ਨ ਸਿੰਘ ਕਾਬਲ ਵਾਲੇ ਦਾ ਹੈ ਜਿਸ ਨੂੰ ਗੁਰਚਰਨ ਸਿੰਘ ਹੋਰਾਂ ਦੀ ਸਿਫਾਰਸ਼ ਤੇ ਹੀ ਸ੍ਰੀ ਗੁਰੂ ਹਰੀ ਸਿੰਘ ਜੀ ਵੱਲੋਂ ਸੂਬਾ ਨਿਯੁਕਤ ਕੀਤਾ ਗਿਆ ਸੀ। ਭਾਈ ਚੰਦਾ ਸਿੰਘ ਆਪਣੇ ਬਾਰਾਂ ਮਾਂਹ ਵਿਚ "ਬਿਸ਼ਨ ਸਿੰਘ ਗੁਰੂ ਕਾ ਲਾਲ-ਫੌਜਾਂ ਰਹਿਣ ਸ਼ਹੀਦੀ ਨਾਲ" ਕਹਿ ਕੇ ਇਸ ਨੂੰ ਯਾਦ ਕਰਦਾ ਹੈ।

ਅਸੀਂ ਆਪਣੇ ਪੰਜਾਬੀ ਲੋਕ-ਗੀਤਾਂ ਦੇ ਵੀ ਮਸ਼ਕੂਰ ਹਾਂ ਜਿਨ੍ਹਾਂ ਨੇ ਗੂਹੜ ਕੂਟ-ਨੀਤੀ ਦੀਆਂ ਗੱਲਾਂ ਨੂੰ ਵੀ ਆਪਣੇ ਸਿੱਧ ਪੱਧਰੇ ਸੀਨਿਆਂ ਵਿਚ ਇਉਂ ਸਮੋਈ ਰੱਖਿਆ ਹੈ।

"ਚਿੱਠੀਆਂ ਰੂਸ ਨੂੰ ਪਾਈਆਂ, ਰਾਮ ਸਿੰਘ ਸਤਿਗੁਰ ਨੇ।"

ਅਣਗਿਣਤ ਗੁਮਨਾਮ ਕੌਮੀ ਪਰਵਾਨਿਆਂ ਜਿਉਂ ਅਸੀਂ ਗੁਰਚਰਨ ਸਿੰਘ ਜੀ ਦੀ ਮਿੱਠੀ ਯਾਦ ਨੂੰ ਆਪਣਾ ਸਿਰ ਝੁਕਾਉਂਦੇ ਹਾਂ ਅਤੇ ਬੰਗਾਲੀ ਇਤਿਹਾਸਕਾਰ ਸ੍ਰੀ ਪੀ. ਸੀ. ਰਾਏ ਦੀ ਟਿੱਪਣੀ ਨਾਲ ਹੀ ਆਪਣੀ ਚਰਚਾ, ਆਜ਼ਾਦੀ ਸੰਗਰਾਮ ਦੇ ਇਸ ਭੁੱਲੇ ਵਿਸਰੇ ਅਧਿਆਏ ਬਾਰੇ ਸਮੇਟਦੇ ਹਾਂ।

"ਗੁਲਾਮੀ ਤੋਂ ਆਜ਼ਾਦੀ ਦੀ ਆਸ਼ਾ ਵਿਚ, ਗੁਰਚਰਨ ਸਿੰਘ ਨੇ ਜਿਨ੍ਹਾਂ ਰਾਹਾਂ ਤੋਂ ਭਾਰਤ ਦੀ ਸਰਹੱਦ ਪਾਰ ਕੀਤੀ-ਵੀਹਵੀਂ ਸਦੀ ਵਿਚ ਨੇਤਾ ਜੀ ਸੁਭਾਸ਼ ਚੰਦਰ ਵੀ ਉਨ੍ਹਾਂ ਰਾਹਾਂ ਥਾਣੀ ਹੀ ਗਏ ਹਨ। ਆਜ਼ਾਦੀ ਦੀ ਲੜਾਈ ਵਿਚ ਬਦੇਸ਼ੀ ਸ਼ਕਤੀ ਦੀ ਸਹਾਇਤਾ ਹਾਸਲ ਕਰਨ ਦੀ ਆਸ ਨੇ, ਸਿਰਫ ਅਪ੍ਰਸਿੱਧ ਗੁਰਚਰਨ ਸਿੰਘ ਨੂੰ ਹੀ ਪਰਭਾਵਤ ਨਹੀਂ ਕੀਤਾ, ਸਗੋਂ ਉਸ ਤੋਂ ਬਹੁਤ ਸਾਲ ਬਾਅਦ ਭਾਰਤ ਦੇ ਅਨੇਕਾਂ ਇਨਕਲਾਬੀਆਂ ਨੇ ਉਸੇ ਇਕੋ ਆਸ ਨਾਲ ਵਿਦੇਸ਼ੀ ਸ਼ਕਤੀਆਂ ਦੀ ਸਹਾਇਤਾ ਲਈ ਹੈ।"[10]

ਫੁੱਟ ਨੋਟ :

1. ਇੰਡੀਆ ਜ਼ ਫਰੀਡਮ ਸਟਰੱਗਲ-ਐਡੀਟਰਜ਼ ਜਗਨ ਨਾਥ ਸਰਕਾਰ, ਏ. ਬੀ. ਬਰਧਨ (ਸੈਂਵੇਚਲ ਸਟਰੀਮਜ਼) ਨਵੀ ਦਿੱਲੀ-੧੯੮੬ ਪੇਜ ੧-੨
2. ਉਪਰੋਕਤ-ਸਫਾ ੮
3. ਕੂਕਾ ਅੰਦੋਲਨ-ਕੁਝ ਚੋਣਵੇਂ ਲੇਖ ਸੰਪਾਦਕ ਡਾ: ਅਮਰ ਭਾਰਤੀ-ਦਿੱਲੀ-੧੯੬੭
   ਸ੍ਰੀ. ਪੀ. ਸੀ. ਰਾਏ ਦਾ ਲੇਖ-ਸਫਾ ੧੧-੧੨-੧੩
4. ਕੂਕਾ ਮੂਵਮੈਂਟ (ਫਰੀਡਮ ਸਟਰੱਗਲ ਇਨ ਪੰਜਾਬ) ਕੰਮਪਾਇਲਰ-ਜਸਵਿੰਦਰ ਸਿੰਘ- ੧੯੮੫-ਸਫਾ ੧੨੪ ਤੋਂ ੧੩੦
5. ਕੂਕਾ ਆਂਦੋਲਨ (ਸਫਾ ੧੫ ਤੋਂ ੧੯)
6. ਉਪਰੋਕਤ-ਸਫਾ ੨੧
7. ਉਪਰੋਕਤ-ਸਫਾ ੨੩-੨੪
8. ਕੂਕਾ ਮੂਵਮੈਂਟ-ਸਫਾ ੧੮੩
9. ਉਪਰੋਕਤ-ਸਫਾ ੧੦੬
10. ਕੂਕਾ ਅੰਦੋਲਨ-ਸਫਾ ੨੮-੨੯

*ਕਰੀਵਾਲਾ (ਸਿਰਸਾ)*
*-੧੨੫੦੭੫*

# ਸੰਨ ਸੰਤਾਲੀ ਦੀ ਰਾਵੀ ਦੇ ਏਸ ਪਾਰ ਤੇ ਓਸ ਪਾਰ

*—ਗੁਲਜ਼ਾਰ ਸਿੰਘ ਸੰਧੂ*

ਪਿਛਲੇ ਸਾਲ ਆਜ਼ਾਦੀ ਦਿਵਸ ਦੇ ਥੋੜੇ ਦਿਨ ਪਹਿਲਾਂ ਮੇਰੇ ਗੁਆਂਢੀ ਬਾਲਕ੍ਰਿਸ਼ਨ ਘੁੰਮਣ ਦੇ ਮਾਤਾ ਜੀ ਦੇ ਭੋਗ ਸਮੇਂ ਉਨ੍ਹਾਂ ਦੇ ਪਿਤਾ ਦੀ ਲਿਖੀ ਅੱਧੀ ਸਦੀ ਪੁਰਾਣੀ ਡਾਇਰੀ ਦਾ ਪਤਾ ਲੱਗਿਆ। ਇਸ ਵਿਚ ਸੰਤਾਲੀ ਦੀ ਵੰਡ ਦੇ ਦਿਨਾਂ ਦੀਆਂ ਮਾਰਮਿਕ ਘਟਨਾਵਾਂ ਦਰਜ ਸਨ। ੧੯ ਅਗਸਤ ਤੋਂ ੩੧ ਅਗਸਤ ਤਕ ਦੀਆਂ ਹੌਲਨਾਕ ਵਾਰਦਾਤਾਂ ਤੇ ਮਨੁੱਖੀ ਕਾਰੇ। ਏਧਰ ਦੇ ਹਿੰਦੂ, ਸਿੱਖਾਂ ਵਲੋਂ ਗਰੀਬ ਤੇ ਲਾਚਾਰ ਮੁਸਲਮਾਨਾਂ ਉਤੇ ਢਾਏ ਜ਼ੁਲਮਾਂ ਦੀ ਮੂੰਹ ਬੋਲਦੀ ਤਸਵੀਰ।

੧੯੦੭ ਵਿਚ ਜਨਮੇ ਪਿਤਾ ਕਰਤਾਰ ਸਿੰਘ ਘੁੰਮਣ ਵੰਡ ਸਮੇਂ ਅੰਮ੍ਰਿਤਸਰ-ਸਿਆਲਕੋਟ ਲਾਈਨ ਉਤੇ ਡੇਰਾ ਬਾਬਾ ਨਾਨਕ ਤੋਂ ਪਹਿਲੇ ਸਟੇਸ਼ਨ ਰੱਤੜ ਛੱਤੜ ਦੇ ਸਟੇਸ਼ਨ ਮਾਸਟਰ ਸਨ। ਡਾਇਰੀ ਵਿਚ ਲਿਖੇ ਨੁਸਖਿਆਂ ਤੇ ਮਿਲਖੀ ਰਾਮ ਦੇ ਬੈਂਤਾਂ ਤੋਂ ਜਾਪਦਾ ਹੈ ਕਿ ਉਨ੍ਹਾਂ ਨੂੰ ਹਿਕਮਤ ਤੇ ਸ਼ਾਇਰੀ ਦਾ ਸ਼ੌਕ ਵੀ ਸੀ। ਉਨ੍ਹਾਂ ਦੀ ਲਿਖਤ ਵਿਚ ਹਕੀਮਾਂ ਵਾਲੀ ਹਮਦਰਦੀ ਵੀ ਹੈ ਤੇ ਸ਼ਾਇਰਾਂ ਵਾਲਾ ਦੁੱਖ ਵੀ।

੧੯ ਤੋਂ ੨੦ ਅਗਸਤ ਤਕ ਡੇਰਾ ਬਾਬਾ ਨਾਨਕ, ਪਖੋਕੇ, ਸਰਾਏ ਮੌਜਾ ਤੇ ਮੁੱਦੋਵਾਲ ਦੇ ਮੁਸਲਮਾਨ ਆਪਣੇ ਘਰ ਛੱਡ ਕੇ ਚਲੇ ਜਾਂਦੇ ਹਨ ਤੇ ਉਨ੍ਹਾਂ ਦਾ ਸਾਰਾ ਸਾਮਾਨ ਤੇ ਮਾਲ ਢਾਂਡਾ ਨੇੜੇ-ਤੇੜੇ ਦੇ ਲੋਕ ਲਈ ਜਾ ਰਹੇ ਹਨ। ੨੧ ਅਗਸਤ ਨੂੰ ਇਸੇ ਤਰ੍ਹਾਂ ਦੀ ਮਾਰਕੁੱਟ ਤੇ ਲੁੱਟ-ਖਸੁੱਟ ਖੰਨਾ ਤੇ ਸ਼ੈਜ਼ਾਦਾ ਪਿੰਡਾਂ ਵਿਚ ਹੋਈ ਲਿਖੀ ਹੈ। ੨੨ ਅਗਸਤ ਨੂੰ ਬੇਹੱਦ ਵਰਖਾ ਦੇ ਬਾਵਜੂਦ ਧਰਮਕੋਟ, ਸ਼ੈਜ਼ਾਦਾ ਦੇ ਰੱਤੜ ਛੱਤੜ ਪਿੰਡਾਂ ਦੇ ਪਿੰਡ ਸੜ ਰਹੇ ਹਨ ਤੇ ਆਲੇ-ਦੁਆਲੇ ਦੇ ਲੋਕ ਨਵਾਰੀ ਪਲੰਘ, ਪੇਟੀਆਂ, ਬਿਸਤਰੇ, ਰਜ਼ਾਈਆਂ, ਕੱਪੜਾ ਲੀੜਾ ਤੇ ਗਹਿਣੇ ਗੱਡਿਆਂ ਉਤੇ ਲੱਦ ਕੇ ਆਪਣੇ ਘਰਾਂ ਨੂੰ ਲਿਜਾ ਰਹੇ ਹਨ। ਘੋੜੀਆਂ ਤੇ ਲਵੇਰੇ ਵੀ। ਬੱਚੇ ਬੁੱਢੇ ਸਭ ਏਸ ਕੰਮ ਲੱਗੇ ਹੋਏ ਹਨ। ਰੱਤਾ, ਖੋਦੇ ਮੰਗੀਆਂ ਤੇ ਮੇਘਾ ਪਿੰਡਾਂ ਦੇ ਲੋਕ ਰਾਵੀ ਪਾਰ ਦੇ ਪਿੰਡਾਂ ਬੇਟਰਕੀ, ਗੰਨੀਆਂ ਹਾਜੀਕੇ ਤੇ ਘੋੜੇਵਾਲਾ ਹੋ ਕੇ ਆਏ ਹਨ ਤੇ ਉਨ੍ਹਾਂ ਦਾ ਕਹਿਣਾ ਹੈ ਕਿ ਓਧਰ ਵੀ ਪਿੰਡਾਂ ਦੇ ਪਿੰਡ ਅੱਗ ਦੀ ਲਪੇਟ ਵਿਚ ਹਨ। ੨੩ ਅਗਸਤ ਨੂੰ ਏਧਰ ਦੇ ਵੱਡੇ ਪਿੰਡ ਕਠਾਰ, ਮੀਆਂ ਬੇਟ, ਤਲਵੰਡੀ ਰਾਮਾ ਵੀ ਅੱਗ ਦੀ ਭੇਟ ਕਰ ਦਿੱਤੇ ਗਏ ਸਨ। ਸ਼ੇਖ ਮੀਰ ਮੁਹੰਮਦ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਹੈ। ਕੇਵਲ ਸ਼ਿਕਾਰ ਤੇ ਕਲਾਨੌਰ ਵਾਲੇ ਮੁਸਲਮ ਮਿਲਟਰੀ ਦੀ ਮਦਦ ਨਾਲ ਬਚ ਕੇ ਜਾ ਰਹੇ ਹਨ ਪਰ ਉਨ੍ਹਾਂ ਦੇ ਗੰਨੇ ਪੀੜਨ ਵਾਲੇ ਵੇਲਣੇ ਤਾਂ ਕੀ ਖੂਹਾਂ ਦੇ ਪਾਣੀ ਕੱਢਣ ਵਾਲੇ ਹਲਟ ਵੀ ਗੱਡਿਆਂ ਉਤੇ ਲੱਦ ਕੇ ਲਿਜਾਏ ਜਾ ਰਹੇ ਹਨ।

੨੪ ਅਗਸਤ ਦੀਆਂ ਵਾਰਦਾਤਾਂ ਵਿਚ ਈਸਾਈਆਂ ਦੇ ਘਰ ਪਨਾਹ ਲੈ ਰਹੇ ਠਾਣੇਦਾਰ ਸ਼ਾਹ ਹੁਸੈਨ ਦੇ ਕਤਲ ਤੇ ਪਿੰਡ ਸ਼ਾਹਪੁਰ ਹਾਜੀ ਤੇ ਭੋਲੇ ਦਾਤੇ ਦੇ ਮੁਸਲਮਾਨਾਂ ਦੀ ਮੌਜ਼ਾਂ ਘੋਨੇ ਦੇਸ਼ਾਂ ਦੇ ਲੋਕਾਂ ਵੱਲੋਂ ਲੁੱਟ-ਖਸੁੱਟ ਤੇ ਔਰਤਾਂ ਦੇ ਅਗਵਾ ਕੀਤੇ ਜਾਣ ਦੀਆਂ ਦਿਲ ਕੰਬਾਊ ਗੱਲਾਂ ਦਰਜ ਹਨ। ਅਗਲੇ ਦਿਨ ਦੀ ਡਾਇਰੀ ਵਿਚ ਏਧਰਲੇ ਲੋਕਾਂ ਦੇ ਘਰੀਂ ਬੈਠੀਆਂ ਲਾਚਾਰ ਤੇ ਬੇਸਹਾਰਾ ਔਰਤਾਂ ਦਾ ਵੇਰਵਾ। ਕਿਸ ਦੇ ਘਰ ਕਿੰਨੀਆਂ ਬੈਠੀਆਂ। ਇਹ ਵੀ ਕਿ ਕੁਝ ਔਰਤਾਂ ਕਮਾਦ ਦੇ ਖੇਤਾਂ ਤੇ ਸ਼ਾਹਪੁਰ ਵਾਲੀ ਸੜਕ ਤੋਂ ਮਿਲੀਆਂ ਹਨ। ਉਨ੍ਹਾਂ ਦੇ ਬੱਚੇ ਵੀ ਉਨ੍ਹਾਂ ਨੂੰ ਮਿਲਣ ਨਹੀਂ ਆਏ। ਜਦੋਂ ਖੋਦੇ ਬੇਟ ਦੇ ਗੁੱਜਰ, ਪਿੰਡ ਵਾਲਿਆਂ ਦੇ ਕਹਿਣ ਨੂੰ ਅਣਸੁਣਿਆ ਕਰਕੇ ਰਾਵੀ ਪਾਰ ਕਰਨ ਲਗਦੇ ਹਨ ਤਾਂ ਲੁੱਟੇ ਜਾਂਦੇ ਹਨ।

ਕਿਧਰੇ ਕਿਧਰੇ ਰਾਵੀ ਪਾਰ ਤੋਂ ਆ ਰਹੀਆਂ ਅਫਵਾਹਾਂ ਤੇ ਖਬਰਾਂ ਵੀ ਦਰਜ ਹਨ। ਉਧਰੋਂ ਏਧਰ ਨੂੰ ਆ ਰਹੇ ਲੋਕਾਂ ਦੀ ਲੁੱਟ-ਖਸੁੱਟ ਅਤੇ ਅਗਵਾਕਾਰੀ ਦੀਆਂ ਗੱਲਾਂ। ਹਰ ਮਿਤੀ ਦੀ ਡਾਇਰੀ ਕੁਝ ਏਸ ਤਰ੍ਹਾਂ ਦੇ ਵਾਕਾਂ ਨਾਲ ਖਤਮ ਹੁੰਦੀ ਹੈ: ਕੁੱਲ ਦੁਨੀਆਂ ਰੱਬ ਦੇ ਦਰ ਉਤੇ ਬੈਠੀ ਹੈ। ਮਾਲਕ ਖੁਦਾ ਹੀ ਮਿਹਰ ਕਰੇ! ਪਰਮਾਤਮਾ ਤਰਸ ਕਰੇ ਤੇ ਜਾਨ ਬਖਸ਼ੀ ਹੋ ਜਾਏ।

੨੬ ਅਗਸਤ ਦੇ ਵੇਰਵਿਆਂ ਵਿਚ ਉਧਰੋਂ ਆਏ ਜੱਟ ਸਿੱਖ ਏਧਰ ਸਾੜੇ ਜਾ ਚੁੱਕੇ ਪਿੰਡਾਂ ਵਿਚ ਟਿਕਾਣਾ ਲੱਭ ਰਹੇ ਸਨ। ਉਹ ਕਿਸੇ ਪੂਰੇ ਦੇ ਪੂਰੇ ਪਿੰਡ ਉਤੇ ਕਬਜ਼ਾ ਕਰਨਾ ਚਾਹੁੰਦੇ ਹਨ। ਮਿਲਟਰੀ ਵੀ ਮਦਦ ਉਤੇ ਆ ਚੁੱਕੀ ਹੈ। ਪਰ ਕੀ ਜਾਣੀਏ ਕੁਦਰਤ ਨੂੰ ਕੀ ਮਨਜ਼ੂਰ ਹੈ ਤੇ ਅੱਲਾ ਮੀਆਂ ਦਾ ਕੀ ਪ੍ਰੋਗਰਾਮ ਹੈ। ਦੋਵਾਂ ਪਾਸਿਆਂ ਦੀ ਮਿਲਟਰੀ ਪੱਖਪਾਤੀ ਰੋਲ ਅਦਾ ਕਰ ਰਹੀ ਹੈ। ੨੭ ਅਗਸਤ ਦੀ ਲੁੱਟ-ਮਾਰ, ਗਾਰਤਗਰੀ, ਅਗਵਾਕਾਰੀ, ਅੱਗਜ਼ਨੀ। ਬੱਚੇ-ਬੁੱਢਿਆਂ ਤੇ ਔਰਤਾਂ ਦੇ ਕਤਲ ਤੋਂ ਪਿੱਛੋਂ ਛੋਟੇ ਛੋਟੇ ਬੱਚਿਆਂ ਦੇ ਰੋਣ ਧੋਣ ਤੇ ਚੀਕਾਂ ਦੀ ਆਵਾਜ਼ ਫਸਲਾਂ ਵਿਚੋਂ ਆ ਰਹੀ ਹੈ। ਇਨ੍ਹਾਂ ਬੱਚਿਆਂ ਵਿਚ ਉਹ ਦੁੱਧ ਪੀਂਦੇ ਬਾਲਕ ਵੀ ਹਨ ਜਿਨ੍ਹਾਂ



Namdhari Elibrary NamdhariElibrary@gmail.com

ਦੀਆਂ ਮਾਵਾਂ ਨੂੰ ਅਗਵਾ ਕਰਨ ਵਾਲਿਆਂ ਨੇ ਉਨ੍ਹਾਂ ਦੀ ਗੋਦ ਵਿਚੋਂ ਖੋਹ ਕੇ ਖੇਤਾਂ ਵਿਚ ਸੁੱਟ ਦਿੱਤਾ ਹੈ। ਓਧਰ ਮੋਹਲੇਧਾਰ ਮੀਂਹ ਦਾ ਜ਼ੋਰ ਤੇ ਔਰਤਾਂ ਦਾ ਰੋਣ ਕੁਰਲਾਉਣ।

ਚੌਧਰੀ ਕਰਤਾਰ ਸਿੰਘ ਦੀ ਡਾਇਰੀ ੩੧ ਅਗਸਤ ਤਕ ਇਸ ਤਰ੍ਹਾਂ ਦੀਆਂ ਹੋਰ ਵਾਰਦਾਤਾਂ ਦਾ ਵੇਰਵਾ ਦੇ ਕੇ ਡੇਰਾ ਬਾਬਾ ਨਾਨਕ ਦੇ ਇਲਾਕੇ ਵਿਚ ਸੜ ਰਹੀਆਂ ਲਾਸ਼ਾਂ ਦੀ ਬਦਬੂ ਤੇ ਗੰਦਗੀ ਉਤੇ ਖਤਮ ਹੋ ਜਾਂਦੀ ਹੈ ਜਦੋਂ ਮਿਲਟਰੀ ਦੇ ਟਰੱਕ ਖੌਫਜ਼ਦਾ ਤੇ ਬੇਸਹਾਰਾ ਮੁਸਲਮਾਨਾਂ ਨੂੰ ਲੈਣ ਲਈ ਪਹੁੰਚ ਜਾਂਦੇ ਦੱਸੇ ਗਏ ਹਨ।

ਮੈਂ ਡਾਇਰੀ ਦੇ ਇਹ ਪੰਨੇ ਤਰੀਕਵਾਰ ਪਿਛਲੇ ਸਾਲ 'ਅਜੀਤ' ਦੇ ੧੫ ਅਗਸਤ ਵਾਲੇ ਅੰਕ ਵਿਚ ਛਪਵਾਏ ਸਨ। ਏਥੇ ਉਨ੍ਹਾਂ ਦਾ ਸੰਖੇਪ ਜਿਹਾ ਸਾਰ ਹੀ ਦਿੱਤਾ ਗਿਆ ਹੈ। ਇਸ ਤੋਂ ਪਾਠਕ ਜਾਣ ਸਕਦੇ ਹਨ ਕਿ ਉਸ ਹਨੇਰਗਰਦੀ ਵਿਚ ਸਟੇਸ਼ਨ ਮਾਸਟਰ ਦੀ ਪਦਵੀ 'ਤੇ ਰਸੂਖ ਵਾਲਾ ਕੋਈ ਚੌਧਰੀ ਵੀ ਕਿੰਨਾ ਲਾਚਾਰ ਸੀ। ਮੁਸਲਮਾਨਾਂ ਪ੍ਰਤੀ ਉਸ ਦੀ ਹਮਦਰਦੀ ਕੋਈ ਅਰਥ ਨਹੀਂ ਸੀ। ਰੱਬ ਅੱਗੇ ਕੀਤੀਆਂ ਦੁਆਵਾਂ ਤਕ ਬੇਅਰਥ ਸਨ।

ਮੈਂ ਇਹ ਦਿਨ ਖੁਦ ਵੀ ਤੱਕੇ ਹਨ। ਇਨ੍ਹਾਂ ਬਾਰੇ ਬਹੁਤ ਕੁਝ ਪੜ੍ਹਿਆ ਹੈ। ਪਰ ਜੋ ਮਾਰਮਿਕਤਾ ਚੌਧਰੀ ਦੀ ਡਾਇਰੀ ਵਿਚ ਸੀ ਉਸ ਦਾ ਦੂਜਾ ਰੂਪ ਏਸ ਸਾਲ ਦਿਖਾਈ ਦਿੱਤਾ। ਜਗਦੀਸ਼ ਸਿੰਘ ਵਰਿਆਮ ਦੀ ਆਪ ਬੀਤੀ ਖਿੱਲਰੇ ਪੱਤਰੇ ਵਿਚ। ਦੂਜਾ ਏਸ ਲਈ ਕਿ ਡਾਇਰੀ ਵਿਚ ਏਧਰ ਦੇ ਮੁਸਲਮਾਨਾਂ ਦਾ ਓਧਰ ਜਾਣ ਵਾਸਤੇ ਰਾਵੀ ਤਕ ਦਾ ਸਫਰ ਸੀ ਤੇ ਵਰਿਆਮ ਦੀ ਪੁਸਤਕ ਵਿਚ ਉਧਰੋਂ ਆਉਣ ਵਾਲੇ ਹਿੰਦੂ-ਸਿੱਖਾਂ ਦਾ ਰਾਵੀ ਤਕ ਪਹੁੰਚਣ ਦਾ ਵਰਨਣ ਹੈ।

ਇਹ ਕਾਫਲਾ ਵਰਿਆਮ ਦੇ ਆਪਣੇ ਪਿੰਡ ਢੇ ਤੋਂ ਤੁਰਿਆ ਸੀ। ਤੁਰਨ ਤੋਂ ਪਿੱਛੋਂ ਇਹ ਵੱਡੇ ਤੋਂ ਵੱਡਾ ਹੋਈ ਜਾ ਰਿਹਾ ਸੀ। ਬੱਚਿਆਂ, ਬੁੱਢਿਆਂ ਤੇ ਔਰਤਾਂ ਦਾ ਲੰਮਾ ਜਲੂਸ। ਮੌਤ ਦੇ ਚੱਕਰਵਿਊ 'ਚੋਂ ਰਾਹ ਬਣਾਉਂਦੇ ਹਜ਼ਾਰਾਂ ਲੱਖਾਂ ਲੋਕ ਬੇਘਰੇ ਹੋ ਤੁਰੇ ਜਾ ਰਹੇ ਸਨ। ਇਹ ਸਾਰੇ ਦਾ ਸਾਰਾ ਜਲੂਸ ਵੱਢਿਆ ਵੀ ਜਾ ਸਕਦਾ ਸੀ ਪਰ ਫੇਰ ਵੀ ਚੱਲ ਰਿਹਾ ਸੀ। ਇਕ ਪਿੰਡ ਦੇ ਲੋਕ ਮਹਾਰਾਜ ਦੀ ਦੇਹ ਸਿਰ ਉਤੇ ਚੁੱਕ ਕੇ ਖੂਹ ਵੱਲ ਭੱਜਦੇ ਵੀ ਦੇਖੇ ਗਏ। ਦੁਸ਼ਮਣ ਹੱਥਾਂ ਦੀ ਬੇਪਤੀ ਤੋਂ ਪਹਿਲਾਂ ਹੀ ਜਲਪ੍ਰਵਾਹ ਕਰਨ ਲਈ। ਪਿੰਡਾਂ ਦੇ ਲੋਕ ਏਸ ਤਰ੍ਹਾਂ ਦੇਖ ਰਹੇ ਸਨ ਜਿਵੇਂ ਕੋਈ ਤਮਾਸ਼ਾ ਦੇਖਦਾ ਹੈ। ਉਨ੍ਹਾਂ ਵਿਚ ਇਕ ਪਿੰਡ ਦਾ ਉਹ ਇਮਾਮ ਵੀ ਸੀ ਜਿਹੜਾ ਕਤਲ ਕਰਨ ਤੇ ਮਾਲ ਲੁੱਟਣ ਲਈ ਪ੍ਰਸਿੱਧ ਸੀ। ਉਹ ਵੀ ਸਾਹਮਣੇ ਖੜ੍ਹਾ ਦੇਖ ਹੀ ਰਿਹਾ ਸੀ। ਏਨਾ ਜ਼ਿਆਦਾ ਸਾਜ਼ੋ ਸਾਮਾਨ ਤੇ ਬੰਦੇ ਉਸ ਨੇ ਕਦੀ ਦੇਖੇ ਹੀ ਨਹੀਂ ਸਨ। ਲੁੱਟਣ ਵਾਲਾ ਪਿੰਡਾਂ ਵਿਚ ਪਿੱਛੇ ਰਹਿ ਗਈ ਏਨੀ ਜ਼ਿਆਦਾ ਨਕਦੀ, ਗਹਿਣੇ, ਕੱਪੜੇ, ਜ਼ਮੀਨਾਂ, ਮਾਲ ਡੰਗਰ ਤੇ ਬਾਲੇ ਕੜੀਆਂ ਨੂੰ ਕੀ ਕਰੇਗਾ। ਸਭ ਤੁਰੇ ਜਾ ਰਹੇ ਸਨ। ਗੋਹੇ ਮੂਤਰ ਦੀਆਂ ਛੱਪੜੀਆਂ ਦਾ ਪਾਣੀ ਪੀ ਪੀ ਤੁਰੀ ਜਾ ਰਹੇ ਸਨ। ਘੁੰਡ ਕੱਢਣ ਦੀ ਸਾਰ ਹੀ ਭੁੱਲ ਚੁੱਕੀ ਸੀ। ਉਹ ਕੁੜੀਆਂ ਜਿਨ੍ਹਾਂ ਦੇ ਰਿਸ਼ਤੇ ਤੈਅ ਹੋ ਚੁੱਕੇ ਸਨ, ਬਗੈਰ ਕਿਸੇ ਰਸਮ ਦੇ ਸਹੁਰਿਆਂ ਨੂੰ ਸੌਂਪ ਦਿੱਤੀਆਂ ਸਨ। ਆਹ ਲਵੋ ਆਪਣੀ ਚੀਜ਼ ਆਪ ਹੀ ਸਾਂਭੋ। ਸੜਕ 'ਤੇ ਤੁਰੇ ਜਾਂਦਿਆਂ ਨਵੇਂ ਬੱਚਿਆ ਵੀ ਜਨਮ ਲਿਆ। ਔਰਤਾਂ ਪਰਦਾ ਜਿਹਾ ਕਰਕੇ ਜਣੇਪਾ ਕਰਵਾ ਲੈਂਦੀਆਂ।

ਜੇ ਕਿਧਰੇ ਕਿਸੇ ਹੀਲੇ ਰੋਟੀ ਜੁੜ ਜਾਂਦੀ ਤਾਂ ਅੰਮ੍ਰਿਤ ਦਾ ਰੂਪ ਜਾਪਦੀ। ਜਿਹੜੀ ਰੋਟੀ ਪਿਤਾ ਜੀ ਟਪਿਆਲਾ ਵਾਲੀ ਮਾਸੀ ਦੇ ਘਰੋਂ ਲੈ ਕੇ ਆਏ ਸਨ ਉਸ ਦੀ ਮਹਿਕ ਅੱਜ ਵੀ ਨਾਲ ਤੁਰੀ ਆਉਂਦੀ ਹੈ। ਉਸ ਪਿੰਡ ਤੋਂ ਮਾਸੀ ਦਾ ਪਰਿਵਾਰ ਵੀ ਕਾਫਲੇ ਦੇ ਨਾਲ ਹੋ ਤੁਰਿਆ ਅਤੇ ਸਾਰੇ ਦਾ ਸਾਰਾ ਕਾਫਲਾ ਨਾਰੋਵਾਲ ਆ ਕੇ ਰੁਕ ਗਿਆ। ਪਿੰਡ ਦੇ ਬਾਹਰਵਾਰ ਸੜਕ ਉਤੇ। ਉਸ ਦਿਨ ਦੜੰਪ ਦੇ ਇਲਾਕੇ ਦੀ ਕੁੱਲ ਹਿੰਦੂ ਸਿੱਖ ਆਬਾਦੀ ਸੜਕ 'ਤੇ ਬੈਠੀ। ਅਫਵਾਹਾਂ ਅਨੁਸਾਰ ਰਾਵੀ ਪਾਰ ਦੀ ਮੁਸਲਮਾਨ ਵੱਸੋਂ ਇਸੇ ਤਰ੍ਹਾਂ ਡੇਰਾ ਬਾਬਾ ਨਾਨਕ ਬੈਠੀ ਸੀ।

ਨਾਰੋਵਾਲ, ਸਿਆਲਕੋਟ ਜ਼ਿਲੇ ਦੀ ਤਹਿਸੀਲ ਸੀ। ਇਹ ਮਸ਼ਹੂਰ ਕਸਬਾ ਸੀ ਸ਼ਹਿਰ ਵਰਗਾ। ਰੇਲਵੇ ਸਟੇਸ਼ਨ ਤੇ ਸਕੂਲਾਂ ਵਾਲਾ। ਕਾਫਲੇ ਦੇ ਲੋਕਾਂ ਨੂੰ ਏਥੇ ਪਹਿਲੀ ਵਾਰ ਪੁਲੀਸ ਦੇ ਦਰਸ਼ਨ ਹੋਏ। ਇਹ ਕਾਫਲਾ ਦੋ ਤਿੰਨ ਦਿਨ ਏਥੇ ਹੀ ਰੁਕਿਆ ਰਿਹਾ। ਏਥੇ ਕੀ ਹੋਇਆ, ਇਸ ਦਾ ਵਰਣਨ ਲੇਖਕ ਦੇ ਸ਼ਬਦਾ ਵਿਚ ਕਿਤੇਂ ਕਿਤੇਂ : "ਅਗਲੇ ਦਿਨ ਬਹੁਤ ਭਾਰੀ ਮੀਂਹ ਪਿਆ। ਮੋਹਲਾਧਾਰ ਬਾਰਸ਼। ਅਸੀਂ ਸੜਕ 'ਤੇ ਬੈਠੇ ਸਾਂ। ਬਚਾਅ ਵਾਸਤੇ ਜੋ ਕੱਪੜੇ ਸਨ ਉਹ ਭਿੱਜ ਚੁੱਕੇ ਸਨ। ਸਾਰੇ ਟੱਬਰ ਦੇ ਉਤੇ ਇਕ ਚਾਦਰ ਤੰਬੂ ਵਾਂਗ ਤਾਣੀ ਹੋਈ ਸੀ। ਉਸ ਵਿਚੋਂ ਜਦੋਂ ਪਾਣੀ ਜ਼ਿਆਦਾ ਚੋਣ ਲਗਦਾ ਤਾਂ ਉਸ ਨੂੰ ਨਿਚੋੜ ਲਿਆ ਜਾਂਦਾ ਤੇ ਮੁੜ ਉਪਰ ਤਾਣ ਲਈ ਜਾਂਦੀ। ਬਾਕੀ ਲੋਕਾਂ ਦਾ ਵੀ ਇਹੋ ਹੀ ਹਾਲ ਸੀ।

ਵੱਡੇ ਵੱਡੇ ਰਈਸ, ਜਾਗੀਰਦਾਰ, ਅਫਸਰ, ਸਫੈਦਪੋਸ਼, ਧਨਾਢ, ਸਾਹਿਬ ਬਹਾਦਰ ਇਕ ਸੜਕ 'ਤੇ ਬੈਠੇ ਮੀਂਹ ਨਾਲ ਭਿੱਜ ਰਹੇ ਸਨ, ਸਾਡੇ ਵਾਂਗ। ਜ਼ਰਾ ਕੁ ਵਰਖਾ ਬੰਦ ਹੋਈ ਤਾਂ ਚਿੱਕੜ ਭਰੀ ਸੜਕ ਉਤੇ ਕਿਸੇ ਤਰ੍ਹਾਂ ਅੱਗ ਬਾਲ ਕੇ ਚੌਲਾਂ 'ਚ ਗੁੜ ਪਾ ਕੇ ਤਪਾਏ ਗਏ। ਇਕ ਤੌਲੀਆ ਸੜਕੇ 'ਤੇ ਵਿਛਾਇਆ ਗਿਆ ਅਤੇ ਉਸ ਉਤੇ ਗੁੜ ਵਾਲੇ ਮਿੱਠੇ ਗਰਮ



Namdhari Elibrary NamdhariElibrary@gmail.com

ਗਰਮ ਚੌਲ ਵਿਛਾਏ ਗਏ। ਇਹ ਸਾਡਾ ਦਸਤਰਖੁਆਨ ਸੀ। ਸਾਰਿਆਂ ਨੇ ਬੈਠ ਕੇ ਹੱਥਾਂ ਨਾਲ ਲੱਪਾਂ ਭਰ-ਭਰ ਉਹ ਚੌਲ ਖਾਧੇ। ਇਉਂ ਲੱਗਾ ਜਿਵੇਂ ਬਹੁਤ ਵੱਡੀ ਜ਼ਿਆਫਤ ਖਾਧੀ ਹੈ। ਨਾਰੋਵਾਲ ਰੋਡ ਉਤੇ।

ਨਾਰੋਵਾਲ ਤੋਂ ਕਾਫਲਾ ਚੱਲਿਆ ਤਾਂ ਇਹਨੂੰ ਸੜਕ ਤੋਂ ਨਾ ਲੰਘਾਇਆ ਗਿਆ। ਬਾਹਰੋਂ ਬਾਹਰ ਖੇਤਾਂ ਵਿਚੋਂ ਜਾਂ ਉਜਾੜਾਂ ਵਿਚੋਂ ਦੀ ਇਹ ਚੱਲ ਰਿਹਾ ਸੀ। ਉਸ ਵੇਲੇ ਜਿਵੇਂ ਬਾਰਸ਼ ਦਾ ਪਾਣੀ ਆਪਣੀ ਮੌਜ ਨਾਲ ਜਿਧਰ ਮਰਜ਼ੀ ਤੁਰ ਜਾਂਦਾ ਹੈ ਉਵੇਂ ਹੀ ਸਾਡਾ ਕਾਫਲਾ ਵੀ ਜਿਸ ਪਾਸਿਓਂ ਰਾਹ ਲੱਭਦਾ ਉਧਰ ਹੀ ਚਲਿਆ ਜਾ ਰਿਹਾ ਸੀ। ਨਾਰੋਵਾਲ ਤੋਂ ਰਾਵੀ ਦਰਿਆ ਵੱਲ ਨੂੰ ਆਉਂਦਿਆਂ ਰਾਹ ਵਿਚ ਜੱਸੜ ਸਟੇਸ਼ਨ ਆਉਂਦਾ ਹੈ। ਜੱਸੜਾਂ ਦੀਆਂ ਉਜਾੜਾਂ ਵਿਚ ਹੀ ਇਹ ਕਾਫਲਾ, ਲੱਖਾਂ ਮਨੁੱਖਾਂ ਦਾ ਵਗਦਾ ਦਰਿਆ ਚਲਦਾ ਜਾ ਰਿਹਾ ਸੀ। ਉਪਰੋਂ ਬਾਰਸ਼ ਪੈ ਰਹੀ ਸੀ। ਪਾਣੀ ਗਿੱਟੇ ਤੋਂ ਗੋਡੇ ਹੋ ਗਿਆ ਸੀ।

"ਲੱਖਾਂ ਮਨੁੱਖਾਂ ਦੀਆਂ ਲੱਤਾਂ ਨੇ ਖੇਤਾਂ ਦੀ ਮਿੱਟੀ ਦੀ ਘਾਣੀ ਬਣਾ ਦਿੱਤੀ ਸੀ। ਅਸੀਂ ਇਸ ਘਾਣੀ ਬਣੀ ਦਲਦਲ ਦੇ ਸਮੁੰਦਰ ਵਿਚ ਧਸੀਂਦੇ ਜਾ ਰਹੇ ਸਾਂ ਅਤੇ ਅੱਗੇ ਨੂੰ ਵੀ ਸਰਕ ਰਹੇ ਸਾਂ। ਜਿਲ੍ਹਣ ਦਾ ਇਹ ਸਾਗਰ ਡੂੰਘੇ ਤੋਂ ਡੂੰਘਾ ਹੋ ਰਿਹਾ ਸੀ। ਵਧਦਾ-ਵਧਦਾ ਇਹ ਲੱਕ-ਲੱਕ ਤਕ ਆ ਗਿਆ ਸੀ। ਸਿਰਾਂ 'ਤੇ ਟਰੰਕ, ਬੁਸ਼ਕੀਆਂ ਚੁੱਕੀ ਲੋਕ ਇਸ ਜਿਲ੍ਹਣ ਵਿਚੋਂ ਅੱਗੇ ਨੂੰ ਸਰਕ ਰਹੇ ਸਨ। ਇਥੇ ਕਈ ਮੁਰਦਾ ਸਰੀਰ ਵੀ ਵੇਖੇ। ਇਹ ਤਾਜ਼ਾ ਮਰੇ ਸਨ ਕਿ ਪੁਰਾਣੇ ਸਨ ਇਸ ਵੱਲ ਧਿਆਨ ਨਹੀਂ ਸੀ। ਆਖਰ ਇਸ ਸਫਰ ਵਿਚ ਲੋਕ ਮਰ ਵੀ ਰਹੇ ਸਨ ਤੇ ਜੰਮ ਵੀ ਰਹੇ ਸਨ। ਲੋਕਾਂ ਦੇ ਸਿਰਾਂ ਦਾ ਭਾਰ ਹੁਣ ਜਾਨ ਦਾ ਖਓ ਬਣਨ ਲਗਾ। ਹੌਲੀ ਹੌਲੀ ਲੋਕਾਂ ਨੇ ਸਿਰਾਂ ਤੋਂ ਸਾਮਾਨ ਲਾਹ ਕੇ ਸੁੱਟਣਾ ਸ਼ੁਰੂ ਕੀਤਾ। ਜਾਨ ਹੈ ਤਾਂ ਜਹਾਨ ਹੈ। ਨਵੇਂ ਨਕੋਰ ਸਾਈਕਲ, ਟਰੰਕ, ਸਿਲਾਈ ਮਸ਼ੀਨਾਂ, ਕੱਪੜਿਆਂ ਦੀਆਂ ਗੰਢਾਂ ਥਾਂ-ਥਾਂ ਬਿਖਰੀਆਂ ਪਈਆਂ ਸਨ। ਬਹੁਤ ਸਾਰੀਆਂ ਥੱਲੇ ਪੈਰਾਂ ਨੂੰ ਠੋਕਰ ਮਾਰਦੀਆਂ ਸਨ। ਮਜਬੂਰੀ ਨੇ ਇਨਸਾਨ ਨੂੰ ਬੇਹੱਦ ਇਮਾਨਦਾਰ ਬਣਾ ਦਿੱਤਾ ਸੀ। ਕੋਈ ਕਿਸੇ ਦੀ ਚੀਜ਼ ਨਹੀਂ ਸੀ ਚੁੱਕ ਰਿਹਾ। ਕੋਈ ਲਾਲਚ ਨਹੀਂ ਸੀ। ਤਿਆਗ ਦੀ ਭਾਵਨਾ ਹੀ ਸਿਖਰ 'ਤੇ ਸੀ। ਮੇਰ ਤੇਰ ਮੁੱਕ ਚੁੱਕਾ ਸੀ। ਪਰਾਈ ਤਾਤ ਖਤਮ ਹੋ ਗਈ ਸੀ। ਬਸ, ਮਨ ਨਿਰਮਲ ਭਇਆ ਜੈਸੇ ਗੰਗਾ ਨੀਰ ਜੇਹੀ ਹਾਲਤ ਸੀ।"

"ਇਸ ਤਰ੍ਹਾਂ ਚਲਦੇ ਚਲਦੇ ਅਸੀਂ ਜੱਸੜਾਂ ਦੇ ਬਾਹਰ ਛੁੰਮ੍ਹਾਂ ਕੋਲ ਆ ਗਏ। ਨਾਲ ਰੇਲ ਦੀ ਬੜੀ ਉੱਚੀ ਲਾਈਨ ਵੀ ਸੀ। ਜਦੋਂ ਛੁੰਮ੍ਹਾਂ ਵਿਚ ਪਾਣੀ ਵਧਣ ਲੱਗਾ ਤਾਂ ਕੁਝ ਕਾਫਲਾ ਰੇਲ ਲਾਈਨ ਦੇ ਨਾਲ ਨਾਲ ਸਿਮਟ ਕੇ ਬੈਠ ਗਿਆ। ਸਾਰੀ ਰਾਤ ਮੀਂਹ ਪੈਂਦਾ ਰਿਹਾ ਤੇ ਅਸੀਂ ਜਾਗਦੇ ਰਹੇ। ਛੁੰਮ੍ਹਾਂ ਵਿਚ ਏਨਾ ਪਾਣੀ ਸੀ ਕਿ ਉਹ ਸਮੁੰਦਰ ਦਾ ਭੁਲੇਖਾ ਪਾ ਰਿਹਾ ਸੀ। ਲੱਗ ਰਿਹਾ ਸੀ ਕਿ ਪਾਣੀ ਰੇਲ ਲਾਈਨ ਵੀ ਡਬੋ ਦੇਵੇਗਾ। ਨਾਲ ਹੀ ਸਾਰਾ ਕਾਫਲਾ ਵੀ।"

"ਦਿਨ ਚੜ੍ਹਦੇ ਤਕ ਬਾਰਸ਼ ਤਾਂ ਹਟ ਗਈ, ਪਰ ਜਿਧਰ ਨਜ਼ਰ ਜਾਵੇ ਪਾਣੀ ਹੀ ਪਾਣੀ ਸੀ। ਛੁੰਮ੍ਹਾਂ ਵਿਚ ਤਾਂ ਸ਼ਾਇਦ ਉਪਰੋਂ ਥੱਲੇ ਵੀਹ ਬੰਦੇ ਡੁੱਬ ਜਾਂਦੇ। ਠੰਢ, ਭੁੱਖ, ਨੀਂਦਰ ਕਮਜ਼ੋਰੀ ਨਾਲ ਨਿਢਾਲ ਪਏ ਲੋਕਾਂ ਨੂੰ ਰੇਲ ਗੱਡੀ ਦੀ ਚੀਕ ਸੁਣਾਈ ਦਿੱਤੀ। ਜਦੋਂ ਗੱਡੀ ਦੇ ਇੰਜਣ ਦਾ ਧੂੰਆਂ ਦਿੱਸਿਆ। ਹੁਣ ਰੇਲ ਗੱਡੀ ਵੀ ਆਉਂਦੀ ਦਿਸੀ। ਇਹ ਰਾਵੀ ਦੇ ਪੁਲ ਵੱਲੋਂ ਆ ਰਹੀ ਸੀ। ਜੱਸੜਾਂ ਤੋਂ ਅੱਗੇ ਰਾਵੀ ਵੱਲ ਤਾਂ ਕੋਈ ਸਟੇਸ਼ਨ ਨਹੀਂ ਸੀ, ਰਾਵੀ ਤੋਂ ਪਾਰ ਹੀ ਸੀ ਡੇਹਰਾ ਬਾਬਾ ਨਾਨਕ। ਇਵੇਂ ਇਹ ਗੱਡੀ 'ਭਾਰਤ ਚੋਂ ਪਾਕਿਸਤਾਨ' ਵਿਚ ਦਾਖਲ ਹੋ ਕੇ ਆ ਰਹੀ ਸੀ। ਰੇਲ ਲਾਈਨ ਦੇ ਨਾਲ ਨਾਲ ਲੱਖਾਂ ਸਿੱਖ ਹਿੰਦੂ ਬੈਠੇ ਹੋਣ ਤੇ ਗੱਡੀ ਭਾਰਤ ਤੋਂ ਪਾਕਿਸਤਾਨ ਜਾਵੇ। ਉਜੜ ਕੇ ਆਏ ਲੋਕਾਂ 'ਚੋਂ ਲੰਘ ਕੇ... ਖਬਰੇ ਕੀ ਘੱਲੂਘਾਰਾ ਵਾਪਰ ਜਾਵੇ ? ਗੱਡੀ 'ਚੋਂ ਕੋਈ ਗੋਲੀ ਚਲਾ ਦੇਵੇ ਜਾਂ ਗੱਡੀ ਖਲ੍ਹਾਰ ਕੇ ਕਤਲੇਆਮ ਸ਼ੁਰੂ ਹੋ ਜਾਵੇ। ਲੋਕ ਗੁੱਥਮਗੁੱਥਾ ਹੋ ਜਾਣ ਜਾਂ ਕੁਝ ਹੋਰ ਵਾਪਰ ਜਾਵੇ!"

"ਇਸ ਹੈਰਾਨੀ ਪ੍ਰੇਸ਼ਾਨੀ ਵਿਚ ਹੀ ਰੇਲ ਗੱਡੀ ਕੋਲ ਆ ਗਈ। ਉਸ ਵਿਚ ਭਾਰਤ 'ਚੋਂ ਬਚ ਕੇ ਆਏ ਗਰੀਬੜੇ ਜਿਹੇ ਮੁਸਲਮਾਨ ਬੈਠੇ ਸਨ। ਗੱਡੀ ਦੇ ਬਾਹਰ ਮੰਜੀਆਂ ਵੀ ਬੱਧੀਆਂ ਹੋਈਆਂ ਸਨ। ਲੋਕ ਦਰਵਾਜ਼ਿਆਂ 'ਚ ਵੀ ਲਟਕੇ ਹੋਏ ਸਨ। ਬਹੁਤੇ ਲੋਕ ਤਾਂ ਸਹਿਮੇ ਹੀ ਹੋਏ ਸਨ, ਪਰ ਇਕ ਨੌਜਵਾਨ ਨੇ ਨਾਅਰਾ ਮਾਰਿਆ, 'ਨਾਅਰਾ-ਏ-ਤਕਬੀਰ-ਅੱਲਾਹ-ਹੂ-ਅਕਬਰ।' ਗੱਡੀ ਅਗੇ ਸਰਕ ਰਹੀ ਸੀ। ਇੱਕ ਸਿੱਖ ਮੁੰਡੇ ਨੂੰ ਵੀ ਜੋਸ਼ ਆਇਆ, ਉਸ ਨੇ ਉੱਚੀ ਆਵਾਜ਼ ਵਿਚ ਜੈਕਾਰਾ ਛੱਡਿਆ— 'ਬੋਲੇ ਸੋ ਨਿਹਾਲ।' ਗੱਡੀ ਲੰਘ ਚੁੱਕੀ ਸੀ, ਮਗਰੋਂ ਸਤਿ ਸ੍ਰੀ ਅਕਾਲ ਕਿਸੇ ਨੇ ਕੀ ਕਹਿਣਾ ਸੀ, ਸਾਰੇ ਉਸ ਮੁੰਡੇ ਦੇ ਗਲ ਪੈ ਗਏ— "ਬੇਵਕੂਫ ਕਿਸੇ ਥਾਂ ਦਾ... ਤੈਨੂੰ ਪਤਾ ਨਹੀਂ ਵਕਤ ਕਿਹੋ ਜਿਹਾ ਜਾ ਰਿਹੈ!" ਨੌਜਵਾਨ ਛਿੱਥਾ ਜਿਹਾ ਪੈ ਗਿਆ।

ਸੂਰਜ ਚੜ੍ਹਨ ਨਾਲ ਕੁਝ ਨਿੱਘ ਮਹਿਸੂਸ ਹੋਇਆ। ਕੱਪੜੇ ਸੁੱਕਣ ਲੱਗੇ। ਤਾਇਆ ਮੇਹਰ ਸਿੰਘ ਕੋਲ ਇਕ ਪੋਟਲੀ ਵਿਚ ਕੱਚੇ ਛੋਲੇ ਸਨ, ਉਹ ਭਿੱਜ ਕੇ ਫੁਲ ਗਏ ਸਨ। ਉਨ੍ਹਾਂ ਕੱਚਿਆਂ ਛੋਲਿਆਂ ਦਾ ਨਾਸ਼ਤਾ ਕੀਤਾ ਗਿਆ। ਸੁਆਦ ਦੀ ਸਿਖਰ ਸੀ- ਜੀ ਕਰੇ ਖਾਂਦੇ ਹੀ ਜਾਈਏ, ਪਰ ਜਿਹਦੇ ਹੱਥ ਇਕ ਲੱਪ


Namdhari Elibrary NamdhariElibrary@gmail.com

ਆ ਗਈ ਉਸ ਵਾਸਤੇ ਇਹ ਗਨੀਮਤ ਹੀ ਸੀ। ਹੁਣ ਅੰਤਿਮ ਪੜਾਅ ਵਾਸਤੇ ਤਿਆਰੀ ਸੀ। ਜੇ ਸਮਾਂ ਸੁਖੀਂ-ਸਾਂਦੀਂ ਲੰਘ ਗਿਆ ਤਾਂ ਅਸਾਂ ਅੱਜ ਹੀ ਰਾਵੀ ਪਾਰ ਕਰ ਜਾਣਾ ਸੀ। ਪਰ ਸਹਿਮ ਵੀ ਸੀ। ਆਸ਼ਾ ਅਤੇ ਨਿਰਾਸ਼ਾ ਦੀ ਸਥਿਤੀ ਸੀ। ਇਕ ਗੱਲ ਤਾਂ ਜ਼ਰੂਰ ਸੀ ਕਿ ਜਾਂ ਰਾਵੀ ਦੇ ਪਾਰ ਜਾਂ ਆਰ ਫੈਸਲਾ ਅੱਜ ਹੀ ਹੋਣਾ ਸੀ।

ਪਠਾਨਕੋਟ ਤੋਂ ਜੰਮੂ ਜਾਂਦਿਆਂ ਇਕ ਕਸਬਾ ਆਉਂਦਾ ਹੈ ਸਾਂਬਾ। ਸਾਂਬੇ ਦੇ ਐਨ ਨਾਲ ਵਗਦੀ ਹੈ ਖ਼ੂਬਸੂਰਤ ਦ੍ਰਿਸ਼ ਵਾਲੀ ਨਦੀ 'ਬਸੰਤਰ'। ਬਸੰਤਰ ਵਿਚ ਏਨਾ ਕੁ ਪਾਣੀ ਹੀ ਹੁੰਦਾ ਹੈ ਕਿ ਬੰਦਾ ਸਾਰੀ ਨਦੀ ਪਾਰ ਕਰ ਜਾਵੇ ਪਰ ਫੇਰ ਵੀ ਸੁੱਕਾ ਹੀ ਰਹੇ। ਬਸੰਤਰ ਦਾ ਅਰਥ ਤਾਂ ਅੱਗ ਹੁੰਦਾ ਹੈ। ਪਾਣੀ ਵਾਲੀ ਨਦੀ ਦਾ ਨਾਂ ਬਸੰਤਰ ਹੋਵੇ ਤਾਂ ਇਸ ਦਾ ਰਾਜ਼ ਡੂੰਘਾ ਹੀ ਹੈ। ਇਹ ਬਸੰਤਰ ਨਦੀ ਵਾਲਾ ਦੇਵਤਾ ਸੰਨ ਸੰਤਾਲੀ ਵਿਚ ਸਾਡਾ ਰਾਹ ਰੋਕ ਕੇ ਖਲੋ ਗਿਆ ਸੀ। ਜਦੋਂ ਅਸੀਂ ਜੱਸੜਾਂ ਦੇ ਡੂੰਮਾਂ ਤੋਂ ਰਾਵੀ ਦੇ ਪੁਲ ਵਾਸਤੇ ਚੱਲੇ ਸਾਂ ਤਾਂ ਇਹ ਹੀ ਬਸੰਤਰ ਰਾਹ ਵਿਚ ਸਾਡੀ ਅੰਤਿਮ ਰੋਕ ਸੀ। ਜਿਹੜੇ ਬਸੰਤਰ ਨਾਲੇ ਵਿਚੋਂ ਪੈਦਲ ਪਾਰ ਲੰਘ ਜਾਈਦਾ ਸੀ ਉਹ ਬਸੰਤਰ ਵਿਚ ਉਦੋਂ ਇਵੇਂ ਸੀ ਜਿਵੇਂ ਕੁੱਲ ਦੁਨੀਆਂ ਦਾ ਪਾਣੀ ਆ ਗਿਆ ਹੋਵੇ। ਉਧਰੋਂ ਅੰਤਿਮ ਪੜਾਅ ਕਰਕੇ ਜ਼ਬਤ ਟੁੱਟ ਰਹੇ ਸਨ, ਲੋਕ ਅੱਗੇ ਤੋਂ ਅੱਗੇ ਜਾਣ ਦੇ ਯਤਨ ਵਿਚ ਸਨ ਤੇ ਸਾਹਮਣੇ ਬਿਫਰਿਆ ਹੋਇਆ ਬਸੰਤਰ ਸੀ। ਬਸੰਤਰ ਪਾਰ ਕਰਨ ਦਾ ਇਕੋ ਇਕ ਮਾਰਗ ਰੇਲ ਪਟੜੀ ਰਹਿ ਗਿਆ ਸੀ। ਜੇ ਫੌਜੀ ਜਵਾਨ ਨਾ ਹੁੰਦੇ ਤਾਂ ਭਗਦੜ ਮੱਚ ਜਾਣੀ ਸੀ ਅਤੇ ਬਹੁਤੇ ਲੋਕ ਬਸੰਤਰ ਦੀ ਭੇਟ ਹੋਣੇ ਸਨ। ਅਸੀਂ ਰੇਲ ਮਾਰਗ 'ਤੇ ਅੱਗੇ ਤਾਂ ਚੰਗੇ ਭਲੇ ਤੁਰੇ ਜਾ ਰਹੇ ਸਾਂ, ਪਰ ਪੁਲ 'ਤੇ ਪਤਾ ਨਹੀਂ ਕੀ ਅੜਿੱਕਾ ਪਿਆ ਸੀ ? ਅੱਧੇ ਕੁ ਘੰਟੇ ਬਾਅਦ ਕੁਝ ਰਾਹ ਬਣਿਆ ਤਾਂ ਪਤਾ ਲੱਗਾ ਕਿ ਅਸਲ ਵਿਚ ਪੁਲ ਤੋਂ ਲੰਘਣ ਵਾਸਤੇ ਕੇਵਲ ਤਿੰਨ ਫੁੱਟ ਚੋੜੀਆਂ ਜਿਸਤ ਦੀਆਂ ਚਾਦਰਾਂ ਹੀ ਸਨ। ਉਨ੍ਹਾਂ ਦੇ ਆਲੇ ਦੁਆਲੇ ਤਾਂ ਲੱਕੜੀ ਦੇ ਵੱਡੇ ਸ਼ਤੀਰੇ ਹੀ ਸਨ। ਥੱਲੇ ਸ਼ੂਕਦਾ ਬਸੰਤਰ ਸੀ। ਅੱਖ ਝਮਕ ਜਾਵੇ ਤਾਂ ਬੰਦਾ ਦਰਿਆ ਵਿਚ। ਇਸ ਕਰਕੇ ਲੋਕ ਇਕ ਹੀ ਰਫਤਾਰ ਵਿਚ ਲੰਘ ਰਹੇ ਸਨ। ਇਥੇ ਦੇਰ ਤਾਂ ਲੱਗ ਗਈ ਪਰ ਇਕ ਲਾਭ ਵੀ ਹੋਇਆ ਅਗਲੇ ਸਫਲ ਵਾਸਤੇ ਇਕ ਕਤਾਰ ਆਪੇ ਹੀ ਬਣ ਗਈ ਸੀ।

ਪੁਲ ਨੂੰ ਸਣੇ ਸਾਈਕਲ ਦੇ ਹੌਲੀ ਹੌਲੀ ਪਾਰ ਕੀਤਾ। ਪੁਲ ਪਾਰ ਕਰ ਕੇ ਅਸੀਂ ਰੇਲ ਲਾਈਨ 'ਤੇ ਤੁਰ ਰਹੇ ਸਾਂ। ਇਸ ਵੇਲੇ ਨਾਲ ਨਾਲ ਕਮਾਦ ਸੀ। ਰਾਵੀ ਦਾ ਉੱਚਾ ਪੁਲ ਹੁਣ ਸਾਡੀ ਨਜ਼ਰ ਦੀ ਮਾਰ ਵਿਚ ਸੀ। ਪੈਂਡਾ ਦੋ ਕੁ ਮੀਲ ਦਾ ਬਾਕੀ ਸੀ। ਰਾਵੀ ਦਾ ਪੁਲ ਦੋਹਰਾ ਸੀ। ਰੇਲ ਅਤੇ ਸੜ ਇਕੋ ਪੁਲ 'ਤੇ ਹੀ ਬਣੇ ਹੋਏ ਸਨ। ਥੱਲੇ ਰੇਲ ਲਾਈਨ ਅਤੇ ਉਪਰ ਸੜਕ। ਪੁਲ ਨੂੰ ਜਾਂਦਿਆਂ ਰੇਲਵੇ ਲਾਈਨ ਦੇ ਸਮਾਨੰਤਰ ਥੋੜ੍ਹੀ ਦੂਰ 'ਤੇ ਹੀ ਸੜਕ ਵੀ ਸੀ। ਉਸ ਸੜਕ 'ਤੇ ਤਾਂ ਇਕ ਹੋਰ ਕਾਫਲਾ ਬੈਠਾ ਸੀ। ਗੱਡੇ, ਗੜਬਹਿਲਾਂ ਸਮੇਤ ਲੋਕ ਬੈਠੇ ਸਨ, ਗੁੱਛੂ ਮੁੱਛੂ ਹੋਏ। ਇਹ ਮੁਸਲਮਾਨਾਂ ਦਾ ਕਾਫਲਾ ਸੀ ਜੋ ਪੁਲ ਪਾਰ ਕਰ ਕੇ 'ਆਪਣੇ ਮੁਲਕ' ਪਾਕਿਸਤਾਨ ਵਿਚ ਆ ਗਿਆ ਸੀ। ਬੇਘਰ ਹੋਏ ਇਹ ਲੋਕੀਂ ਖੌਰੇ ਕਿੰਨੇ ਜੀਅ ਮਰਵਾ ਕੇ ਆਏ ਸਨ। ਨਾ ਕੋਈ ਨਾਅਰਾ ਮਾਰ ਰਿਹਾ ਸੀ ਨਾ ਕੋਈ ਬੋਲ ਰਿਹਾ ਸੀ। ਖਾਮੋਸ਼ੀ ਹੀ ਭਾਸ਼ਾ ਸੀ ਪੁੱਛਦੀਆਂ ਦੱਸਦੀਆਂ ਨਜ਼ਰਾਂ ਹੀ ਦੋਹੀਂ ਪਾਸੀਂ ਸੰਚਾਰ ਦਾ ਮਾਧਿਅਮ ਸਨ। ਮਿਲਟਰੀ ਅਫਸਰ 'ਜਲਦੀ ਚਲੋ, ਜਲਦੀ ਚਲੋ ਕਹਿ ਕੇ ਲੋਕਾਂ ਨੂੰ ਹੱਕ ਰਹੇ ਸਨ। ਇਸ ਸਮੇਂ ਕੁਝ ਵੀ ਵਾਪਰ ਸਕਦਾ ਸੀ। ਉਨ੍ਹਾਂ ਵਿਚਾਰਿਆਂ (ਫੌਜੀਆਂ) ਦੇ ਮਿਸ਼ਨ ਦੀ ਸਫਲਤਾ ਜਾਂ ਅਸਫਲਤਾ ਵਿਚ ਥੋੜ੍ਹੀ ਹੀ ਵਿੱਥ ਸੀ ਜਿਸ ਵਾਸਤੇ ਉਹ ਚਾਹੁੰਦੇ ਸਨ ਕਿ ਇਹ ਲੋਕ ਛੇਤੀ ਰਾਵੀ ਪਾਰ ਕਰ ਜਾਣ। ਸਾਡੇ ਵਾਸਤੇ ਵੀ ਰਾਵੀ ਦਾ ਪੁਲ ਜ਼ਿੰਦਗੀ ਦਾ ਪੁਲ ਸੀ ਅਤੇ ਇਸ ਵਿਚਲਾ ਫਾਸਲਾ ਮੌਤ ਅਤੇ ਜੀਵਨ ਵਿਚਲਾ ਫਾਸਲਾ ਸੀ। ਏਨੇ ਦਿਨ-ਰਾਤ ਭੁੱਖੇ-ਭਾਣੇ ਤੁਰਦਿਆਂ ਦਾ ਸਾਹ ਸਤ ਤਾਂ ਮੁੱਕ ਚੁੱਕਾ ਸੀ, ਪਰ ਆਖਰੀ ਹੰਭਲਾ ਮਾਰ ਕੇ ਅਸੀਂ ਤੁਰਦੇ ਗਏ। ਪੁਲ ਦੇ ਲਾਗੇ ਆ ਰਹੇ ਸਾਂ ਹੋਰ ਲਾਗੇ। ਪੁਲ ਦਾ ਆਕਾਰ ਅਤੇ ਸਾਡੇ ਦਿਲ ਦੀਆਂ ਧੜਕਣਾਂ ਵਧ ਰਹੀਆਂ ਸਨ। ਕੀ ਸਚਮੁੱਚ ਸਾਡੀਆਂ ਮੁਸੀਬਤਾਂ ਦਾ ਅੰਤ ਹੋਣ ਵਾਲਾ ਹੈ ?

ਸਾਨੂੰ ਇਕ ਗੱਲ ਦੀ ਹੈਰਾਨੀ ਵੀ ਸੀ ਅਤੇ ਡਰ ਵੀ ਸੀ। ਸਾਥੋਂ ਅਗੇ ਜਾ ਰਹੇ ਲੋਕ ਪਤਾ ਨਹੀਂ ਕਿੱਥੇ ਖਪਦੇ ਜਾ ਰਹੇ ਸਨ. ਉਹ ਦਿੱਸ ਨਹੀਂ ਸਨ ਰਹੇ। ਜਿਵੇਂ ਪੁਲ ਦੇ ਹੇਠ ਕੋਈ ਖੁੱਡ ਹੋਵੇ ਉਸ ਵਿਚ ਵੜਦੇ ਜਾ ਰਹੇ ਸਨ। ਜਾਂ ਦਰਿਆ ਰਾਵੀ ਵਿਚ ਡੁਬੱਦੇ ਜਾ ਰਹੇ ਸਨ। ਜੇ ਅਜਿਹੀ ਗੱਲ ਹੁੰਦੀ ਤਾਂ ਰੌਲਾ ਤਾਂ ਪੈਣਾ ਹੀ ਸੀ। ਪਰ ਲੋਕ ਬਗੈਰ ਕਿਸੇ ਤੌਖਲੇ ਦੇ ਚੁੱਪ ਚੁਪੀਤੇ ਚਲਦੇ ਜਾ ਰਹੇ ਸਨ। ਹੌਲੀ ਹੌਲੀ ਅਸੀਂ ਵੀ ਉਸ ਥਾਂ ਪੁੱਜ ਗਏ, ਪੁਲ ਦੇ ਐਨ ਕੋਲ। ਹੁਣ ਅਸੀਂ ਰੇਲ ਪਟੜੀ ਛੱਡ ਕੇ ਦਰਿਆ ਰਾਵੀ ਦੇ ਕੰਢੇ ਪੁੱਜ ਗਏ। ਨੱਕੋ-ਨੱਕ ਭਰੀ ਲਾਲ ਰੰਗ ਦੀ ਰਾਵੀ ਦੂਰ ਤਕ ਬਿਫਰੀ ਹੋਈ ਸੀ। ਤੇਜ਼ ਵਗਦੇ ਪਾਣੀ ਨੂੰ ਵੇਖ ਕੇ ਡਰ ਲਗਦਾ ਸੀ। ਵਿਚ ਵਿਚ ਲਾਸ਼ਾਂ, ਮੰਜੇ, ਪੇਟੀਆਂ ਤੇ ਹੋਰ ਸਾਮਾਨ ਵੀ ਰੁੜ੍ਹ ਰਿਹਾ ਸੀ। ਇਥੇ ਸਾਡੇ ਵਾਸਤੇ ਬਹੁਤ ਖਤਰਨਾਕ ਮੋੜ ਸੀ। ਥੱਲਿਓਂ ਰਾਵੀ ਦੇ ਪਾਣੀ ਦੇ ਬਿਲਕੁਲ ਨਾਲ ਦੀ ਹੋ ਕੇ ਸੱਜੇ ਮੁੜ ਕੇ


Namdhari Elibrary NamdhariElibrary@gmail.com

ਪੁਲ ਦੇ ਹੇਠੋਂ ਵਾਪਸ ਉਪਰ ਨੂੰ ਸੜਕ 'ਤੇ ਪੁੱਜਣਾ ਸੀ। ਸਾਂਝੇ ਪੁਲ 'ਤੇ ਪਹਿਲਾਂ ਥੱਲੇ ਰੇਲ ਦਾ ਪੁਲ ਸੀ, ਉਸ ਤੋਂ ਉਪਰਲੀ ਛੱਤ 'ਤੇ ਸੜਕ ਦਾ ਪੁਲ ਸੀ। ਬਿਲਕੁਲ ਸਿੱਧੀ ਚੜ੍ਹਾਈ ਜਿਵੇਂ ਤੁਰ ਕੇ ਕੰਧ ਉਤੇ ਚੜ੍ਹਨਾ ਹੋਵੇ। ਚੀਕਣੀ ਮਿੱਟੀ ਵਿਚ ਪੈਰ ਤਿਲਕ ਰਹੇ ਸਨ, ਇਹ ਸੌ ਕੁ ਫੁੱਟ ਦੀ ਚੜ੍ਹਾਈ ਆਖਰੀ ਰਿਸਕ ਸੀ। ਹੁਣ ਪਤਾ ਲੱਗਾ ਕਿ ਕਾਫਲੇ ਦਾ ਅਗਲਾ ਸਿਰਾ ਕਿਥੇ ਵੜ ਗਿਆ ਸੀ।

ਨਵੀਂ ਭੋਂ ਉਤੇ ਪਹੁੰਚਣ ਦੇ ਜੋਸ਼ ਵਿਚ ਹੀ ਅਸੀਂ ਧੁਰ ਉਪਰ ਚੋਟੀ 'ਤੇ ਪਹੁੰਚ ਗਏ। ਭਾਵ ਪੱਕੀ ਸੜਕ ਉਤੇ ਪੁੱਜ ਗਏ। ਉਪਰੋਂ ਸਾਰਾ ਨਜ਼ਾਰਾ ਦਿੱਸ ਰਿਹਾ ਸੀ। ਪਹਾੜ ਵਾਲੇ ਪਾਸੇ ਜਿਧਰੋਂ ਰਾਵੀ ਦਰਿਆ ਆ ਰਿਹਾ ਸੀ ਇਕ ਖੂਬਸੂਰਤ ਚਿੱਟੇ ਪੱਥਰ ਦੀ ਇਮਾਰਤ ਦਿੱਸਦੀ ਪਈ ਸੀ। ਉਧਰ ਲੋਕਾਂ ਨੇ ਝੁਕ ਕੇ ਪ੍ਰਣਾਮ ਕੀਤੀ। ਪਿਤਾ ਜੀ ਨੇ ਮੈਨੂੰ ਦੱਸਿਆ ਕਿ ਇਹ ਉਹ ਹੀ ਕਰਤਾਰਪੁਰ ਸਾਹਿਬ ਸੀ ਜਿਥੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਉਮਰ ਦੇ ਆਖਰੀ ਸਾਲ ਗੁਜਾਰੇ। ਖੇਤੀ ਕੀਤੀ, ਉਦਾਸੀ ਭੇਖ ਉਤਾਰ ਕੇ ਸੰਸਾਰੀ ਕੱਪੜੇ ਪਹਿਨੇ। ਇਹ ਸਾਰੇ ਦੜਪ ਦੇ ਇਲਾਕੇ ਦੇ ਲੋਕਾਂ ਦੀ ਜ਼ਿਆਰਤਗਾਹ ਸੀ।

ਦੀਵਾਨਾਂ ਦੀ ਰੌਣਕ ਦੀਆਂ ਲੋਕ ਕਹਾਣੀਆਂ ਪਾਉਂਦੇ ਹੁੰਦੇ ਸਨ। ਸਾਡਿਆਂ ਪਿੰਡਾਂ ਤੋਂ ਰਾਤ ਨੂੰ ਪੈਦਲ ਤੁਰ ਕੇ ਸੰਗਤਾਂ ਆਉਂਦੀਆਂ ਤੇ ਇਥੇ ਭਾਰੀ ਮੇਲੇ ਲਗਦੇ। ਅੱਜ ਇਹ ਗੁਰਦੁਆਰਾ ਖਾਮੋਸ਼ ਖੜ੍ਹਾ ਸੀ। ਕਦੀ ਬਾਬਾ ਨਾਨਕ ਸਾਰਾ ਸੰਸਾਰ ਭੌਂਅ ਕੇ ਇਥੇ ਆਇਆ ਤੇ ਕਰਤਾਰਪੁਰ ਵਸਾਇਆ ਸੀ। ਅੱਜ ਬਾਬੇ ਦੀ ਉਮਤ ਇਹ ਕਰਤਾਰਪੁਰ ਆਪਣੀਆਂ ਅੱਖਾਂ ਸਾਹਮਣੇ ਛੱਡ ਕੇ ਜਾ ਰਹੀ ਸੀ। ਦੂਰ ਪੂਰਬ ਵੱਲ ਡੇਹਰਾ ਬਾਬਾ ਨਾਨਕ ਦੇ ਗੁਰਦੁਆਰੇ ਦੇ ਨਿਸ਼ਾਨ ਸਾਹਿਬ ਦਿਸ ਰਹੇ ਸਨ। ਡੇਹਰਾ ਬਾਬਾ ਨਾਨਕ ਜਿਥੇ ਬਾਬੇ ਗੁਰੂ ਨਾਨਕ ਜੀ ਨੇ ਆਪਣਾ ਸਰੀਰ ਤਿਆਗਿਆ। ਇਕ ਗੁਰਦੁਆਰਾ ਰਾਵੀ ਦੇ ਓਸ ਪਾਰ ਇਕ ਏਸ ਪਾਰ। ਇਕ ਪਾਕਿਸਤਾਨ ਵਿਚ ਇਕ ਭਾਰਤ ਵਿਚ। ਦੋ ਗੁਰਦੁਆਰਿਆਂ ਵਿਚ ਲੀਕ ਵੱਜ ਗਈ।

ਗੁਰੂ ਬਾਬੇ ਦੀ ਦੇਹ ਤਿਆਗਣ ਸਮੇਂ ਹਿੰਦੂਆਂ ਮੁਸਲਮਾਨਾਂ ਵਿਚ ਝਗੜਾ ਹੋਇਆ। ਬਾਬੇ ਦੀ ਦੇਹ ਦੇ ਅੰਤਿਮ ਸੰਸਕਾਰ ਨੂੰ ਲੈ ਕੇ। ਇਕ ਕਹਿਣ ਬਾਬਾ ਹਿੰਦੂ ਸੀ ਦੂਜੇ ਕਹਿਣ ਮੁਸਲਮਾਨ ਸੀ। ਬਾਬੇ ਨੂੰ ਦੋਵੇਂ ਪਿਆਰ ਕਰਦੇ ਸਨ। ਬਾਬਾ ਸਭ ਦਾ ਸਾਂਝਾ ਸੀ। ਸਾਂਝ ਦਾ ਉਹਦਾ ਸੰਦੇਸ਼ ਸੀ। ਲੋਕ ਪੜ੍ਹਦੇ ਹੁੰਦੇ ਸਨ: ਸਭਨਾਂ ਦਾ ਸਾਂਝਾ ਬਾਬਾ, ਸਭਨਾਂ ਦਾ ਪੀਰ ਜੀ। ਅੱਜ ਹਿੰਦੂਆਂ ਮੁਸਲਮਾਨਾਂ ਦੀਆਂ ਦਿਸ਼ਾਵਾਂ ਵੱਖਰੀਆਂ ਹੋ ਗਈਆਂ ਸਨ। ਇਕ ਆ ਰਹੇ ਸਨ ਇਕ ਜਾ ਰਹੇ ਸਨ। ਖਾਮੋਸ਼ ਗੁਰਦੁਆਰਾ ਕਰਤਾਰਪੁਰ ਅਤੇ ਡੇਹਰਾ ਬਾਬਾ ਨਾਨਕ ਨੂੰ ਛੱਡ ਕੇ। ਪੁਲ 'ਤੇ ਖਲੋਤਿਆਂ ਸਾਡਾ ਕਿ ਪੈਰ ਪਾਕਿਸਤਾਨ ਵਿਚ ਸੀ ਤੇ ਦੂਸਰਾ ਹਿੰਦੁਸਤਾਨ ਵਿਚ। ਸਾਡੇ ਪੈਰਾਂ ਥੱਲੇ ਰਾਵੀ ਦਾ ਪੁੱਲ ਸੀ। ਪਾਕਿਸਤਾਨ ਤੇ ਹਿੰਦੁਸਆਂ ਦੀ ਸਾਂਝ ਦਾ ਪੁਲ। ਅਸਾਂ ਇਕ ਕਦਮ ਪੁੱਟਿਆ, ਆਖਰੀ ਕਦਮ ਜਿਸ ਨਾਲ ਸਾਡਾ ਵਤਨ, ਸਾਡੀ ਜੰਮਣ ਭੋਇੰ ਵਿਦੇਸ਼ੀ ਧਰਤੀ ਬਣ ਗਿਆ ਸੀ... ਬਾਹਰਲਾ ਮੁਲਕ ਬਣ ਗਿਆ ਸੀ... ਸਾਡਾ ਦੁਸ਼ਮਣ ਦੇਸ਼।"

ਜਗਦੀਸ਼ ਸਿੰਘ ਵਰਿਆਮ ਦੀ ਪੁਸਤਕ 'ਖਿੱਲਰੇ ਪੱਤਰੇ' (ਵਰਿਆਮ ਪ੍ਰਕਾਸ਼ਨ, ਲਾਡੋਵਾਲੀ ਰੋਡ, ਜਲੰਧਰ) ਵਿਚ ਹੋਰ ਵੀ ਬਹੁਤ ਕੁਝ ਹੈ। ਮੈਂ ਆਪਣੇ ਲੇਖ ਨੂੰ ਰਾਵੀ ਦੇ ਇਸ ਪਾਰ ਤੇ ਉਸ ਪਾਰ ਦੀਆਂ ਘਟਨਾਵਾਂ ਤਕ ਸੀਮਤ ਰੱਖਿਆ ਹੈ। ਇਨ੍ਹਾਂ ਵਿਚ ਸਭ ਕੁਝ ਹੈ। ਸੁਤੰਤਰਤਾ ਦਿਵਸ ਦਾ ਮੂੰਹ ਬੋਲਦਾ ਸੱਚ। ਇਸ ਏਨੇ ਵੱਡੇ ਸੱਚ ਦਾ ਉਰਲਾ ਪਾਸਾ ਚੌਧਰੀ ਕਰਤਾਰ ਸਿੰਘ ਘੁੰਮਣ ਨੇ ਆਪਣੀ ਡਾਇਰੀ ਵਿਚ ਉਲੀਕਿਆ ਹੈ ਤੇ ਪਾਰਲਾ ਪਾਸਾ ਜਗਦੀਸ਼ ਸਿੰਘ ਵਰਿਆਮ ਨੇ ਆਪਣੀ ਸਵੈ-ਜੀਵਨੀ ਵਿਚ। ਮੇਰਾ ਕੰਮ ਤਾਂ ਮਾਨਵਤਾ ਦੇ ਪ੍ਰੇਮੀ ਘੁੰਮਣ ਦੀ ਲਿਖਤ ਨੂੰ ਨਿੱਕੀ ਮੋਟੀ ਤਰਤੀਬ ਨਾਲ ਲਿਖਣਾ ਤੇ ਇਕ ਸੁਹਿਰਦ ਲੇਖਕ ਵਰਿਆਮ ਦੀ ਈਮਾਨਦਾਰ ਤੇ ਸੱਚੀ ਪੇਸ਼ਕਾਰੀ ਨਾਲ ਸੰਪਾਦਕੀ ਖੁੱਲ੍ਹਾਂ ਲੈਣਾ ਹੀ ਸੀ।

ਮੇਰੇ ਮਿੱਤਰ ਜਗਦੀਸ਼ ਸਿੰਘ ਵਰਿਆਮ ਨੇ ਆਪਣੀ ਪੁਸਤਕ ਦਾ ਤੋੜਾ 'ਪੁਸਤਕ ਪੜ੍ਹਨ ਤੋਂ ਪਹਿਲਾਂ ਦੇ ਸ਼ਬਦਾਂ ਵਿਚ ਸੰਜੋਗ ਵਿਜੋਗ ਦੀ ਅਟੱਲ ਸਚਾਈ ਨਾਲ ਜੋੜ ਕੇ ਤੋੜਿਆ ਹੈ। ਅੱਜ ਸਮਾਂ ਬਦਲ ਗਿਆ ਹੈ। ਹਿੰਦ-ਪਾਕਿ ਵਿਚ ਦੋਸਤੀ ਦੀ ਸੁਗੰਧ ਭਰੀ ਸਮੀਰ ਚਲ ਰਹੀ ਹੈ। ਸੰਤਾਲੀ ਦੇ ਵਿਯੋਗੀ ਦਿਨਾਂ ਨੂੰ ਭੁਲਾਉਣ ਵਾਸਤੇ ਉਨ੍ਹਾਂ ਨੂੰ ਯਾਦ ਰੱਖੀਏ ਤਾਂ ਕਿ ਸੰਜੋਗ ਦੀ ਦਸ਼ਾ ਬਣੀ ਰਹੇ। ਮੇਰੇ ਮਿੱਤਰ ਨੇ ਇਸ ਨੂੰ ਆਪਣੀ ਕਾਮਨਾ ਕਿਹਾ ਹੈ। ਜੇ ਚੌਧਰੀ ਘੁੰਮਣ ਅੱਜ ਸਾਡੇ ਵਿਚਕਾਰ ਹੁੰਦੇ ਤਾਂ ਉਹ ਵੀ ਇਹੀਓ ਕਾਮਨਾ ਕਰਦੇ। ਮੈਂ ਉਨ੍ਹਾਂ ਦੇ ਲਿਖੇ ਨੂੰ ਹਵਾ ਦੇ ਰਿਹਾ ਹਾਂ ਤਾਂ ਮੇਰੀ ਕਾਮਨਾ ਬਾਰੇ ਤਾਂ ਭੁਲੇਖੇ ਦੀ ਗੁੰਜਾਇਸ਼ ਹੀ ਨਹੀਂ। ਇਹ ਦੋ ਕਾਮਨਾਵਾਂ ਦਾ ਨਿਚੋੜ ਹੈ। ਰਾਵੀ ਦੇ ਕੰਢੇ ਵਾਲੇ ਕਰਤਾਰਪੁਰ ਤੇ ਡੇਰਾ ਬਾਬਾ ਨਾਨਕ ਦੇ ਟੁੱਟੇ ਪੁਲ ਨੂੰ ਜੋੜਨਾ।

*(ਪੰਜਾਬੀ ਟ੍ਰਿਬਿਊਨ)*
*੧੪ ਅਗਸਤ ੨੦੦੫ ਚੋਂ*
*ਧੰਨਵਾਦ ਸਹਿਤ)*



Namdhari Elibrary NamdhariElibrary@gmail.com

Gram : 'Sniper' Hello : 431367

Reputed Manufacturers of :

# Superior Quality

## SINGLE BARREL

&

# DOUBLE BARREL

B.L.–12 Bore

# GUNS

# MODERN GUN WORKS

OPP. : INDUSTRIAL ESATE,

JAMMU CANTT.



Namdhari Elibrary NamdhariElibrary@gmail.com

# ਆਧੁਨਿਕ ਦੋਹੇ

—ਡਾ. ਹਰਨੇਕ ਸਿੰਘ ਕੋਮਲ

ਬੰਦਾ ਸਬਰ-ਸੰਤੋਖ ਦੀ, ਛੋਡ ਬੈਠਾ ਹੈ ਰੀਤ।
ਢਿੱਡ ਤਾਂ ਭਰਦਾ ਖੂਬ ਹੈ, ਭਰਦੀ ਕਦੇ ਨਾ ਨੀਤ॥

ਦਿੱਤੇ ਬੱਚਿਆਂ ਨੂੰ ਅਸੀ, ਕੈਸ਼, ਕੋਠੀ, ਕਾਰ।
ਦਿੱਤੇ ਨਾ ਸੰਸਕਾਸ ਸ਼ੁੱਧ, ਨਾ ਹੀ ਉੱਚ ਵਿਚਾਰ॥

ਬੰਦਾ ਬਾਂਦਰ ਬਣ ਗਿਆ, ਕਰਦਾ ਬਹੁਤ ਖਰੂਦ।
ਉੱਤੇ ਬੈਠਾ ਆਪ ਹੈ, ਹੇਠਾਂ ਰੱਖ ਬਰੂਦ॥

ਆਪੋ-ਆਪਣੀ ਮੌਤ ਦਾ, ਮਾਰੇ ਡੰਗ ਖ਼ਿਆਲ।
ਅਸੀਂ ਜਦੋਂ ਹਾਂ ਚੱਲਦੇ, ਕਿਸੇ ਦੀ ਅਰਥੀ ਨਾਲ॥

ਲੇਵੇ 'ਚੋਂ ਲਹੂ ਚੂਸਦੀ, ਜੋਕ ਨਾ ਪੀਵੇ ਦੁੱਧ।
ਕਰਦਾ ਗ੍ਰਹਿਣ ਆਦਮੀ, ਜਿਹੋ-ਜਿਹੀ ਹੈ ਬੁੱਧ॥

ਘਰ ਗਏ ਆਪੋ-ਆਪਣੇ, 'ਹਿੱਸੇ' ਦੀ ਚੁੱਕ ਪੰਡ।
ਜਿਊਂਦਾ ਬਾਪੂ ਲਿਆ ਹੈ ਧੀਆਂ-ਪੁੱਤਰਾਂ ਵੰਡ॥

"ਚੜ੍ਹਦੀ ਕਲਾ" ਹੈ ਦੋਸਤੋ, ਇੱਕ ਮਹਾਂ ਵਰਦਾਨ।
ਖੇੜੇ ਦੇ ਵਿੱਚ ਖਿੜ ਰਿਹਾ, ਮਾਨਵ ਸਦਾ ਜਵਾਨ॥

ਬਿੱਲਕੁਲ ਸੁੱਚੇ ਹੱਥ ਨੇ, ਕਰਨ ਜੋ ਸੱਚੀ ਕਾਰ।
ਮਹਾਂ ਪੁਰਸ਼ਾਂ ਨੇ ਕਿਰਤ ਨੂੰ, ਕੀਤਾ ਸਦਾ ਪਿਆਰ॥

ਮਾਇਆ ਮਿੱਠਾ ਜ਼ਹਿਰ ਹੈ, ਜਾਣੇ ਸਾਰਾ ਜੱਗ।
ਫਿਰ ਵੀ ਚੰਚਲ ਨਾਰ ਇਹ, ਲੈਂਦੀ ਸਭ ਨੂੰ ਠੱਗ॥

ਰਿਸ਼ਤੇ-ਨਾਤੇ ਗਰਜ ਦੇ, ਨਕਲੀ ਮੋਹ-ਪਿਆਰ।
ਚੁੱਕੀ ਫਿਰਦੇ ਲੋਕ ਨੇ, ਰਿਸ਼ਤੇ ਦਾ ਕਿਉਂ ਭਾਰ॥

ਬਲਦੀ ਹੋਈ ਅੱਗ 'ਤੇ, ਪਾ ਨਾ ਐਵੇਂ ਤੇਲ।
ਦੋ ਦਿਲਾਂ ਨੂੰ ਦੋਸਤਾ, ਹੋ ਸਕੇ ਤਾਂ ਮੇਲ॥

ਸੂਲੀ ਚੜਿਆ ਸੱਚ ਹੈ, ਚੁੱਪ ਨੇ ਦਾਨਿਸ਼ਮੰਦ।
ਲੋਕ ਤਮਾਸ਼ਾ ਦੇਖਦੇ, ਅੱਖਾਂ ਕਰਕੇ ਬੰਦ॥

ਉੱਚੀ-ਸੁੱਚੀ ਸੋਚ ਨਾ, ਬੌਣਾ ਜਿਵੇਂ ਮਨੁੱਖ।
ਅੰਦਰ ਵੱਲ ਨੂੰ ਸਿਮਟ ਕੇ, ਆਪ ਸਹੇੜੇ ਦੁੱਖ॥

ਸੱਚ ਅਤੇ ਇਨਸਾਫ਼ ਨੇ, ਮਾਰੀ ਲੰਮੀ ਧਾਹ।
ਕਤਲ ਕੇਸ 'ਚੋਂ ਮੁੱਕਰੇ, ਚਸ਼ਮਦੀਦ ਗਵਾਹ॥

ਸਿੱਧੇ ਰਾਹ ਹੁਣ ਤੁਰਨ ਦੀ, ਭੁੱਲ ਗਏ ਹਾਂ ਜਾਚ।
ਜੰਦਰਾ ਵੱਜਾ ਅਕਲ ਨੂੰ, ਚਾਬੀ ਗਈ ਗਵਾਚ॥

ਬਚ ਨਾ ਸਕਦਾ ਕਾਲ ਤੋਂ, ਮਹਾਂਬਲੀ ਮਨੁੱਖ।
ਝੱਖੜ ਲੈਂਦਾ ਢੇਗ ਹੈ, ਵੱਡੇ ਵੱਡੇ ਰੁੱਖ॥

ਟੀ.ਵੀ. ਨੰਗਾ ਹੋ ਗਿਆ, ਬਣਿਆ 'ਨਗਨ-ਬਾਜ਼ਾਰ'।
ਕੁਝ ਤਾਂ ਰੋਕ ਸੀ ਲੱਗਣੀ, ਹੁੰਦੀ ਜੇ ਸਰਕਾਰ॥

ਡੱਡੂ ਵਾਂਗ ਟਪੂਸੀਆਂ, ਛੱਪੜ ਵਿੱਚ ਨਾ ਮਾਰ।
ਅੰਬਰ ਵਾਂਗੂ ਸੋਚ ਨੂੰ, ਦਿੰਦਾ ਰਹਿ ਵਿਸਥਾਰ॥

ਬੰਦਾ ਸੀ ਉਹ ਦੇਵਤਾ, ਬੰਦਾ ਸੀ ਵਿਦਵਾਨ।
ਸਮਝ ਸਕੇ ਨਾ ਓਸ ਨੂੰ, ਮੂਰਖ ਲੋਕ ਨਾਦਾਨ॥

ਮੋਢਾ ਵਰਤਨ ਕਿਸੇ ਦਾ, ਆਪਣੀ ਰੱਖ ਬੰਦੂਕ।
ਲੋਕ ਤਮਾਸ਼ਾ ਦੇਖ ਦੇ, ਘਰ ਬੇ-ਗ਼ਾਨਾ ਫੂਕ॥

ਚੇਤੇ ਬਾਬਾ ਆ ਰਿਹੈ, ਮਿੱਧਿਆ ਦੇਖ ਗੁਲਾਬ।
ਆ, ਛੇੜ ਮਰਦਾਨਿਆਂ, ਮਿੱਠੀ ਜਿਹੀ ਰਬਾਬ॥

ਹੱਥੀਂ ਪਾਲੇ ਰੁੱਖ ਨੂੰ, ਦੂਰੋਂ ਲੈਂਦਾ ਤੱਕ।
ਪੱਤਾ-ਪੱਤਾ ਬਦਲਿਆ, ਛਾਂ 'ਤੇ ਰਿਹਾ ਨਾ ਹੱਕ॥

ਵੱਡਾ ਮੇਰਾ ਸਾਹਿਬ ਹੈ, ਵੱਡੀ ਉਸ ਦੀ ਦਾਤ।
ਮੈਂ ਹਾਂ ਕੀੜਾ ਧਰਤ ਦਾ, ਮੇਰੀ ਨੀਵੀਂ ਜਾਤ॥

ਰੂਹ ਵਾਲੇ ਕੁਝ ਲੋਕ ਨੇ, ਵਸਦੇ ਰੂਹ ਦੇ ਕੋਲ।
ਯਾਦਾਂ ਦੇ ਵਿੱਚ ਵੱਸਦੇ, ਕੁਝ ਚਿਹਰੇ, ਕੁਝ ਬੋਲ॥

ਬਣਨਾ ਹੈ ਜੋ ਬਣੋਂ, ਪਰ, ਰੱਖਣਾ ਜ਼ਰਾ ਧਿਆਨ।
ਬਣਨਾ ਹੈ ਪਰ ਲਾਜ਼ਮੀ, 'ਇੱਕ ਚੰਗਾ ਇਨਸਾਨ॥

ਦੁਬਿਧਾ ਵਿੱਚ ਦੁੱਖ ਭੋਗਦੇ, ਦੋ ਦੇ ਹੋ ਮੁਥਾਜ।
ਚੱਕੀ ਦੇ ਦੋ ਪੁੜਾਂ ਵਿੱਚ, ਪਿਸਦਾ ਜਿਵੇਂ ਅਨਾਜ॥

ਬਖਸ਼ਿਆ ਸਾਨੂੰ ਪੁਰਖਿਆਂ, 'ਚਾਨਣ ਦਾ ਭੰਡਾਰ'।
ਨ੍ਹੇਰੇ ਦੇ ਵਿੱਚ ਰਹੇ ਹਾਂ, ਫਿਰ ਕਿਉਂ ਟੱਕਰਾਂ ਮਾਰ॥

ਇਹ ਸੌਦਾਗਰ ਕੱਚ ਦੇ, ਕੋਲ ਇਨ੍ਹਾਂ ਦੇ ਕੱਚ।
ਕੂੜ-ਕੁਫ਼ਰ ਦੀ ਹੱਟ ਤੋਂ, ਮਿਲਦਾ ਕਦੋਂ ਹੈ ਸੱਚ॥

ਮਿੱਟੀ ਸਾਡੀ ਮਾਂ ਹੈ, ਮਿੱਟੀ ਹੈ ਅਣਮੋਲ।
ਮਿੱਟੀ ਕਰ ਵੀਰਾਨ ਨਾ, ਮਿੱਟੀ ਨੂੰ ਨਾ ਰੋਲ॥

ਤੇਰੇ ਹਰ ਇਕ ਅਮਲ 'ਤੇ, ਮਾਲਕ ਦੀ ਹੈ ਅੱਖ।
ਮਨ ਵਿੱਚ ਖ਼ੌਫ ਖ਼ੁਦਾ, ਦਾ, ਹਰਦਮ ਬੰਦਿਆ ਰੱਖ॥

ਰਾਹ ਸ਼ੈਤਾਨੀ ਛੱਡ ਕੇ, ਚੁਗੀਏ ਡੁੱਲ੍ਹੇ ਬੇਰ।
ਆਓ ਆਪਾਂ, ਦੋਸਤੋ, ਬੰਦੇ ਬਣੀਏ ਫੇਰ॥

ਵਗੀ ਹਨੇਰੀ ਔਖਰੀ, ਉੱਠੇ ਕਈ ਤੂਫਾਨ।
ਇਹ ਹੈ ਰਹਿਮਤ ਰੱਬ ਹੈ, ਸਾਬਤ ਰਿਹਾ ਈਮਾਨ॥

ਉੱਚੀ ਮਾਨਸ ਜਾਤ ਹੈ, ਐਵੇਂ ਕੜ੍ਹੀ ਨਾ ਘੋਲ।
ਸੋਨੇ ਦੀ ਫੜ ਤੱਕੜੀ, ਕੰਕਰ ਨਾ ਤੂੰ ਤੋਲ॥

*ਗਲੀ ਵਿਕਾਸ ਪਬਲਿਕ ਸਕੂਲ,*
*ਮਲੋਟ-੧੫੨੧੦੭*
*ਫੋਨ ੦੧੬੩੭-੨੬੧੪੧੪ (ਘ)*



Namdhari Elibrary NamdhariElibrary@gmail.com

## .ਗ਼ਜ਼ਲ

*—ਮਹਿਮਾ ਸਿੰਘ ਤੂਰ*

ਬਾਹਾਂ ਦੇ ਵਿਚ ਪਿਆਰ ਦੀ ਸੌਗਾਤ ਸੀ ਮੈਂ ਸੌਂ ਗਿਆ।
ਭਿੰਨੀ-ਭਿੰਨੀ ਤਾਰਿਆਂ ਦੀ ਰਾਤ ਸਹੀ ਮੈਂ ਸੌਂ ਗਿਆ।

ਮਿੱਠਾ-ਮਿੱਠਾ ਦਰਦ ਸੀ, ਮੌਸਮ ਵੀ ਡਾਢਾ ਸਰਦ ਸੀ,
ਹੰਝੂਆਂ ਦੀ ਹੋ ਰਹੀ ਬਰਸਾਤ ਸੀ ਮੈਂ ਸੌਂ ਗਿਆ।

ਚਾਹੀਦਾ ਸੀ ਦੀਪ ਬਣ ਕੇ ਨੇਰ੍ਹ ਨੂੰ ਵੰਗਾਰਦਾ,
ਐਨੀ ਕਿੱਥੇ 'ਤੂਰ' ਦੀ ਔਕਾਤ ਸੀ ਮੈਂ ਸੌਂ ਗਿਆ।

ਧੂੰਏਂ ਦੇ ਵਿਚ ਦੇਖਿਆ ਹਰ ਗੁੰਮ ਹੋਇਆ ਆਦਮੀ,
ਸੁੱਤੀ ਹੋਈ ਆਦਮੀ ਦੀ ਜ਼ਾਤ ਸੀ ਮੈਂ ਸੌਂ ਗਿਆ।

ਕੁਦਰਤ ਨੇ ਜਦ ਤਕ ਜਗਾਇਆ ਜਾਗਣਾ ਵੀ ਫਰਜ਼ ਸੀ,
ਸੌਣਾ ਵੀ ਕੁਦਰਤ ਦੀ ਬਖਸ਼ੀ ਦਾਤ ਸੀ ਮੈਂ ਸੌਂ ਗਿਆ।

ਜਜ਼ਬਾਤਾਂ ਦੀ ਖੇਡ ਵਿਚ ਮੈਨੂੰ ਹਰਾਇਆ ਯਾਰ ਨੇ,
ਜਦ ਹੋਈ ਹਰ ਚਾਲ ਮੇਰੀ ਮਾਤ ਸੀ ਮੈਂ ਸੌਂ ਗਿਆ।

ਗੱਲਾਂ ਦੇ ਹੁੰਗਰਿਆਂ ਦੀ ਹਾਲੇ ਸਥੀ ਨੂੰ ਲੋੜ ਸੀ,
ਹਾਲੇ ਪਾਉਂਦੀ ਪਿਆਰ ਦੀ ਉਹ ਬਾਤ ਸੀ ਮੈਂ ਸੌਂ ਗਿਆ।

*ਤੂਰ ਨਿਵਾਸ, ਹਲਵਾਰਾ— ੧੪੧੧੦੭*
*(ਲੁਧਿਆਣਾ)*

## ਕਾਫ਼ੀ

*—ਅਜੈਬ ਸਿੰਘ*

ਜਿਨ੍ਹਾਂ ਪਹਿਲਾ ਪੂਰ ਖੁੰਜਾਇਆ,
ਕੰਢੇ ਬੈਠੀਆਂ ਝੂਰ ਦੀਆਂ।
ਇਸ਼ਕ ਅਕਲ ਦੀ ਕਦੇ ਨਾ ਮੰਨੀ,
ਕਦੇ ਨਾ ਸੋਚੇ ਦੂਰ ਦੀਆਂ।
"ਲੈਲਾ ਵਰਗੀ ਹੋਰ ਨਾ ਕੋਈ,
ਲੱਖ ਸਿਫਤਾਂ ਕਰ ਤੂੰ ਹੂਰ ਦੀਆਂ"
ਤਨ ਮਨ ਵਾਰ ਜੇ ਯਾਰ ਰੀਝਾਉਣਾ,
ਫਿਰ ਝਲਕਾਂ ਦੇਖੀਂ ਨੂਰ ਦੀਆਂ।
ਹਰ ਦਮ ਚਾਅ ਹੀ ਚੜਿਆ ਰਹਿਸੀ,
ਕੀ ਦੱਸਾਂ ਏਸ ਸਰੂਰ ਦੀਆਂ।
ਜੇ ਉਹ ਹੱਥ ਦੀ ਸਖੀ ਭੀ ਹੁੰਦੀ,
ਕੀ ਰੀਸਾਂ ਸੀ 'ਭਰਪੂਰ' ਦੀਆਂ।
ਰਾਹੀਆਂ ਨੂੰ ਜੇ ਛਾਂ ਭੀ ਦੇਵੇ,
ਘਾਟਾਂ ਮਿਟਣ ਖਜੂਰ ਦੀਆਂ।

## .ਗ਼ਜ਼ਲ

*— ਢਿਲੋਂ ਪ੍ਰੀਤ*

ਸੋਚ ਦੀਆਂ ਕੰਧਾਂ ਦੇ ਉਤੇ ਫਿਕਰਾਂ ਦਾ ਪਰਛਾਵਾਂ
ਸਧਰਾਂ ਦੀਆਂ ਗਿਲੀਆਂ ਯਾਦਾਂ ਕਿਸ ਥਾਂ ਸੁਕਣੇ ਪਾਵਾਂ

ਗਲੀਆਂ ਮੋੜਾਂ ਉਤੇ ਲਗਾ ਨਾਲ ਸੰਗੀਨਾਂ ਪਹਿਰਾ
ਦਸ ਵੇ ਘੜਿਆ ਕਿਸ ਰਾਹ ਲੰਘ ਕੇ ਘਰ ਤੇਰੇ ਨੂੰ ਆਵਾਂ

ਪੈਂਦੀ ਮਾਰ ਜਨੂੰਨੀ ਏਧਰ ਓਧਰ ਮਾਰ ਕਾਨੂੰਨੀ
ਘਰ ਤੇਰੇ ਦਾ ਲਿਖਿਆ ਹੋਇਆ ਦਿਲ ਉਤੇ ਸਿਰਨਾਵਾਂ

ਈਸਾ ਰਾਮ ਮੁੰਹਮਦ ਨਾਨਕ ਚੋਂਹ ਗੁਠੀਂ ਦਫਨਾਏ
ਲੋਕ ਰਾਜ ਦੀਆਂ ਹਡੀਆਂ ਨੂੰ ਮੈਂ ਕਿਥੇ ਪੂਰਨ ਜਾਵਾਂ

ਸਮੇਂ ਝੱਖੜ ਘੇਰਿਆ ਕਾਫਲਾ ਰਾਹਗੀਰ ਭੂਲੇ ਰਾਹਵਾਂ
ਮੈਂ ਏਹਨਾਂ ਮਾਸੂਮ ਰੀਝਾਂ ਨੂੰ ਕੀਹਦੀ ਉਂਗਲੀ ਲਾਵਾਂ

ਖੂਨ ਨਾਲ ਗਈ ਧਰਤੀ ਰੰਗੀ ਅੰਬਰ ਹੋਇਆ ਕਾਲਾ
ਕਿਥੇ ਬਹਿਕੇ ਝਟ ਗੁਜਾਰਾਂ ਜਿਹਰੀਲੀਆਂ ਹਵਾਵਾਂ

ਮੌਸਮ ਮਾਲੀ ਵਿਗੜੇ ਦੋਵੇਂ ਰੱਬ ਵੀ ਗੁਸੇ ਰਹਿੰਦੈ
ਪ੍ਰੀਤ ਪ੍ਰੀਤ ਦੇ ਬੂਟੇ ਕਿਸੇ ਥਾਂ ਸਗਣਾਂ ਲਈ ਉਗਾਵਾਂ

ਵੇਖ ਸਜਣਾ ਸੌਣ ਰੁਸਿਐ ਸੌਣ ਨਹੀਂ ਚੰਗਾ ਲਗਦਾ
ਤੈਂ ਬਿਨ ਸਜਣਾ ਸੌਣ ਦੇ ਅੰਦਰ ਤੀਆਂ ਕਿਵੇ ਮਨਾਵਾਂ

*ਪਿੰਡ ਨਾਈਵਾਲਾ ਸਿਰਸਾ, ਹਰਿਆਣਾ*

## .ਗ਼ਜ਼ਲ

*—ਸਿਰੀ ਰਾਮ 'ਅਰਸ਼'*

ਤੂੰ ਆਪਣੇ ਘਰ 'ਚ ਥਾਪੇ ਠਾਕਰਾਂ ਤੋਂ ਚਾਹੁੰਦਾ ਕੀ ਏਂ ?
ਅਜੋਕੇ ਜੁਗ ਦੇ ਪਾਵਨ ਪਾਤਰਾਂ ਤੋਂ ਚਾਹੁੰਦਾ ਕੀ ਏਂ ?
ਸਿਰਾਂ ਤੇ ਨਾ ਕੋਈ ਕੁੱਲੀ, ਨਾ ਮੋਢੀਂ ਅਕਲ ਦੀ ਜੁੱਲੀ,
ਮੇਰੇ ਵਰਗੇ ਤੂੰ ਲੱਖਾਂ ਬੇ-ਘਰਾਂ ਤੋਂ ਚਾਹੁੰਦਾ ਕੀ ਏਂ ?
ਜਿੰਨ੍ਹੇ ਤੇਰੇ ਜਿਹੇ ਹਰ ਅਜਨਬੀ ਨੂੰ ਓਟ ਦਿੱਤੀ ਸੀ,
ਤੂੰ ਉਸ ਢਹਿੰਦੇ ਹੋਏ ਸੁੰਞੇ ਗਰਾਂ ਤੋਂ ਚਾਹੁੰਦਾ ਕੀ ਏਂ ?
ਜਿਨ੍ਹਾਂ ਤੋਂ ਮਹਿਲ ਬਣਵਾ ਕੇ ਉਨ੍ਹਾਂ ਨੂੰ ਟੁੰਡ ਤੂੰ ਬਖਸ਼ੇ,
ਦੁਬਾਰਾ ਅੱਜ ਉਨ੍ਹਾਂ ਕਾਰੀਗਰਾਂ ਤੋਂ ਚਾਹੁੰਦਾ ਕੀ ਏਂ ?
ਸਤੀ ਕੀਤੀ ਸੀ ਜਿਹੜੀ ਇਸਤਰੀ ਨਰ ਦੀ ਚਿਖਾ ਉੱਪਰ,
ਚੜ੍ਹਾਵੇ ਚਾੜ੍ਹ ਕੇ ਉਸ ਦੇ ਦਰਾਂ ਤੋਂ ਚਾਹੁੰਦਾ ਕੀ ਏਂ ?
ਤੇਰੇ ਭੇਜੇ ਹੋਏ ਝੱਖੜ 'ਤੇ ਮੀਂਹ ਵਿਚੋਂ ਜੋ ਨਹੀਂ ਢੱਠੇ,
ਗ਼ਰੀਬਾਂ ਦੇ ਉਨ੍ਹਾਂ ਕੱਚੇ ਘਰਾਂ ਤੋਂ ਚਾਹੁੰਦਾ ਕੀ ਏਂ ?
ਜਦੋਂ ਆਉਂਦੇ, ਗ਼ੁਲਾਮੀ ਨਾਲ ਅਪਣੇ ਲੈ ਕੇ ਆਉਂਦੇ ਹਨ,
ਤੂੰ ਦੱਸੀਂ ! 'ਅਰਸ਼' ਸੱਦੇ ਤਾਜਰਾਂ ਤੋਂ ਚਾਹੁੰਦਾ ਕੀ ਏਂ ?

*੨੦੪- ਸੈਕਟਰ ੬੫*
*ਮੁਹਾਲੀ*



Namdhari Elibrary NamdhariElibrary@gmail.com

# ਦੋ ਰਚਨਾਵਾਂ/ ਮਨਜੀਤ ਸੋਹਲ

## *ਅਸੀਂ ਤੇ ਕੱਟਾਂਗੇ*

ਅਸੀਂ ਤੇ ਕੱਟਾਂਗੇ
ਹੁਮਸ ਭਰੇ ਪਹਿਰ
ਚੋਂਦੇ ਪਿੰਡਿਆਂ ਸਣੇ
ਤੇ ਖੁਰਕ ਸੁੱਟਾਂਗੇ ਮੁੜ੍ਹਕੇ ਨਾਲ ਭਿੱਜੇ ਸਰੀਰਾਂ ਨੂੰ
ਮੱਛਰ ਦੇ ਤੋੜ-ਤੋੜ ਖਾਣ ਕਰਕੇ
ਛਿੱਲ ਹੁੰਦੀ ਤਾਂ ਹੋਈ ਜਾਵੇ
ਪਿੰਡੇ ਦੀ ਤਿੜਕਦੀ ਪਿੱਤ
ਅਸੀਂ ਤੇ ਖੁਰਕਦੇ-ਖੁਰਕਦੇ ਲਾਲ ਹੋ ਜਾਵਾਂਗੇ
ਤੇ ਬਿਜਲੀ ਦੇ ਲੰਮੇਂ ਕੱਟਾਂ ਨੂੰ
ਖੁਦ ਤੇ ਹੰਢਾਵਾਂਗੇ
ਤੇ ਅੱਧੀ ਰਾਤੇ ਵੀ
ਉੱਠ-ਉੱਠ ਕੇ ਨਹਾਵਾਂਗੇ
ਸਾਡਾ ਕੀ ਏ
ਅਸੀਂ ਤੇ ਆਏ ਹਵਾ ਦੇ ਇੱਕ ਬੁੱਲੇ ਦਾ ਵੀ
ਰੱਜ ਕੇ ਸ਼ੁਕਰ ਮਨਾਵਾਂਗੇ
ਅਸੀਂ ਤੇ ਗਿੱਲਾ ਸਾਫਾ ਉਤੇ ਲੈ
ਨਾ ਮੁੱਕਦੀ ਰਾਤ ਨਾਲ ਆਢਾ ਲਾਵਾਂਗੇ
ਕਦੀ ਸੌਂ, ਕਦੇ ਬਹਿ ਰਾਤ ਕੱਟ
ਅੱਖਾਂ 'ਚ ਰੜਕ ਲੈ ਕੰਮ ਤੇ ਜਾਵਾਂਗੇ
ਗੱਲ ਤੇ ਤੁਹਾਡੀ ਏ
ਕਿ ਤੁਹਾਡਾ ਏ.ਸੀ. ਕੀ ਕਹਿੰਦਾ ਏ
ਪਰ ਇਹਦੇ ਨਾ ਤੁਸਾਂ ਨੂੰ ਕੀ
ਤੁਹਾਨੂੰ ਤੇ
ਨੋਟਾਂ ਦਾ ਚਾਅ ਨਹੀਂ ਸੌਣ ਦਿੰਦਾ
ਤੁਹਾਡੇ ਜਾਗਣ ਦੀ ਵਜਾ ਕੁਝ ਹੋਰ ਹੁੰਦੀ ਏ
ਤੇ ਤੁਸੀਂ ਕੀ ਜਾਣੋਂ
ਕਿ ਤਾਰਿਆਂ ਦੀ ਸਾਡੇ ਨਾਲ ਕਿਵੇਂ ਦੋਸਤੀ ਏ
ਤੇ ਮੱਛਰਾਂ ਦੀ ਭੀਂ-ਭੀਂ ਦਾ ਰਾਗ ਕੰਨੀ ਗੂੰਜਣਾ
ਤੇ ਸੂਆ ਖੋਭ ਲਹੂ ਪੀਣਾ
ਕਿਵੇਂ ਵਾਪਰਦਾ ਏ
ਤੇ ਕੋਠੇ ਤੇ ਸੁੱਤਿਆਂ ਹਵਾ ਦਾ ਇੱਕ ਬੁੱਲਾ ਵੀ
ਕਿਵੇਂ ਥਾਪੜਦਾ ਏ
ਅਸੀਂ ਤੇ ਡਾਰ ਬਣਾ ਕੇ ਡਾਹੇ ਮੰਜਿਆਂ ਤੇ ਪੈ →
→ ਬਿਜਲੀ ਖੁਣੋਂ ਖੜ੍ਹ ਗਏ ਪੱਖੇ ਦਾ
ਸਾਡੇ ਤੇ ਹੱਸਣਾ ਨਿੱਤ ਝੱਲਦੇ ਹਾਂ
ਅਸੀਂ ਤੇ ਏਦਾਂ ਹੀ ਜਿਉਂਦੇ ਹਾਂ
ਏਦਾਂ ਹੀ ਮਰਦੇ ਹਾਂ
ਸਾਡਾ ਕੀ ਏ
ਅਸੀਂ ਤੇ ਕੱਟਾਂਗੇ
ਹੁਮਸ ਭਰੇ ਪਹਿਰ
ਚੋਂਦੇ ਪਿੰਡਿਆਂ ਸਣੇ
ਤੇ ਖੁਰਕ ਸੁੱਟਾਂਗੇ ਮੁੜ੍ਹਕੇ ਨਾਲ ਭਿੱਜੇ ਸਰੀਰਾਂ ਨੂੰ
ਮੱਛਰ ਦੇ ਤੋੜ ਤੋੜ ਖਾਣ ਕਰਕੇ।

—੯੮੧੪੦-੪੨੩੪੧

## *ਗੱਭਰੂ ਦੇਸ ਪੰਜਾਬ ਅੰਦਰ*

ਸੋਹਣੇ ਗੱਭਰੂ ਦੇਸ ਪੰਜਾਬ ਅੰਦਰ,
ਸੋਹਣੀ ਦੇਹ ਨੂੰ ਰੋਗ ਲਵਾਈ ਜਾਂਦੇ।
ਭਰ ਕੇ ਪੀਣ ਗਲਾਸੀਆਂ ਰੋਜ ਏਥੇ,
ਲੱਖਾਂ ਬੋਤਲਾਂ ਨਿਤ ਮੁਕਾਈ ਜਾਂਦੇ।
ਰੋਜ ਸਿਗਰਟਾਂ ਬੀੜੀਆਂ ਪੀਣ ਵਾਲੇ,
ਬਲਗਮ ਥੁੱਕ ਕੇ ਗੰਦਗੀ ਪਾਈ ਜਾਂਦੇ।
ਜਰਦਾ ਲਾਉਣ ਤੇ ਥੂ-ਥੂ ਕਰਨ ਵਾਲੇ
ਰੱਖ ਤਲੀ ਤੇ ਰਗੜੇ ਲਗਾਈ ਜਾਂਦੇ।
ਪਾਨ ਪੱਤੇ ਸੁਪਾਰੀਆਂ ਖਾਣ ਜਿਹੜੇ,
ਹਰ ਸੜਕ ਨੂੰ ਨਰਕ ਬਣਾਈ ਜਾਂਦੇ।
ਭੰਗ ਪੀਣ ਵਾਲੇ ਚਿਲਮਾਂ ਲਾਂਵਦੇ ਨੇ,
ਹੁੱਕੇ ਵਿਚ ਤਮਾਕੂ ਨੂੰ ਪਾਈ ਜਾਂਦੇ।
ਸਮੈਕਾਂ ਪੀਂਦੇ ਸੋਹਣੇ ਜਵਾਨ ਮੁੰਡੇ,
ਮਾਂ ਬਾਪ ਦਾ ਸਭ ਗਵਾਈ ਜਾਂਦੇ।
ਹਰ ਗੱਲ ਤੇ ਬੋਲਦੇ ਝੂਠ ਏਹੋ,
ਚੋਰੀ ਕਰਨ ਦੀ ਆਦਤ ਪਾਈ ਜਾਂਦੇ।
ਰੋਹਬ, ਇਜਤ, ਤੇ ਮਾਣ ਪੰਜਾਬੀਆਂ ਦਾ,
ਕੱਠੇ ਹੋ ਕੇ ਗੁਠੜੇ ਲਾਈ ਜਾਂਦੇ।
ਨਸ਼ੇ ਕਰਨ ਤੇ ਕਿਸੇ ਦਾ ਕੀ ਜਾਣਾ,
ਇਹੋ ਆਪਣਾ ਆਪ ਗਵਾਈ ਜਾਂਦੇ।
ਸੱਚੇ ਪਾਤਸ਼ਾਹ ਬਖਸ਼ ਲੈ ਭੈੜਿਆਂ ਨੂੰ,
ਖੌਰੇ ਕਿਹੜੇ ਰਾਸਤੇ ਜਾਈਂ ਜਾਂਦੇ।
ਸੋਹਣੇ ਗੱਭਰੂ ਦੇਸ ਪੰਜਾਬ ਅੰਦਰ,
ਸੋਹਣੀ ਦੇਹ ਨੂੰ ਰੋਗ ਲਵਾਈ ਜਾਂਦੇ।


Namdhari Elibrary NamdhariElibrary@gmail.com

*ਕਵਿਤਾ*

# ਰਾਜ-ਵਣਜ ਦੀ ਹੋ ਗਈ ਸੰਧੀ

—*ਤੇਜਵੰਤ ਮਾਨ (ਡਾ:)*

ਏਸ ਸ਼ਹਿਰ ਦਾ ਵੱਡਾ ਚੌਕ
ਕਲਜੁਗ ਦਾ ਸੰਤਾਪ ਹੰਢਾਵੇ
ਰਾਜ-ਵਣਜ ਦੀ ਹੋ ਗਈ ਸੰਧੀ
ਏਸ ਗਲ ਦੀ ਸਮਝ ਨਾ ਆਵੇ।
ਕਦੇ ਗੋਲ ਫੁਹਾਰਾ ਇਸਦਾ
ਨਿੰਮਾਂ ਦੀ ਮਿਠੀ ਠੰਡੀ ਛਾਂ ਸੀ
ਚਾਟੀ ਭਰਨਿਓਂ ਪਾਣੀ ਪਿਲਾਉਂਦੀ
ਪਰੀਆਂ ਵਰਗੀ ਇਕ ਮਾਂ ਸੀ।
ਕਾਲੇ ਅੰਗਰੇਜ਼ਾਂ ਸੰਧੀ ਕੀਤੀ
ਪਰੀ ਦੀ ਇਕ ਦਿਨ ਸ਼ਾਮਤ ਆਈ
ਸਮੇਂ ਦੇ ਹਾਕਮ ਹੁਕਮ ਦੀ ਸੱਟੇ
ਮਾਂ ਦੀ ਮੂਰਤ ਢਾਅ ਮੁਕਾਈ।
ਗੋਲ ਵਰਗ ਤਿਕੋਨ ਦੇ ਵਾਲਾ
ਇੱਟਲੀ ਜਰਮਨੋਂ ਨਕਸ਼ਾ ਆਇਆ
ਨਵੇਂ ਯੁੱਗ ਨਵੀਂ ਕਲਾ ਦਾ
ਰਾਜ-ਵਣਜ ਨੇ ਚੌਕ ਬਣਾਇਆ।
ਅਦਨਾ ਆਦਮੀ ਸੋਚੀਂ ਪੈ ਗਿਆ
ਹਾਕਮ ਇਹ ਕੀ ਜ਼ੁਲਮ ਕਮਾਇਆ
ਗੋਲ ਵਰਗ ਤਿਕੋਨ ਬਲਾ ਕੀ ਹੈ ?
ਉਸਨੂੰ ਭੋਰਾ ਸਮਝ ਨਾ ਆਇਆ।
ਵਣਜ ਧਰਮ ਦਾ ਇਕੋ ਖਾਸਾ
ਵਰਤੋ-ਸਿਟੋ ਵਕਤ ਦਾ ਕੀ ਭਰਵਾਸਾ
ਹਾਕਮ ਬਦਲਿਆ ਚੌਕ ਬਦਲਿਆ
ਹਰ ਹਾਕਮ ਨੇ ਨਕਸ਼ਾ ਨਵਾਂ ਬਣਾਇਆ।
ਸ਼ਿਵ ਦਾ ਹਾਕਮ ਰਿਹਾ ਪੁਜਾਰੀ
ਸ਼ਿਵਲਿੰਗ ਸ਼ਕਲ ਚੌਕ ਬਣਾਇਆ
ਸ਼ਿਵਲਿੰਗ ਰੰਗ-ਬਰੰਗਾ ਲਗੇ
ਸ਼ੇਡਾਂ ਸੰਗ ਪਾਣੀ ਇਝ ਗਰਾਇਆ।
ਅਦਨਾ ਆਦਮੀ ਹੈਰਾਨ ਰਹਿ ਗਿਆ
ਰਾਜੇ ਇਹ ਕੀ ਕੌਤਕ ਰਚਾਇਆ
ਵੱਡੇ ਚੌਕ ਦੀ ਚਮਕ ਦਮਕ ਨੇ
ਡੌਰ ਭੌਰ ਕਰ ਘੁੰਮ ਘੁਮਾਇਆ।
ਅਚਾਨਕ ਨਾਦਰ ਸ਼ਾਹੀ ਆਈ
ਰਾਜੇ ਦੇ ਮਹਿਲੋਂ ਇਕ ਹੁਕਮ ਲਿਆਈ
ਅਜ ਦਾ ਯੁੱਗ ਮੰਡੀ ਦਾ ਯੁੱਗ ਹੈ
ਸੁਣ ਲੌ ਸਭ ਕੀਟ ਲੋਕਾਈ।

ਰਾਜ-ਵਣਜ ਸੰਧੀ ਦਾ ਯੁੱਗ ਹੈ
ਇਕ ਵਿਸ਼ਵ ਇਕ ਮੰਡੀ ਦਾ ਯੁੱਗ ਹੈ
ਵਣਜ ਵਪਾਰੀ ਰੁਸ ਨਾ ਜਾਵੇ
ਮਤਾ ਰਾਜ-ਵੰਸ ਵਿਰੁਧ ਹੋ ਜਾਵੇ।
ਉਗਰਸੈਨ ਮਥਰਾ ਦਾ ਰਾਜਾ
ਪਿਤਾ ਕੰਸ ਦਾ ਸਫਲ ਵਣਜਾਰਾ
ਰਾਜ-ਵਣਜ ਦੀ ਸੰਧੀ ਕਾਰਨ
ਏਸ ਸ਼ਹਿਰ ਦੇ ਵੱਡੇ ਚੌਕ ਵਿਚ
ਬੁੱਤ ਓਸਦਾ ਲਿਆ ਟਿਕਾਇਆ
ਅਦਨਾ ਆਦਮੀ ਸੋਚੀਂ ਪੈ ਗਿਆ
ਕ੍ਰਿਸ਼ਨ ਜੋ ਪਾਡਵਾਂ ਸੰਗ ਹੈ ਭਾਈ,
ਉਗਰਸੈਨ ਕਿਉਂ ਕੌਰਵਾਂ ਭਰਮਾਇਆ
ਪੰਜ ਸੌ ਟਕਿਆਂ ਖਾਤਰ ਉਸਨੇ
ਪਾਡਵਾਂ ਸੰਗ ਯੁੱਧ ਰਚਾਇਆ।
ਕਿਉਂ ਮਹਿਲੋਂ ਨਿਕਲ ਛੱਤਰ ਪਤੀ ਰਾਜਾ
ਵੱਡੇ ਚੌਕ ਆਣ ਬੈਠਾ ਹੈ ਭਾਈ
ਇਹ ਰਾਜਨੀਤੀ ਦੀ ਕੇਹੀ ਖੇਡ ਹੈ
ਉਸਨੂੰ ਰਤਾ ਸਮਝ ਨਾ ਆਈ।
ਏਸ ਸ਼ਹਿਰ ਦੇ ਵੱਡੇ ਚੌਕੀ
ਖੜਾ ਵਿਚਾਰਾ ਸੋਚੀਂ ਪਿਆ ਹੈ
ਪਰੀਆਂ ਵਰਗੀ ਉਸ ਮਾਂ ਦਾ ਝਰਨਾ
ਕਿਸ ਦੀ ਸਾਜਸ਼ ਨਾਲ ਢਿਹਾ ਹੈ।
ਇਕ ਇਕ ਰੁਪਿਆ ਰਈਅਤ ਵਿਚ ਵੰਡੇ
ਤਾਹੀਓਂ ਧਰਮੀ ਰਾਜਾ ਕਹਿਲਾਵੇ
ਖਰੀਦ ਸ਼ਕਤੀ ਆਪਣੀ ਪਰਜਾ ਦੀ
ਅਰਥ-ਸ਼ਾਸਤਰੀ ਵਾਂਗ ਵਧਾਵੇ
ਵਿਸ਼ਵ-ਮੰਡੀ ਦਾ ਇਹੋ ਗੋਰਖ ਧੰਦਾ
ਲੋਕਾਂ ਨੂੰ ਬਸ ਸਮਝ ਨਾ ਆਵੇ।
ਏਸ ਸ਼ਹਿਰ ਦਾ ਵੱਡਾ ਚੌਕ
ਕਲਜੁਗ ਦਾ ਸੰਤਾਪ ਹੰਢਾਵੇ
ਰਾਜ-ਵਣਜ ਦੀ ਹੋ ਗਈ ਸੰਧੀ
ਏਸ ਗਲ ਦੀ ਸਮਝ ਨਾ ਆਵੇ
ਪਾਡਵਾਂ ਮਹਾਂ ਭਾਰਤ ਸੀ ਜਿਤਿਆ
ਪਰ ਵਿਜੈ ਚੌਕ ਅਜ ਨਜ਼ਰ ਨਾ ਆਵੇ।

ਕਾਲਜ ਰੋਡ
ਸੰਗਰੂਰ-੧੪੮੦੦੧



Namdhari Elibrary NamdhariElibrary@gmail.com

# OSTER®

REGD. TRADE MARK No. 491851

***SHIRTS***

## CARDIGANS • PULLOVERS

# TITLIS (U.K.)

## LUXURY SHAWLS • BLANKETS

## BED SHEETS • BED LINEN

TEL : + 91 161 2494123, 2496056, 2493689, 5087501-02-03.
FAX:+ 91 161 2494131, 2500732
E-MAIL:jawsons@sify.com osterldh@satyam.net.in
Web site.www.osterindia.com




Namdhari Elibrary NamdhariElibrary@gmail.com

# ਮੁਠੱਡੇ ਕੂਕਿਆਂ ਦੇ

*—ਦਲਬੀਰ ਸਿੰਘ ਤਰਸ*

ਗੁਰਾਇਆ ਵਲੋਂ ਆਉਂਦਿਆਂ ਪੰਜਵੇਂ ਤੇ ਫਿਲੌਰ ਵਲੋਂ ਸੱਤਵੇਂ ਮੀਲ ਪੱਥਰ ਤੋਂ ਸੱਜੇ ਤੇ ਖੱਬੇ ਮੁੜ, ਸਤਿਗੁਰੂ ਰਾਮ ਸਿੰਘ ਡਿਓੜੀ ਗੇਟ ਕਰਾਸ ਕਰ ਕੇ, ਦੁਸਾਂਝਾਂ ਦਾ ਰੇਲਵੇ ਫਾਟਕ ਲੰਘ ਕੇ ਇਸ ਫਿੱਸੀ-ਟੁਟੀ ਸੜਕ ਤੇ ਬੜੀ ਸਾਵਧਾਨੀ ਨਾਲ ਰੁਕ ਰੁਕ ਕੇ ਚਲਦੇ ਜਾਈਏ ਤਾਂ ਇਹ ਸੜਕ ਤੁਹਾਨੂੰ ਮੁਠੱਡਾ ਕਲਾਂ ਦੇ ਉਸਰ ਰਹੇ ਸਤਿਗੁਰੂ ਰਾਮ ਸਿੰਘ ਸਟੇਡੀਅਮ ਤੱਕ ਲੈ ਜਾਵੇਗੀ।

ਉਸ ਸਮੇਂ ਦੀ ਸਿੱਖੀ ਦੀ ਡਿਓੜੀ ਨੂੰ ਜਾ ਰਹੀ ਸੜਕ ਲਈ ਅਜਿਹੇ ਸ਼ਬਦ ਵਰਤਦਿਆਂ ਮੇਰਾ ਭੀ ਹਿਰਦਾ ਚੀਰਿਆ ਜਾਂਦਾ ਹੈ ਪ੍ਰੰਤੂ ਮਜਬੂਰ ਹਾਂ — ਖਬਰਾਂ ਮਿਲਦੀਆਂ ਹਨ "ਅਲੈਕਸ਼ਨਾਂ ਆਉਣ ਵਾਲੀਆਂ ਹਨ ਤੇ ਇਸ ਟੋਟੇ ਨੇ ਵੋਟਾਂ ਤੋਂ ਪਹਿਲਾਂ ਤਿਆਰ ਹੋ ਜਾਣਾ ਹੈ।" ਤਦੋਂ ਤੱਕ ਗੱਡੀਆਂ ਤੇ ਲੱਤਾਂ ਦੇ ਗੋਡੇ ਗਿੱਟੇ ਸੰਭਾਲ ਕੇ ਚਲਣਾ ਪਵੇਗਾ।

ਮਾ. ਰਣਜੀਤ ਸਿੰਘ ਦੇ ਸਮੇਂ ਸੋਢੀ ਸਿੱਖਾਂ ਦੇ ਇਹ ਦੋ ਪਿੰਡ ਸ਼ੁਨ। ਸਿੰਘਾਂ ਮੁਸਲਮਾਨਾਂ ਦੀ ਘਣੀ ਜੰਗ ਹੋਣ ਕਾਰਨ ਦੋਵਾਂ ਵਿਚ ਠੱਡੇ (ਮੋਰਚੇ) ਬਣਾਏ ਹੋਏ ਸਨ। ਇਕ ਛੋਟਾ ਮੋਰਚਾ ਇਕ ਵੱਡਾ। ਠੱਡੇ ਤੋਂ ਹੀ ਇਹ ਦੋਵੇਂ ਪਿੰਡ ਛੋਟੇ ਬੜੇ ਮੁਠੱਡੇ (ਖੁਰਦ ਤੇ ਕਲਾਂ) ਬਣ ਗਏ। ਕਲਾਂ ਵਿਚ ਕਿਲੇ ਦੇ ਰੂਪ ਵਿਚ ਅਸੀਂ ਇਸ ਨੂੰ ਦੇਖਿਆ ਹੈ। ਇਹ ਉਦਾਸੀ ਸੰਤਾਂ ਦੇ ਅਧੀਨ ਹੁੰਦਾ ਸੀ ਤੇ ਜਿਸ ਦਾ ਤਾਲ ਮੇਲ ਅਨੰਦਪੁਰ ਦੇ ਸੋਢੀਆਂ ਨਾਲ ਹੁੰਦਾ ਸੀ ਤੇ ਇਥੇ ਹਾਥੀਆਂ ਘੋੜਿਆਂ ਤੇ ਸਾਧੂ ਸੰਤ ਆਇਆ ਕਰਦੇ ਸਨ। ਅੱਜ ਦੇ ਇਸ ਦੇ ਸੰਚਾਲਕ ਭਾਈ ਗੁਰਦਾਸ ਸਾਧ ਦੀ ਸੰਤਾਨ ਹਨ ਜੋ ਬਾਦ ਵਿਚ ਸਿੰਘ ਸਜੇ।

ਉਪਰੋਕਤ ਜੰਗ ਵਿਚ ਸ਼ਹੀਦ ਹੋਏ ਰਾਮਗੜ੍ਹੀਆ ਸਿੰਘ, ਬਾਬਾ ਸੰਗਤ ਸਿੰਘ ਦੀ ਇੱਥੇ ਸਮਾਧ ਹੋਇਆ ਕਰਦੀ ਸੀ ਜਿਸ ਨੂੰ ਹੀ ਗੁਰਦੁਆਰੇ ਦਾ ਰੂਪ ਦਿੱਤਾ ਗਿਆ ਹੈ।

ਮੁਠੱਡਾ ਕਲਾਂ ਵਿਚ ਹਰ ਜਾਤੀ ਦੀ ਕਿਸੇ ਨਾ ਕਿਸੇ ਪੱਖੋਂ ਮਾਨਤਾ ਤੇ ਮਹੱਤਤਾ ਹੈ। ਇੱਥੇ ਸਿੱਖਾਂ ਦੇ ਅੱਜ ਕਈ ਗੁਰਦੁਆਰੇ ਹਨ। ਹਿੰਦੂਆਂ ਦਾ ਵੱਡਾ ਤੇ ਪੁਰਾਣਾ ਸ਼ਿਵ ਮੰਦਰ ਹੈ। ਮੁਸਲਮਾਨ ਪੀਰ-ਲੱਖ ਦਾਤਾ ਦੀ ਜਗਾਹ ਹੈ ਜੋ ਅਜੇ ਭੀ ਸੰਭਾਲੀ ਹੋਈ ਹੈ ਪ੍ਰੰਤੂ ਵੱਡਾ ਪ੍ਰਭਾਵ ਜੋ ਸਮੇਂ ਦੀ ਸੁਲਤਾਨੀ ਸਿੱਖੀ ਤੇ ਪਿਆ ਉਹ ਸੀ ਕੂਕਾ ਲਹਿਰ ਦਾ ਬ੍ਰਿਟਿਸ਼ ਵਿਰੁਧ ਕਲਿਆਣਕਾਰੀ ਕਦਮ। ਇਸ ਕਰਕੇ ਇਸਨੂੰ ਕੂਕਿਆਂ ਦੇ ਮੁਠੱਡੇ ਬੜੇ ਗੌਰਵ ਨਾਲ ਕਿਹਾ ਜਾਂਦਾ ਹੈ। ਭਾਵੇਂ ਇਸ ਦੇ ਦੋ ਹੋਰ ਨਾਮ, ਦਇਆ ਰਾਮ ਦੇ ਮੁਠੱਡੇ ਤੇ ਪਹਿਲਵਾਨਾਂ ਦੇ ਮੁਠੱਡੇ ਦੀ ਮਹਾਨਤਾ ਨੂੰ ਛੁਟਿਆਇਆ ਨਹੀਂ ਜਾ ਸਕਦਾ ਪ੍ਰੰਤੂ ਇਨ੍ਹਾਂ ਦੋਵਾਂ ਤੇ ਹੀ ਨਾਮਧਾਰੀ ਪ੍ਰਭਾਵ ਸਵੀਕਾਰਣੀਯ ਹੈ।

੧੮੫੮ ਈਸਵੀ ਵਿਚ ਸਤਿਗੁਰੂ ਰਾਮ ਸਿੰਘ ਜੀ ਹਜਰੋ ਤੋਂ ਵਾਪਸੀ ਸਮੇਂ ਜਦੋਂ ਏਸ ਪਿੰਡ ਪਹਿਲੀ ਵੇਰ ਦਰਸ਼ਨ ਦਿੱਤੇ, ਇਸ ਦੀ ਬਹੁਤੀ ਸੁਲਤਾਨੀ ਵਸੋਂ ਵਿਚੋਂ ਆਪਦੀ ਨੂਰਾਨੀ ਦਰਿਸ਼ਟੀ ਵਜੀਰੇ ਲੁਹਾਰ ਤੇ ਪਿੰਡ ਵੜਦਿਆਂ ਪਈ ਤੇ ਉਸ ਨੂੰ ਭਜਨ ਦੇ ਅਕਾਲ ਦੇ ਰਾਹ ਪਾ ਦਿੱਤਾ। ਅਗਲੇ ਦੋ ਫੇਰਿਆਂ ਵਿਚ ਸਤਿਗੁਰੂ ਪਿੰਡ ਦੀ ਕਾਇਆ ਹੀ ਪਲਟ ਦਿੱਤੀ ਪਿੰਡ ਦੀ ਧਰਮਸ਼ਾਲਾ ਵਿਚੋਂ ਨਾਮ ਅਤੇ ਅੰਮ੍ਰਿਤ ਦੀ ਵਹਿੰਦੀ ਧਾਰਾ ਨੇ ਏਸ ਪਿੰਡ ਤੇ ਲਾਗਲੇ ਪਿੰਡਾਂ ਚੋਂ ਬਹੁਤਿਆਂ ਨੂੰ ਨਾਮਧਾਰੀ ਸਜਾ ਦਿੱਤਾ।

ਸਤਿਗੁਰੂ ਰਾਮ ਸਿੰਘ ਛੇ ਸੱਤ ਵੇਰ ਮੁਠੱਡੀਂ ਆਏ। ਇਕ ਵੇਰ ਤੇ ਹਫਤਾ ਰਹੇ ਧਰਮਸ਼ਾਲਾ ਵਿਚ। ਨਾਮ ਅੰਮ੍ਰਿਤ ਦੀ ਵਰਖਾ ਹੁੰਦੀ ਰਹਿੰਦੀ। ਨਾਮ ਲੈਂਦਿਆਂ ਸਭਨਾ ਦੀ ਮਸਤਾਨੀ ਦਸ਼ਾ ਹੋ ਜਾਂਦੀ ਕਈਆਂ ਨੂੰ ਨਾਮ ਲੈ ਬੇਮੁੱਖ ਹੋਇਆ ਰੰਗ ਭੀ ਲੱਗੇ।

ਬ੍ਰਾਹਮਣਾਂ ਜਦੋਂ ਆਪਣੀ ਪਰੋਹਤਚਾਰੀ ਦੀ ਬੇਅਦਬੀ ਹੁੰਦੀ ਦੇਖ ਹੁੱਕੇ ਦੇ ਦੂਸ਼ਤ ਪਾਣੀ ਨਾਲ ਆਪ ਦੀ ਸੋਧ ਮਰਿਆਦਾ ਨੂੰ ਭੰਗ ਕਰਨ ਦੇ ਉਪਰਾਲੇ ਤੇ, ਸਿੰਘਾਂ ਪਹਿਲੋਂ ਤੇ ਉਨ੍ਹਾਂ ਨੂੰ ਸੋਧਿਆ ਫਿਰ ਫਿਲੌਰ ਬੰਦ ਭੀ ਕਰਵਾ ਦਿੱਤਾ। ਪਾਤਸ਼ਾਹਾਂ ਦੂਸਰੇ ਦਿਨ ਹੀ ਫਿਲੌਰ ਦਰਿਆ ਪਤਣ ਤੇ ਪੁਜ ਉਨ੍ਹਾਂ ਨੂੰ ਰਿਹਾ ਭੀ ਆਪ ਹੀ ਕਰਵਾਇਆ। ਖਬਰੇ ਉਨ੍ਹਾਂ ਦੀ ਇਹ ਦਿਆਲਤਾ ਹੀ ਸੀ ਜਿਸ ਕਾਰਨ ਅੱਜ ਉਨ੍ਹਾਂ ਬ੍ਰਾਹਮਣਾਂ ਦੇ ਬੱਚੇ ਉਸੇ ਧਰਮਸ਼ਾਲਾ ਨੂੰ ਆਪਣੀਆਂ ਹਥੀਂ ਬਣਾਈਆਂ ਥਾਵਾਂ ਨੂੰ ਦਾਨ ਕਰ ਆਪਣਾ ਸੁਭਾਗ ਮਹਿਸੂਸ ਕਰਦੇ ਹਨ।

ਇਨ੍ਹਾਂ ਹੀ ਫੇਰਿਆਂ ਵਿਚ ਸਤਿਗੁਰਾਂ ਬੀਬੀ ਚੰਦਾ ਨੂੰ ਸੇਲਤਰ ਸੰਭਾਲਦਿਆਂ ਬਚਨ ਕੀਤਾ "ਬੀਬੀ ਇਸ ਨੂੰ ਸੰਭਾਲ ਮੈਂ ਆ ਕੇ ਆਪਣੀ ਵਸਤੂ ਲੈ ਲਵਾਂਗਾ।"

ਗੁਰੂ ਹਰੀ ਸਿੰਘ ਜੀਆਂ ਦਾ ਮੁਠੱਡਾ ਕਲਾਂ ਵਿਖੇ ਫੇਰੀ ਤੇ ਕਈ ਅਸਚਰਜ ਗਲਾਂ ਸੁਣਨ ਵਿਚ ਆਈਆਂ ਹਨ ਜੋ ਉਨ੍ਹਾਂ ਦੇ ਜੋਲ ਵਰਗੇ ਜੀਵਨ ਵਿਚ ਹੋਣੀਆਂ ਬੜੀਆਂ ਕਠਨ ਲਗਦੀਆਂ ਹਨ ਪ੍ਰੰਤੂ ਜਿਨ੍ਹਾਂ ਬਜ਼ੁਰਗਾਂ ਨੇ ਦਰਸ਼ਨ ਕੀਤੇ ਹਨ ਉਨ੍ਹਾਂ ਨੂੰ ਝੁਠਲਾਉਣਾ ਭੀ ਸੌਖਾ ਨਹੀਂ।



Namdhari Elibrary NamdhariElibrary@gmail.com

ਸਤਿਗੁਰੂ ਹਰੀ ਸਿੰਘ ਦੇ ਗੁਰਿਆਈ ਕਾਲ ਵਿਚ ਮੁਠਿਡਿਆਂ ਵਿਚ ਹੋਈਆਂ ਘਟਨਾਵਾਂ ਮੈਂ ਆਪਣੇ ਪੜਦਾਦੀ ਤੇ ਬਾਬਾ ਜੀ ਤੋਂ ਆਪ ਸੁਣੀਆਂ ਹਨ। ਕੀਲੀ ਤੇ ਸੁੱਕਦੇ ਕਛਹਿਰੇ ਫਿਲੌਰ ਕਿਲੇ ਵਿਚ ਨਜ਼ਰ ਬੰਦੀ ਦੇ ਸੰਕੇਤ ਹੋਇਆ ਕਰਦੇ ਸਨ।

ਗੰਡਾ ਸਿੰਘ-ਫ਼ਤਿਹ ਸਿੰਘ ਗੁਰੂ ਰਾਮ ਸਿੰਘ ਦੇ ਵਰਸਾਏ ਸਿੰਘ ਸਨ। ਫ਼ਤਹਿ ਸਿੰਘ ਦੀ ਪੁਤਰੀ ਬੀਬੀ ਚੰਦਾਂ ਨੂੰ ਸਤਿਗੁਰੂ ਰਾਮ ਸਿੰਘ ਸਲੋਤਰ ਦੀ ਬਖਸ਼ਸ਼ ਕੀਤੀ। ਖੋਟਿਆਂ ਵਿਚ ਹੋਏ ਅਨੰਦ ਕਾਰਜਾਂ ਵਿਚ ਇੱਕ ਅਨੰਦ ਬੀਬੀ ਬਿਸ਼ਨੀ ਪੁੱਤਰੀ ਜੱਗਾ ਸਿੰਘ ਧੂਰ ਕੋਟ ਦਾ ਫਤਿਹ ਸਿੰਘ ਦੇ ਸਪੁੱਤਰ ਬੀਰ ਸਿੰਘ ਨਾਲ ਹੋਇਆ।

ਗੰਡਾ ਸਿੰਘ ਵਿਚੋਂ ਮਈਆ ਸਿੰਘ ਜਿਸ ਨੂੰ ਨਾਮ ਦੇਣ ਦਾ ਹੁਕਮ-ਪ੍ਰਾਪਤ ਹੋਇਆ (ਨਾਹਰ ਸਿੰਘ) ਸਈਆ ਸਿੰਘ ਜੋ ਸਤਿਗੁਰੂ ਪਰਤਾਪ ਸਿੰਘ ਦੇ ਗੁਰਤਾ ਸਮੇਂ ਦੁਆਬੇ ਦਾ ਸੂਬਾ ਰਿਹਾ। ਕਿਹਰ ਸਿੰਘ ਜਿਸਨੇ ਸਤਿਗੁਰੂ ਜਗਜੀਤ ਸਿੰਘ ਸਮੇਂ ਦੇ ਲਾ ਮਸਾਲ ਹੋਲੇ ਸਮੇਂ ਖਜ਼ਾਨਚੀ ਦੀ ਸੇਵਾ ਕੀਤੀ।

ਸਵਰਗੀ ਕਿਹਰ ਸਿੰਘ ਦਾ ਪੁੱਤਰ ਇਹ ਅਵਤਾਰ ਸਿੰਘ ਹੈ ਜੋ ਅੱਜ ਕਲ੍ਹ ਉਸੇ ਧਰਮਸ਼ਾਲਾ ਦੀ ਸੇਵਾ ਵਿਚ ਜੁਟਿਆ ਰਹਿੰਦਾ ਹੈ ਜਿੱਥੇ ਵੱਡੇ ਹੋਲੇ ਦੀ ਆਰੰਭਕ ਵਰਨੀ ਸਮੇਂ ਸਤਿਗੁਰੂ ਰਾਮ ਸਿੰਘ ੨੪ ਘੰਟੇ ਪਰਕਾਸ਼ਮਾਨ ਰਹੇ। ਹਰ ਸੰਗਰਾਂਦ ਤੇ ਗੁਰਪੁਰਬ ਆਦ ਵਿਸ਼ੇਸ਼ ਦਿਨਾਂ ਤੇ ਗੁਰਦੁਆਰੇ ਆਈ ਸੰਗਤ ਦਾ ਲੰਗਰ ਪ੍ਰਬੰਧ, ਗੁਰਦੁਆਰੇ ਦੀ ਬਿਲਡਿੰਗ ਸਮਗਰੀ ਦੇ ਦੇਖ ਰੇਖ ਤੇ ਭਾਈ ਦੀ ਅਣਹੋਂਦ ਸਮੇਂ ਇਹ ਜ਼ੁੰਮੇਵਾਰੀ ਭੀ ਨਿਭਾਉਣੀ ਇਸ ਨੇ ਆਪਣੇ ਸਿਰ ਲੈ ਰਖੀ ਹੈ। ਪਿੰਡ ਵਿਚ ਨਾਮਧਾਰੀ ਨਾਮ ਨੂੰ ਜਾਗਰਤ ਰੱਖਣ ਵਾਲਿਆਂ ਵਿਚੋਂ ਇਹ ਇੱਕ ਹੈ। ਬੀਬੀ ਚੰਦਾਂ ਤੋਂ ਬਾਦ ਸਲੋਤਰ ਦੀ ਸੇਵਾ ਹੁਣ ਅਵਤਾਰ ਸਿੰਘ ਦੇ ਪਰਿਵਾਰ ਦੀ ਜ਼ੁੰਮੇਵਾਰੀ ਹੈ।



ਸ. ਅਵਤਾਰ ਸਿੰਘ

ਜਮੀਤ ਸਿੰਘ ਦੇ ਪ੍ਰੀਵਾਰ ਵਿਚੋਂ ਪੜਦਾਦਾ ਦਲ ਸਿੰਘ, ਬਾਬਾ ਚੰਨਣ ਸਿੰਘ ਤੇ ਪਿਤਾ ਜਸਵੰਤ ਸਿੰਘ – ਚਾਚਾ ਮਹਿੰਦਰ ਸਿੰਘ (ਸਾਬਕਾ ਪ੍ਰਧਾਨ ਵਿਦਿਅਕ ਜਥਾ ਜਲੰਧਰ) ਤੋਂ ਬਾਦ ਜੋ, ਇਸ ਪਿੰਡ ਵਿਚ ਸਿੱਖੀ ਦੇ ਝੰਡੇ ਨੂੰ ਸਦਾ ਬੁਲੰਦ ਰੱਖਣ ਦੀ ਹਿੰਮਤ ਸਤਿਗੁਰਾਂ ਹਰਜੀਤ ਸਿੰਘ ਨੂੰ ਪਰਦਾਨ ਕੀਤੀ ਹੈ, ਹੋਰ ਕਿਸੇ ਪਾਸ ਨਹੀਂ। ਅੱਤ ਮੁਸ਼ਕਲ ਵਾਤਾਵਰਨ ਵਿਚ ਭੀ ਇਹ ਸਤਿਗੁਰਾਂ ਦੇ ਆਸਰੇ ਅਡੋਲ ਚਲਿਆ ਜਾ ਰਿਹਾ ਹੈ। ਜੇ ਪਿੰਡ ਵਿਚ ਕੋਈ ਧਾਰਮਕ ਰਸਮ ਅਦਾਉਣੀ ਹੋਵੇ ਤਾਂ ਭੀ ਇਸੇ ਰਾਹੀਂ ਹੁੰਦੀ ਹੈ। ਪਿੰਡ ਦੀ ਘਿਰਣਾਉਣੀ ਸਿਆਸਤ ਤੋਂ ਇਹ ਸੈ ਕੋਹਾਂ ਦੂਰ ਰਹਿੰਦਾ ਹੈ ਤੇ ਸੁਖੀ ਹੈ। ਕਿਸੇ ਦੇ ਸੋਗ ਸਮੇਂ ਨੂੰ ਸੰਭਾਲਣ ਦੀ ਸਮਰਥਾ ਸਤਿਗੁਰਾਂ ਇਸ ਨੂੰ ਬਖਸ਼ੀ ਹੋਈ ਹੈ। ਕੁਝ ਭੀ ਹੋ ਜਾਏ ਸਤਿਗੁਰਾਂ ਦੀ ਹੁਕਮ ਅਦੂਲੀ ਇਸ ਤੋਂ ਅਸੰਭਵ ਹੈ। ਇਸ ਦਾ ਸਭ ਤੋਂ ਵੱਡਾ ਕੰਮ ਸਤਿਗੁਰਾਂ ਦੇ ਹੁਕਮ ਜਾਂ ਦਰਬਾਰ ਦੇ ਹੁਕਮ ਵਿਚ ਚਲਣ ਤੋਂ ਬਗ਼ੈਰ ਹੋਰ ਕੋਈ ਨਹੀਂ। ਜਪ ਪਰਯੋਗ ਸਮੇਂ ਨਾਮ ਸਿਮਰਨ ਦਾ ਪ੍ਰਬੰਧ ਤੇ ਹਰ ਮਰਿਆਦਾ ਨੂੰ ਪੂਰਨ ਵਿਚ ਇਸ ਤੋਂ ਗਲਤੀ ਸੰਭਵ ਨਹੀਂ। ਪਿੰਡ ਵਿਚ ਛੋਟੇ ਬੱਚੇ ਸੰਭਾਲ ਕੇ ਜਥੇ ਵਿਚ ਜੋੜ ਤੇ ਉਨ੍ਹਾਂ ਨੂੰ ਵਿਦਿਅਕ ਪ੍ਰਤੀਯੋਗਤਾ ਲਈ ਟਰੇਨ ਕਰਨ ਦਾ ਪੂਰਾ ਧਿਆਨ ਰਖਣਾ ਇਸ ਨੂੰ ਚੰਗੀ ਤਰ੍ਹਾਂ ਆਉਂਦਾ ਹੈ। ਗਾਹੇ ਬਗਾਹੇ ਛੋਟੇ ਬਚਿਆਂ ਨੂੰ ਭੈਣੀ ਸਾਹਿਬ ਦੀ ਤੀਰਥ ਯਾਤਰਾ ਕਰਾਉਣ ਦੇ ਲਾਭ ਵਲੋਂ ਇਹ ਪੂਰਨ ਚੁਤੰਤਰ ਹੈ। ਪੰਥਕ ਜ਼ੁੰਮੇਵਾਰੀਆਂ ਵਲੋਂ ਇਹ ਜਲੰਧਰ ਵਿਦਿਅਕ ਜਥੇ ਦਾ ਪ੍ਰਧਾਨ ਭੀ ਰਹਿ ਚੁੱਕਾ ਹੈ ਤੇ ਐਸ ਵੇਲੇ ਕਨਵੀਨੀਅਰ ਦਾ ਅਸਥਾਨ ਇਸ ਨੂੰ ਸੌਂਪਿਆ ਗਿਆ ਹੈ ਜਿਸ ਨੂੰ ਇਹ ਬੜੀ ਯੋਗਤਾ ਨਾਲ ਨਭਾਈ ਜਾ ਰਿਹਾ ਹੈ। ਢਿੱਲੀ ਸਿਹਤ ਵਿਚ ਭੀ ਇਹ ਪੰਥਕ ਜ਼ੁੰਮੇਵਾਰੀਆਂ ਨੂੰ ਖਿੜੇ ਮੱਥੇ ਨਿਭਾ ਕੇ ਸੁਖ ਪ੍ਰਾਪਤ ਕਰਨ ਦਾ ਆਦੀ ਹੈ। ਪਿੰਡ ਵਿਚ ਹਰਜੀਤ ਸਿੰਘ ਤੇ ਅਵਤਾਰ ਸਿੰਘ ਕਾਰਨ ਨਾਮਧਾਰੀ ਨਾਮ ਨੂੰ ਕੋਈ ਆਂਚ ਆਉਣ ਦੀ ਆਸ ਨਹੀਂ।



ਸੰਤ ਹਰਜੀਤ ਸਿੰਘ

ਸਾਡੇ ਪਿੰਡ ਦੀ ਇੱਕ ਹੋਰ ਸ਼ਖਸੀਅਤ, ਜਿਸ ਦਾ ਜ਼ਿਕਰ ਮੈਂ ਕਿਸੇ ਪੁਸਤਕ ਵਿਚ ਕਿਧਰੇ ਨਹੀਂ ਪੜ੍ਹਿਆ ਤੇ ਨਾ ਟੇਪਾਂ ਆਦ ਵਿਚ ਸੁਣਿਆ ਹੈ, ਉਹ ਸ. ਦੇਵਾ ਸਿੰਘ ਪਰਮਹੰਸ ਹੈ। ਇਸ ਦਾ ਜ਼ਿਕਰ ਮੈਂ ਇਸ ਕਰਕੇ ਨਹੀਂ ਕਰ ਰਿਹਾ ਕਿ ਮੇਰੇ ਪੜਦਾਦਾ ਜੀ ਸਨ ਪ੍ਰੰਤੂ ਇਸ ਲਈ ਕਿ ਇਸ ਦੀ ਗਾਥਾ ਮੈਂ ਪਿੰਡ ਵਿਚੋਂ, ਆਪਣੀ ਪੜਦਾਦੀ ਪਾਸੋਂ ਤੇ ਬਾਬਾ ਜੀਆਂ ਪਾਸੋਂ ਤੇ ਕਈ ਵੇਰ ਸਤਿਗੁਰੂ ਪਰਤਾਪ ਸਿੰਘ ਦੇ ਬਚਨ ਭੀ ਮੇਰੇ ਪਾਸ ਪੁੱਜੇ ਸਨ। "ਮਠੌਡਿਆਂ ਦਾ ਦੇਵਾ ਸਿੰਘ ਪਰਮਹੰਸ ਕੌਣ ਹੈ" ਇਸ ਦੀ ਵੱਡੀ ਵਡਿਆਈ ਸਾਡੇ ਪਿੰਡ ਵਿਚ



Namdhari Elibrary NamdhariElibrary@gmail.com

ਪਰਚਲਤ ਸੀ ਕਿ ਹਰ ਰੋਜ਼ ਘਰ ਰਾਤ ਦਾ ਲੰਗਰ ਤਿਆਰ ਹੋਣ ਤੇ ਇਹ ਪਿੰਡ ਦੇ ਵੱਡੇ ਦਰਵਾਜ਼ੇ ਅੱਗੇ ਜਾ ਆਵਾਜ਼ ਦਿਆ ਕਰਦੇ ਸਨ "ਕੋਈ ਭੁਖਾ ਨਾ ਸਵੇਂ ਲੰਗਰ ਤਿਆਰ ਹੈ ਆਓ!" ਫਿਰ ਪਰਸ਼ਾਦ ਛੱਕਿਆ ਕਰਦੇ ਸਨ। ਇਹ ਕਾਰਜ ਉਨ੍ਹਾਂ ਸਾਰਾ ਜੀਵਨ ਨਿਭਾਇਆ ਸਵਾਏ ਉਨ੍ਹਾਂ ਦਿਨਾਂ ਤੋਂ ਜਦੋਂ ਉਹ ਗੁਰੂ ਹਰੀ ਸਿੰਘ ਸਮੇਂ ਧਰਮ ਢੰਗੀਂ ਸਾਰੀ ਮੁਖਾਲਫ਼ਤ ਕਾਰਨ ਆਪਣੇ ਪਿੰਡ ਦੇ ਨਾਮਧਾਰੀ ਸਾਥੀਆਂ ਸਮੇਤ ਫਲੌਰ ਕਿਲੇ ਵਿਚ ਬੰਦ ਕਰ ਦਿੱਤੇ ਜਾਂਦੇ ਸਨ ਤੇ ਪੜਦਾਦੀ ਜੀ ਹਰ ਰੋਜ਼ ਲੰਗਰ ਘਰੋਂ ਭੇਜਿਆ ਕਰਦੇ ਸਨ। ਮੈਨੂੰ ਸਮਝ ਨਹੀਂ ਆ ਰਹੀ ਕਿ ਸਾਡੇ ਪਿੰਡ ਦੇ ਮਈਆ ਸਿੰਘ ਹੋਰਾਂ ਦੇ ਉਘੇ ਭਣੇਵੇਂ ਚਕਰਵਰਤੀ ਜੀਆਂ ਦੀਆਂ ਅੱਖਾਂ ਤੋਂ ਇਹ ਸ਼ਖਸੀਅਤ ਲੁਕੀ ਕਿਵੇਂ ਰਹਿ ਗਈ।

ਇਨ੍ਹਾਂ ਦੇ ਵੱਡੇ ਲੜਕੇ ਸਨ ਸ. ਪਾਲ ਸਿੰਘ ਜਿਨ੍ਹਾਂ ਦੇ ਪ੍ਰਭਾਵ ਦੀ ਛਾਇਆ ਦਾ ਰੰਗ ਮੈਂ ਮਾਣਿਆਂ ਤੇ ਉਸ ਦਾ ਅਸਰ ਅੱਜ ਤੱਕ ਅਨੁਭਵ ਕਰ ਰਿਹਾਂ। ਬਾਬਾ ਜੀ ਪਾਲ ਸਿੰਘ ਨੂੰ ਬੜਾ ਨਰੋਆ ਨਾਮਧਾਰੀ ਆਖ ਮੈਂ ਬੜਾ ਗੌਰਵ ਮਹਿਸੂਸ ਕਰ ਰਿਹਾਂ। ਇਹ ਹਮੇਸ਼ਾ ਆਪਣੇ ਸਿਰ ਪਟਿਆਲਾ ਸ਼ਾਹੀ ਦਸਤਾਰ ਸਜਾਇਆ ਕਰਦੇ ਸਨ ਸਵਾਏ ਸਤਿਗੁਰਾਂ ਦੇ ਸਨਮੁਖ ਹੋਇਆਂ ਤੇ ਬਚਨ ਪਾਲਦਿਆਂ, ਦਸਤਾਰ ਘੁਮਾ ਆਖ ਦਿਆ ਕਰਦੇ ਸਨ "ਲਓ ਹੁਣ ਕੀ ਹੋ ਗਿਆ" ਇਹ ਵਚਨ ਮੈਂ ਆਪ ਸੁਣੇ ਤੇ ਦੇਖੇ ਹਨ। ਉਮਰ ਵਿਚ ਸਤਿਗੁਰਾਂ ਤੋਂ ਵੱਡੇ ਹੋਣ ਕਾਰਨ ਇਨ੍ਹਾਂ ਦਾ ਸੰਬੰਧ ਮੈਨੂੰ ਭਰਾਵਾਂ ਵਾਂਙੂ ਲਗਦਾ ਹੁੰਦਾ ਸੀ।

ਬਾਬਾ ਜੀ ਚੜ੍ਹਦੀ ਜਵਾਨੀ ਵਿਚ ਚੰਗੇ ਘੁਲੈਟੇ ਸਨ। ਪਿੰਡ ਦੇ ਭਾਈ ਗੁਰਦਾਸ ਤੇ ਹੋਰ ਸਿਰ ਕੱਢ ਭਲਵਾਨਾਂ ਨਾਲ ਆਪਣੇ ਅਖਾੜੇ ਜਾਂ ਬਾਹਰ ਦਸਤ ਪੰਜਾ ਲੈਣੋਂ ਦਰੇਗ ਨਹੀਂ ਸੀ ਕਰਦੇ। ਦਸਦੇ ਨੇ ਸਾਡੀ ਦਾਦੀ ਨੇ ਸੱਤ ਪੁੱਤਰ ਜਨਮੇ ਤੇ ਅਖੀਰਲਾ ਰਤਨ ਸਿੰਘ ਹੀ ਬਚਿਆ ਤੇ ਇਕ ਛੋਟੀ ਭੈਣ ਜੋ ਭੈਣੀ ਸਾਹਿਬ ਦੇ ਬਲੰਦ ਸਿੰਘ ਦੀ ਨੂੰਹ ਬਣੀ। ਬਲੰਦ ਸਿੰਘ ਫੌੜੀਆਂ ਨਾਲ ਚੱਲਿਆ ਕਰਦੇ ਸਨ (ਲੰਮੀ ਕਹਾਣੀ ਨਹੀਂ ਛੂਹਣੀ)

ਨਾਮਧਾਰੀ ਤਪ ਤੋਂ ਉਗਵੀਂ ਜਵਾਨੀ ਦੇ ਜ਼ੋਰ ਨੇ ਬਾਬਾ ਜੀ ਨੂੰ, ਇਹ ਕਮਜ਼ੋਰ ਘਰ ਫਲੌਣ ਲਈ ਕਿਸੇ ਤਰ੍ਹਾਂ ਬਾਹਰ ਅਸਟਰੇਲੀਆ ਭੇਜ ਦਿੱਤਾ। ਬਾਬਾ ਜੀਆਂ ਦਾ ਤਪ, ਮਰਿਆਦਾ, ਪਿਓ ਤੇ ਸਤਿਗੁਰਾਂ ਤੋਂ ਪਾਈ ਸਿੱਖੀ ਭੀ ਨਾਲ ਹੀ ਚਲੀ ਗਈ। ਅੱਜ ਜਦੋਂ ਅਸਟ੍ਰੇਲੀਆ ਦੇ ਪੁਰਾਣੇ ਬਜ਼ੁਰਗਾਂ ਨੂੰ ਕਾਫ਼ੀ ਨੇੜਿਓਂ ਦੇਖਿਆ ਤੇ ਭਾਲਣ ਲਈ ਪੜ੍ਹਿਆ ਸੁਣਿਆਂ ਹੈ, ਮੈਨੂੰ ਬਾਬਾ ਜੀਆਂ ਵਰਗਾ ਉਸ ਸਮੇਂ ਦਾ ਕੋਈ ਸਿੱਖ ਨਜ਼ਰ ਨਹੀਂ ਆਉਂਦਾ। ਬਾਬਾ ਜੀਆਂ ਨੂੰ ਭਾਈ ਜੀ ਕਹਿ ਕੇ ਬਲਾਂਦੇ ਸਨ। ਸਤਿਗੁਰਾਂ ਦੀ ਬਖਸ਼ੀਸ਼ ਦੁਆਰਾ ਪਾਈ ਸ਼ਖਸੀਅਤ ਨੂੰ ਉਨ੍ਹਾਂ ਉੱਥੇ ਭੀ ਬੇਦਾਗ ਰੱਖਿਆ। ਆਪਣਾ ਪਕਾਣਾ, ਆਪਣਾ ਖਾਣਾ ਬਰੈਡ ਤੱਕ ਨਹੀਂ ਵਰਤਣੀ, ਹੋਰ ਨਸ਼ੇ ਦੀਆਂ ਤੇ ਗਲਾਂ ਛੱਡੋ। ਭਜਨ ਬੰਦਗੀ, ਗੁਰਬਾਣੀ ਨੂੰ ਸਦਾ ਜੀਵਨ ਦਾ ਅਹਾਰ ਰੱਖਿਆ। ਦਸਦੇ ਨੇ ਜਦੋਂ ਬਾਬਾ ਜੀ ੭੦ ਤੋਂ ਉਪਰ ਉਮਰ ਦੇ ਸਨ, ਗੰਨੇ ਕਟਾਈ (ਗੰਨੇ ਦਾ ਸਭ ਤੋਂ ਉਤਮ ਕੰਮ) ਦੀ ਗੈਂਗ ਦੇ, ਜਿਸ ਵਿਚ ਭਰ ਜਵਾਨ ਭੀ ਹੋਇਆ ਕਰਦੇ, ਹੈਡ ਸਨ ਤੇ ਇਸ ਗੈਂਗ ਵਿਚ ਜਾਣਾ ਹਰ ਕੋਈ ਆਪਣਾ ਮਾਣ ਸਮਝਦਾ ਸੀ ਕਿਉਂਕਿ ਜ਼ੋਰ ਨਾਲ ਕਮਾਈ ਕਰਨੀ, ਕਰਵਾਣ ਵਾਲਾ ਇਨ੍ਹਾਂ ਦਾ ਗੈਂਗਰ ਹੁੰਦਾ ਸੀ। ਪਿਤਾ ਸ. ਰਤਨ ਸਿੰਘ ਜਦੋਂ ਅਸਟ੍ਰੇਲੀਆ ਚਲੇ ਗਏ ਤੇ ਇਹ ਪਿੰਡ ਆ ਗਏ ਤੇ ਬਜਾਜ ਦੀਆਂ ਹਟੀਆਂ ਬਣਾ ਲਈਆਂ। ਪਿਤਾ ਨੇ ੧੨ ਸਾਲ ਪਰਿਵਾਰ ਤਿਆਗ ਘਰ ਨੂੰ ਚੰਗਾ ਬਣਾਣ ਵਿਚ ਸਾਰਾ ਟਿਲ ਲਾ ਦਿੱਤਾ। ਸਾਡੀ (ਮੇਰੀ ਤੇ ਨਿੱਕੀ ਭੈਣ) ਪਾਲਣ ਪੋਸਣ ਬਾਬਾ ਜੀਆ ਦੇ ਹੱਥ ਵਿਚ ਸੀ। ਬਾਬਾ ਜੀਆਂ ਦੇ ਸਰੀਰ ਵਾਂਙੂ ਇਨ੍ਹਾਂ ਦੀ ਗੁਰਸਿੱਖੀ ਭੀ ਬੜੀ ਮਜ਼ਬੂਤ ਸੀ। ਗਾਹੇ ਬਗਾਹੇ, ਅਰਜ਼ ਕਰ ਕੇ ਪਿੰਡ ਦੇ ਮੁਖੀਆਂ ਮੇਲਾ ਪਰਵਾਨ ਕਰਾ ਲੈਣਾ, ਤੇ ਉਗਰਾਹੀ ਸਮੇਂ ਕਈਆਂ ਦੇ ਤਿੜ ਫਿੜ ਕਰਨ ਤੇ ਬਾਬਾ ਜੀਆਂ ਝਟ ਆਖ ਦੇਣਾ "ਸਹੁਰੇ ਹੋਵੋ! ਮੈਂ ਕਲਾ ਹੀ ਕਰ ਲਵਾਂਗਾ।"

ਹਰ ਰੋਜ਼ ਤੜਕੇ ਉਠਣਾ, ਘਰ ਵਿਚ ਲੱਗੀ ਖੂਹੀ ਤੇ ਹਰ ਸਥਿਤੀ ਵਿਚ ਇਸ਼ਨਾਨ ਕੇ ਘੰਟਿਆਂ ਬਧੀ ਆਪਣੀ ਬੈਠਕ ਵਿਚ ਨਿਤਨੇਮ ਵਿਚ ਲੀਨ ਰਹਿਣਾ (ਇਹ ਕਰਮ ਉਨ੍ਹਾਂ ਚਲਾਣੇ ਤੋਂ ਛੇ ਮਹੀਨੇ ਪਹਿਲਾਂ ਤੱਕ ਨਿਭਾਇਆ) ਇਸ ਨਿਤ ਕਰਮ ਤੋਂ ਵਿਹਲਿਆਂ ਹੋ ਆਪਣੇ ਬਜਾਜੀ ਦੇ ਕੰਮ ਤੇ ਮਝਾਂ ਗਊਆਂ ਵਿਚ ਰੁਝੇ ਰਹਿਣਾ। ਸਾਡੇ ਪੁਰਾਣੇ ਘਰ ਦੀ ਖੂਹੀ ਤੇ ਘਿਰਲੇ ਦੀ ਆਵਾਜ਼ ਪਿੰਡ ਦੇ ਇਸ ਪਾਸੇ ਦਾ ਅਲਾਰਮ ਸੀ। ਹਾਲੀ ਹਲ ਜੋਣ ਚਲ ਪੈਂਦੇ ਤੇ ਬਜ਼ੁਰਗ ਮਾਈਆਂ ਚੱਕੀ ਝੋ ਲੈਂਦੀਆਂ। ਬਾਬਾ ਜੀ ਕਿਸੇ ਦੀ ਬੇਆਰਾਮੀ ਤੋਂ ਬੇਸੁੱਧ ਬੜੇ ਜ਼ੋਰ ਨਾਲ ਘਿਰਲਾ ਖੜਕਾਇਆ ਕਰਦੇ, ਜਿਵੇਂ ਕੋਈ ਜੰਤਾ ਜਗਾਉਣ ਲਈ ਉਨ੍ਹਾਂ ਨੂੰ ਚੁਤੰਤਰ ਕਰ ਰਿਹਾ ਹੋਵੇ। ਉਹ ਘਿਰਲਾ ਤੇ ਲੱਕੜ ਦੇ ਪਊਏ ਸਾਡੀ ਮਾਤਾ ਨੇ ਆਖਰੀ ਉਮਰ ਵਿਚ ਅਸਟ੍ਰੇਲੀਆ ਜਾਣ ਤੱਕ ਸੰਭਾਲੀ ਰੱਖੇ ਜੋ ਨਵੇਂ ਘਰ ਬਣਨ ਸਮੇਂ ਸਾਡੀ ਅਣਗਹਿਲੀ ਕਾਰਨ ਵਿਸਰ ਗਏ।

ਬਾਬਾ ਜੀ ਆਪਣੀ ਬੈਠਕ ਵਿਚ, ਸੰਗਰਾਂਦੀ ਜ਼ਰੂਰ ਤੇ ਦਸੀਂ ਪੰਦਰੀਂ ਦਰਬਾਰ ਸਾਹਿਬ ਪ੍ਰਕਾਸ਼ ਭੀ ਕਰਦੇ ਤੇ ਅਸੀਂ


Namdhari Elibrary NamdhariElibrary@gmail.com

ਸਭ ਨਿਆਣੇ ਅਰਦਾਸ ਮਗਰੋਂ ਸ਼ਕਰ ਪਰਸ਼ਾਦ ਲੈਣ ਲਈ ਜ਼ਰੂਰ ਇਕੱਠੇ ਹੋ ਜਾਂਦੇ। ਜਦੋਂ ਮੈਂ ਪੰਜਵੀਂ ਛੇਵੀਂ ਵਿਚ ਪੜ੍ਹਦਾ ਸਾਂ, ਮੈਨੂੰ ਤਾਬਿਆ ਬਠਾ ਸੰਧਿਆ ਦੇ ਪਾਠ ਕਰਨਾ ਸਖਾਉਂਦੇ।

ਪਿੰਡ ਵਿਚ ਵਰਨੀ ਤੇ ਹਰ ਹਫ਼ਤੇ ਤਕਰੀਬਨ ਚਲਦੀ ਰਹਿੰਦੀ, ਜਿਸ ਵਿਚ ਭਾਗ ਲੈਣ ਵਾਲੇ ਸਿੰਘਾਂ ਨਾਲ ਦਲਾਨ ਭਰ ਜਾਂਦਾ। ਅਸੀਂ ਦੋ ਤਿੰਨ ਮੁੰਡੇ ਭੀ ਕੇਸੀ ਇਸ਼ਨਾਨ ਕਰ ਜ਼ਰੂਰ ਭਜਨ ਕਰਦੇ ਕਿਉਂਕਿ ਬਾਦ ਵਿਚ ਰਜਵੇਂ ਕੜਾਹ ਪ੍ਰਸ਼ਾਦ ਦੇ ਗੱਫੇ ਤੇ ਭੋਜਨ ਦਾ ਸੁਆਦ ਮਾਨਣ ਨੂੰ ਹੁੰਦਾ ਸੀ ਜਿਸ ਨੇ ਫਿਰ ਕਿਧਰੇ ਸੱਤ ਦਿਨ ਬਾਦ ਮਿਲਣਾ ਸੀ।

ਜਿਉਂ ਜਿਉਂ ਬਾਬਾ ਜੀ ਦੀ ਉਮਰ ਵੱਡੀ ਹੁੰਦੀ ਗਈ, ਉਨ੍ਹਾਂ ਦੇ ਬਾਣੀ ਵਿਚ ਰੱਚੇ ਰਹਿਣ ਦੀ ਲੰਬਾਈ ਭੀ ਵਧਦੀ ਗਈ ਤੇ ਉਹ ੯੦ ਤੋਂ ਉਪਰੰਤ ਜਦੋਂ ਮੈਂ ਅਸਟ੍ਰੇਲੀਆ ਨੂੰ ਤੁਰਿਆ ਸਾਂ, ਅਕਾਲ ਉਸਤਤ ਜ਼ਬਾਨੀ ਕੰਠ ਕਰਨ ਮਗਰ ਪਏ ਹੋਏ ਸਨ।

ਬਾਬਾ ਜੀ ੧੦੦ ਤੋਂ ਉਪਰੰਤ ਜਦੋਂ ੧੯੬੫ ਵਿਚ ਪੂਰੇ ਹੋਏ ਪਿਤਾ ਜੀ ਉਨ੍ਹਾਂ ਪਾਸ ਸਨ। ਦਾਗਾਂ ਤੋਂ ਦੂਸਰੇ ਦਿਨ ਹੀ ਵਰਤਮਾਨ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ, ਵਿਹੜੇ ਵਿਚ ਬੇਰੀ ਹੇਠ ਵਿਛੀ ਸੱਫ ਤੇ ਬੈਠੇ ਲੋਕਾਂ ਵਿਚ, ਪੰਦਰਾਂ ਵੀਹ ਮਿੰਟ ਵਾਸਤੇ, ਇੱਕਦਮ ਕਿਧਰੋਂ ਆ ਸਥਾਪਤ ਹੋਏ ਤੇ ਬਾਬਾ ਜੀਆਂ ਦੀ ਵਿਛੜੀ ਆਤਮ ਨੂੰ ਅਨੰਦਤ ਕਰ ਦਿੱਤਾ।

ਮੈਂ ਇੱਕ ਕਵਿਤਾ ਲਿਖੀ, ਜੋ ਕਵੀ ਜੀਆਂ ਇੱਕ ਹੋਰ ਪਰਮਹੰਸ ਚਲ ਬਸੇ ਨੂੰ ਮੁਖਾਤਬ ਕਰ ਸਤਿਜੁਗ ਵਿਚ ਛਾਪ ਦਿੱਤੀ।

ਪਿਤਾ ਜੀ ਸਦਾ ਮੈਨੂੰ ਇਕੋ ਗਲ ਆਖੀ "ਤੈਨੂੰ ਮੇਰਾ ਹੋ ਰਹਿਣ ਵਿਚ ਕੁਝ ਨਹੀਂ ਮਿਲਣਾ ਤੂੰ ਬਾਬਾ ਜੀਆ ਦਾ ਹੀ ਹੋ ਕੇ ਰਹੀਂ।"

ਸਤਿਗੁਰਾਂ ਮੇਰੇ ਤੇ ਮੇਰੇ ਸਾਰੇ ਹੀ ਪ੍ਰੀਵਾਰ ਤੇ ਜੋ ਕਿਰਪਾ ਦ੍ਰਿਸ਼ਟੀ ਬਣਾਈ ਰੱਖੀ ਤੇ ਕਦੀ ਕਦਾਈਂ ਸੇਵਾ ਦੇ ਮੌਕੇ ਦੀ ਬਖਸ਼ਸ਼ ਕਰ ਕੇ ਮੈਨੂੰ ਤੇ ਮੇਰੇ ਪ੍ਰੀਵਾਰ ਨੂੰ ਜੋ ਮਾਣ ਬਖਸ਼ਿਆ ਹੈ, ਮੈਂ ਤੇ ਉਸ ਦਾ ਰਿਣ ਚੁਕਾਣ ਦੀ ਕੋਸ਼ਿਸ਼ ਵਿਚ ਹਾਂ-ਡੋਰਾਂ ਉਸ ਦੇ ਆਪਣੇ ਹੱਥ ਹਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਜਿਨੇ ਮੇਲੇ, ਸ੍ਰੀ ਅਖੰਡ ਪਾਠ, ਵਰਨੀਆਂ ਹੋਏ ਇਸ ਪਿੰਡ ਨੂੰ ਚਾਰ ਚੰਨ ਲਗਾਉਂਦੇ ਸਨ ਤੇ ਸਈਆ ਸਿੰਘ, ਭੋਲਾ ਸਿੰਘ ਸ਼ਾਮ ਸਿੰਘ, ਦਇਆ ਸਿੰਘ, ਵਰਿਆਮ ਸਿੰਘ ਪਾਲਾ ਸਿੰਘ, ਲੱਖਾ ਸਿੰਘ, ਦਲ ਸਿੰਘ, ਭਲਵਾਨ ਸਿੰਘ, ਨਰੰਜਣ ਸਿੰਘ ਮੋਚੀ ਆਦ ਸ਼ਖਸੀਅਤਾਂ ਇਸ ਪਿੰਡ ਦਾ ਮਾਣ ਸਨ।

੧੯੬੯ ਵਿਚ ਸਤਿਗੁਰੂ ਜਗਜੀਤ ਸਿੰਘ ਸਮੇਂ ਦਾ ਹੋਲਾ ਆਪਣੀ ਮਸਾਲ ਆਪ ਹੈ। ਜਿਸ ਦੇ ਘੇਰੇ ਵਿਚ ਆਏ ਸਾਰੇ ਅਸਥਾਨਾਂ ਵਾਲੇ ਅੱਜ ਤੱਕ ਭੀ ਯਾਦ ਕਰ ਕੇ ਆਪਣੇ ਅੰਦਰ ਇੱਕ ਹੋਰ ਹੀ ਜੀਵਨ ਦਾ ਸੰਚਾਰ ਕਰਦੇ ਰਹਿੰਦੇ ਹਨ ਜਿਸ ਨਾਲ ਜੀਵਨ ਨੂੰ ਕਈ ਬੁਰਾਈਆਂ ਤੋਂ ਬਚਣ ਲਈ ਕੋਈ ਨਾ ਕੋਈ ਰਾਹ ਮਿਲਦਾ ਰਹਿੰਦਾ ਹੈ। ਸਾਰੇ ਧਾਰਮਕ ਅਸਥਾਨ ਬਣਾਉਣ ਦਾ ਇਹ ਮੰਤਵ ਹੈ ਜੋ ਅਸਰ ਭਰਪੂਰ ਭੀ ਹੈ। ਆਤਮਾ ਜਦੋਂ ਨਿਖਾਰ ਪਾ ਕੇ ਪਰਮ ਆਤਮਾ ਦਾ ਅਸਰ ਕਬੂਲਣ ਯੋਗ ਹੋ ਜਾਂਦੀ ਹੈ ਤਾਂ ਪਿੰਗਲਿਆਂ ਤੇ ਭੀ ਜੋਬਨ ਆ ਜਾਂਦਾ ਹੈ।

੧੭-੧੯ ਜਨਵਰੀ ੧੯੨੭ ਵਿਚ ਸਤਿਗੁਰੂ ਪ੍ਰਤਾਪ ਜੀ ਸਿੰਘ ਦੀ ਹਜ਼ੂਰੀ ਵਿਚ ਮਲੇਰਕੋਟਲੇ ਦੇ ਸ਼ਹੀਦਾਂ ਦੀ ਯਾਦ ਵਿਚ ਹੋਈ ਸ਼ਹੀਦੀ ਕਾਨਫਰੰਸ ਇਸ ਪਿੰਡ ਦੀ ਜਾਗਦੀ ਨਾਮਧਾਰੀ ਸਪਿਰਿਟ ਦਾ ਪਰਮੁੱਖ ਸਬੂਤ ਹੈ। ਜਿਸ ਵਿਚ ਇਨ੍ਹਾਂ ਉਘੀਆਂ ਸ਼ਖਸੀਅਤਾਂ ਨੇ ਸ਼ਮੂਲੀਅਤ ਪ੍ਰਦਾਨ ਕੀਤੀ ਸ. ਕਿਸ਼ਨ ਸਿੰਘ ਪਿਤਾ ਸ਼ਹੀਦ ਭਗਤ ਸਿੰਘ ਡਾ. ਸੈਫ਼ਦੀਨ ਕਿਚਲੂ ਤੇ ਲਾਲਾ ਕਦਾਰਨਾਥ ਸਹਿਗਲ- ਐਡੀਟਰ ਖਬਰਦਾਰ ਸੰਤ ਨਿਧਾਨ ਸਿੰਘ ਆਲਮ- ਸਤਿਜੁਗ ..........

ਕਾਮਰੇਡ ਲੱਖਾ ਸਿੰਘ ਜੌਹਰ ਜੋ ਚੋਟੀ ਦਾ ਕਵੀ ਤੇ ਨਾਟਕਕਾਰ ਸੀ ਦੀ ਯਾਦ ਦੀ ਹੋਂਦ ਤੋਂ ਬਗੈਰ ਅੱਜ ਦਾ ਮੁਠੱਡਾ ਕਲਾਂ ਅਧੂਰਾ ਹੈ। ਇਸ ਦੀਆਂ ਕਵਿਤਾਵਾਂ 'ਚਕ੍ਰਵਰਤੀ' ਹੋਰਾਂ ਵਾਲੇ ਸਤਿਜੁਗ ਵਿਚ ਨਾਮਣਾ ਖਟਦੀਆਂ ਸਨ। ਉਨ੍ਹਾਂ ਦੀ ਇੱਕ ਨਿੱਕੀ ਪੁਸਤਕੜੀ "ਜੈਤਾ ਤੇਰੀ ਜੈ ਜੈ ਕਾਰ" ਭੀ ਛੱਪੀ ਸੀ ਜਿਸ ਦਾ ਉਲੇਖ ਮੇਰੀ ਜਾਚੇ ਪੰਜਾਬੀਓਂ ਬਾਹਰ ਵੀ ਹੋਇਆ ਸੀ।

ਪਿੰਡ ਦੇ ਮਧ ਵਿਚ ਫ਼ਕੀਰ ਚੰਦ ਦੀ ਹੱਟ ਪਾਸ, ਇੱਕ ਚੰਗੀ ਸੰਭਾਲੀ ਜਗਾਹ ਵਿਚ ਮਟ ਹੈ ਜਿੱਥੇ ਪੀਰ ਮੁਸਲਮਾਨ ਲੱਖ ਦਾਤਾ ਨੇ ਤਪੱਸਿਆ ਕੀਤੀ ਸੀ। ਇਨ੍ਹਾਂ ਦੇ ਸਮੇਂ ਦੀ ਇੱਕ ਵਾਰਤਾ ਪ੍ਰਚੱਲਤ ਹੈ ਕਿ ਇਸ ਪੀਰ ਦੇ ਰਾਤ ਨੂੰ ਲੱਤਾਂ ਬਾਹਾਂ ਲੋਕਾਂ ਸਰੀਰੋਂ ਅਲੱਗ ਹੋਏ ਦੇਖੇ ਹਨ ਜੋ ਸਵੇਰ ਨੂੰ ਜੁੜ ਪੀਰ ਲੱਖ ਦਾਤਾ ਪੂਰਨ ਹੋ ਜਾਇਆ ਕਰਦਾ ਸੀ।

### ਪਹਿਲਵਾਨ

ਭਗਤੀ ਤੇ ਸ਼ਕਤੀ ਸਦਾ ਇੱਕ ਸਾਰ ਜੀਵਨ ਦੇ ਦੋ ਵਰਦਾਨ ਹਨ। ਸਰੀਰਕ ਤੇ ਮਾਨਸਕ ਬਲ ਸਪੋਰਟਸ ਨੂੰ ਜਨਮਦਾ ਹੈ। ਸਤਿਗੁਰੂ ਰਾਮ ਸਿੰਘ ਦੀ ਬਖਸ਼ੀ ਸਿੱਖੀ ਨੇ ਸੁਲਤਾਨੀਆਂ ਨੂੰ ਸਿੰਘ ਬਣਾਇਆ। ਸਿਮਰਨ ਵਲ ਤੁਰਦੇ ਸਿੰਘ ਤੇ ਦੁਧ ਦਹੀਂ, ਦੇਸੀ ਘਿਓ ਜਹੀਆਂ ਖੁਰਾਕਾਂ ਨਾਲ ਜਦੋਂ ਨਾਮ ਸਿਮਰਨ ਜਹੇ ਤਜਸਵੀ ਤੇਜ ਦੀ ਗੁੜ੍ਹਤੀ ਦਾ ਅਸਰ ਹੋਇਆ ਤਾਂ ਸਮੇਂ ਦੇ ਰੰਗ ਨੇ ਬਲਵਾਨ ਸਰੀਰ ਪੈਦਾ



Namdhari Elibrary NamdhariElibrary@gmail.com

ਕਰਨੇ ਆਰੰਭ ਦਿੱਤੇ। ਇਸ ਪਿੰਡ ਵਿਚ ਕਈ ਅਖਾੜੇ ਹੋਇਆ ਕਰਦੇ ਸਨ। ਪਹਿਲੋਂ ਪਹਿਲ ਇਕ ਅਖਾੜਾ ਨਾਮਧਾਰੀ ਸਿੰਘਾਂ ਦਾ ਅਖਵਾਂਦਾ ਸੀ ਜਿਸ ਵਿਚ ਬਾਬਾ ਜੀ ਪਾਲ ਸਿੰਘਾਂ ਤੇ ਭਾਈ ਗੁਰਦਾਸ ਜ਼ੋਰ ਕਰਿਆ ਕਰਦੇ ਸਨ। ਇਸ ਦੇ ਨਾਲ ਹੀ ਸਮੁੰਦ ਸਿੰਘ ਬੀਸਲੇ ਦਾ ਅਖਾੜਾ ਬੜਾ ਮੰਨਿਆ ਹੋਇਆ ਸੀ। ਬਾਬਾ ਜੀ ਛਿੰਝਾਂ ਵਿਚ ਨਹੀਂ ਸੀ ਜਾਂਦੇ ਪ੍ਰੰਤੂ ਘੁਲੇਟੇ ਨੰਬਰ ਇਕ ਸਨ। ਦਸਦੇ ਨੇ ਭਾਈ ਗੁਰਦਾਸ ਦੇ ਅਖਾੜੇ ਇੱਕ ਵੇਰ ਬਾਹਰੋਂ ਚਾਰ ਪਹਿਲਵਾਨ ਆਏ ਤੇ ਬਾਬਾ ਜੀਆਂ ਨਾਲ ਘੋਲ ਮੰਗਿਆ। ਭਾਈ ਗੁਰਦਾਸ ਨੇ ਚਾਰ ਹੀ ਮੰਨੇ ਤੇ ਬਠਾ ਲਏ ਤੇ ਬਾਬਾ ਜੀਆਂ ਚਾਰੇ-ਕੱਲਾ ਕੱਲਾ ਚਿੱਤ ਕਰ ਦਿੱਤੇ। ਬਾਬਾ ਜੀ ਨੂੰ ਜਲਦੀ ਬਾਹਰ ਅਸਟ੍ਰੇਲੀਆ ਜਾਣਾ ਪੈ ਗਿਆ ਪ੍ਰੰਤੂ ਸਮੁੰਦ ਸਿੰਘ ਦੇ ਅਖਾੜੇ ਨੇ ਜੋ ਮਲਾਂ ਮਾਰੀਆਂ ਉਹ ਇਸ ਨੂੰ ਜਤਾਉਂਦੀਆਂ ਪੰਜਾਬੋਂ ਬਾਹਰ ਤੱਕ ਲੈ ਗਈਆਂ। ਪ੍ਰਸਿਧਤਾ ਜਦੋਂ ਗਵਾਲੀਅਰ ਦੇ ਰਾਜੇ ਤੱਕ ਪੁੱਜੀ ਜੋ ਪਹਿਲਵਾਨ ਪਾਲਣ ਵਿਚ ਗਿਣਤਕਾਰਾਂ ਵਿਚੋਂ ਸੀ, ਸਮੁੰਦ ਸਿੰਘ ਨੂੰ ਕੁਸ਼ਤੀ ਲਈ ਗਵਾਲੀਅਰ ਜਾਣਾ ਪਿਆ। ਮਹਾਰਾਜੇ ਦੇ ਵਧੀਆ ਪਹਿਲਵਾਨ ਨਾਲ ਦੰਗਲ ਹੋਇਆ। ਸਮੁੰਦ ਸਿੰਘ ਨੇ ਮਹਾਰਾਜੇ ਦੇ ਪਹਿਲਵਾਨ ਨੂੰ ਜਿੱਤ ਲਿਆ। ਉਸ ਦਿਨ ਤੋਂ ਗਵਾਲੀਅਰ ਦੇ ਕਿਲੇ ਦੇ ਗੇਟ ਤੇ ਸਮੁੰਦ ਸਿੰਘ ਦੇ ਨਾਮ ਦਾ ਪੱਥਰ ਲੱਗਿਆ ਹੋਇਆ ਹੈ ਜੋ ਕਈ ਪਿੰਡ ਦੇ ਦੇਖ ਭੀ ਆਏ ਹਨ। ਇਸੇ ਪ੍ਰੀਵਾਰ ਨੇ ਪਿੰਡ ਵਿਚ ਕਈ ਵਧੀਆ ਪਹਿਲਵਾਨ ਪੈਦਾ ਕੀਤੇ ਨਾਮ- ਸਮੰਦ ਸਿੰਘ ਬੀਸਲਾ, ਹਜਾਰਾ ਸਿੰਘ ਬੀਸਲਾ, ਕਿਹਰ ਸਿੰਘ ਬੀਸਲਾ, ਕਰਤਾਰ ਸਿੰਘ ਬੀਸਲਾ, ਬੰਤ ਸਿੰਘ ਬੀਸਲਾ ਤੇ ਗਿਆਨ ਸਿੰਘ ਬੀਸਲਾ। ਇਸ ਦੇ ਨਾਲ ਹੀ ਇਸ ਪਿੰਡ ਨੇ ਛਿੰਝਾਂ ਦੁਆਰਾ ਹੋਰ ਭੀ ਮਾਅਰਕੇ ਦੇ ਪਹਿਲਵਾਨ ਪੈਦਾ ਕੀਤੇ ਹਨ— ਜੁਆਲਾ ਸਿੰਘ ਲੰਬੜਾਂ ਦਾ, ਭਾਗੂ ਤੇ ਉਸ ਦਾ ਸ਼ਗਿਰਦ ਜਗੀਰ— ਪਾਸਾ ਬੂਰਾ ਤੇ ਔਜਲੇ ਪਾਸਿਓਂ ਪ੍ਰਸਿੱਧ ਸਨ ਦਾਰਾ ਉਮਰਦੀਨ ਤੇਲੀ ਦਾ, ਨਸੀਬ ਸਿੰਘ ਰਲੇ ਕਾ, ਤੇ ਰਾਮੂ ਮੁਹਬਤ ਕਾ।

ਪਹਿਲਵਾਨੀ ਦੇ ਨਾਲ ਇੱਕ ਹੋਰ ਗੇਮ ਹੋਇਆ ਕਰਦੀ ਸੀ- ਹੱਥ ਲੌਣ। ਚੰਗੇ ਵੱਡੇ ਖੇਤ ਵਿਚ ਦੋ ਟੀਮਾਂ ਹੁੰਦੀਆਂ। ਇੱਕ ਅੰਦਰ ਸੈਂਟਰ ਵਿਚ, ਦੂਸਰੀ ਬਾਹਰ ਵੱਲ। ਬਾਹਰਲੀ ਟੀਮ ਦੇ ਇੱਕ ਖਡਾਰੀ ਨੇ ਅੰਦਰਲੀ ਟੀਮ ਦੇ ਖਡਾਰੀ ਨੂੰ ਹੱਥ ਲਾ ਉੜ ਜਾਣਾ ਤੇ ਉਸੇ ਖਿਡਾਰੀ ਨੇ ਜਫ਼ਾ ਮਾਰ ਜਗਾਹ ਹੀ ਧਰ ਲੈਣਾ। ਜ਼ੋਰ ਤੇ ਫੁਰਤੀ ਦਾ ਇਹ ਕਰੜਾ ਇਮਤਿਹਾਨ ਹੁੰਦਾ ਸੀ। ਸਾਰੇ ਪਿੰਡ ਵਿਚੋਂ ਭੋਲਾ ਸਿੰਘ ਨਾਮਧਾਰੀ ਦੇ ਪੁਤਰ ਗੱਜਣ ਸਿੰਘ ਦਾ ਜੱਫਾ ਕਿਸੇ ਨੂੰ ਨਿਕਲਣ ਨਹੀਂ ਸੀ ਦਿੰਦਾ ਤੇ ਬਚਨ ਸਿੰਘ ਨਾਮੇਂ ਦਾ ਹੁਣ ਉਮਰ ੮੫ ਤੋਂ ਉੱਪਰ ਕਿਸੇ ਦੀ ਪਕੜਾਈ ਦੇ ਕਾਬੂ ਹੀ ਨਹੀਂ ਸੀ ਆਉਂਦਾ। ਇਸ ਖੇਡ ਦੇ ਨਜ਼ਾਰੇ ਤੇ ਉਸ ਸਮੇਂ ਚਾਲੀ ਚਾਲੀ ਸਾਲ ਦੇ ਜਵਾਨ, ਹੁਣ ਭੀ ਜਦੋਂ ਯਾਦਾਂ ਵਿਚ ਉਭਰਦੇ ਹਨ, ਇਕ ਹਲੂਣਾ ਜਿਹਾ ਆ ਜਾਂਦਾ ਹੈ। ਇਹ ਖੇਡ ਹੁਣ ਖੇਡੀ ਨਹੀਂ ਜਾਂਦੀ, ਇਸ ਦੀ ਜਗਾਹ ਹੁਣ ਕਬੱਡੀ ਨੇ ਲੈ ਲਈ ਹੈ।

ਕਬੱਡੀ ਵਿਚ ਮੁਠਡਿਆਂ ਦੇ "ਦੋ ਬਿੱਲੇ" ਬੜਾ ਨਾਮਣਾ ਖੱਟ ਚੁੱਕੇ ਹਨ ਜੋ ਹੁਣ ਵੈਟਰਨ ਹੋ ਇੱਥੇ "ਪੰਚਾਇਤੀ ਰਾਜ ਸਪੋਰਟਸ ਕਲੱਬ" ਸੰਸਥਾ ਦੇ ਸੰਚਾਲਕ ਹਨ।

ਵੱਡਾ ਬਿੱਲਾ— ਅਮਰੀਕ ਸਿੰਘ ਮੀਕਾ ਉਮਰ ੫੫ ਤੋਂ ਉਪਰ ਇਸ ਨੇ ਬੜਾ ਲੰਮਾ ਸਮਾਂ ਕਬੱਡੀ ਖੇਡੀ। ਆਪਣੀ ਪਹਿਲੀ ਟੀਮ ਨਾਲ ਮੰਡ ਛੋਟੇ ਬਿੱਲੇ ਦੀ ਟੀਮ ਵਿਚ ਭੀ ਆਪਣੇ ਪਹਿਲਵਾਨੀ ਨਾਮ ਨੂੰ ਰੋਸ਼ਨ ਰਖਿਆ ਹੈ। ਅਮਰੀਕ ਸਿੰਘ ਵਧੀਆ ਗੁਰ ਸਿਘ ਸ. ਪ੍ਰੀਤਮ ਸਿੰਘ ਦਾ ਪੋਤਰਾ ਤੇ ਵਲੈਤ ਵਸਦੇ ਜਰਨੈਲ ਸਿੰਘ ਦਾ ਅੱਜ ਭੀ ਇੱਕ ਨੌਜਵਾਨ ਪੁੱਤਰ ਹੈ। ਕਬੱਡੀ ਤੇ ਕੁਸਤੀ ਇਸ ਨੇ ਦੋਵੇਂ ਇੱਕ ਸਾਰ ਨਭਾਹੀਆਂ ਹਨ। ਇਸ ਵਾਲੀ ਕਬੱਡੀ ਟੀਮ ਪੰਜਾਬ ਵਿਚ ਤੇ ਵੱਡੀਆਂ ਜਿੱਤਾਂ ਜਿੱਤਦੀ ਗਈ ਪ੍ਰੰਤੂ ਪੰਜਾਬੋਂ ਬਾਹਰ ਨਹੀਂ ਗਈ। ਇਸ ਦਾ ਸਮਾਂ ਅੱਟੇ ਵਾਲੇ ਦੇਵ ਤੋਂ ਥੋੜਾ ਬਾਦ ਸ਼ੁਰੂ ਹੁੰਦਾ ਹੈ। ੧੯੭੦—



ਅਮਰੀਕ ਸਿੰਘ ਮੀਕਾ

ਇਸ ਵਾਲੀ ਕਬੱਡੀ ਟੀਮ ਦੋ ਵਧੀਆ ਪਲੇਅਰ ਸਨ। ਸ਼ਿੰਦਰ ਸਿੰਘ ਮਾਨ, ਤੇ ਹਰਪਾਲ ਸਿੰਘ ਬਾਸੀ ਸੁਹਣ ਸਿੰਘ ਜੋਸੀ ਪਿੰਡ ਦਾ ਵਧੀਆ ਪਲੇਅਰ ਕੁੱਛ ਅੱਗੇ ਸੀ।

ਨਾਭੇ ਵਿੱਚ ੩੧ ਸਕਿੰਡ ਰੇਡ ਦੀ ਜਦੋਂ ਸਰਕਲ ਕਬੱਡੀ ਸ਼ੁਰੂ ਹੋਈ ਤੇ ਇਹ ਦੂਸਰੇ ਬਿਲੇ ਗੁਰਪਾਲ ਦੀ ਟੀਮ ਦਾ ਮੈਂਬਰ ਸੀ। ਨਾਭੇ ਵਿਚ ਇਸ ਟੀਮ ਨੇ ਤਿੰਨ ਸਾਲ ਫਸਟ ਰਹਿ ਕੇ, ਰਕਾਰਡ ਕਾਇਮ ਕਰ ਦੇਣ ਨਾਲ ਹਰ ਸਾਲ ੩੧,੦੦੦ ਰੁਪਈਏ ਦਾ ਇਨਾਮ ਭੀ ਜਿੱਤਿਆ।

ਮੀਕੇ ਦੇ ਤਿੰਨ ਕਬੱਡੀ ਸ਼ਗਿਰਦ ਜੋ ਫੋਰਨ ਵਿਚ ਕਬੱਡੀ ਖੇਡਦੇ ਹਨ—

1) ਪੰਮੀ— ਸੂਬੇਦਾਰ ਜੁਗਿੰਦਰ ਸਿੰਘ ਦਾ ਲੜਕਾ (ਇੰਗਲੈਂਡ)

2) ਦੀਪਾ— ਸੁਦਾਗਰ ਸਿੰਘ ਦਾ (ਕਨੇਡਾ) (ਇੰਟਰਨੈਸ਼ਨਲ ਪਲੇਅਰ)


Namdhari Elibrary NamdhariElibrary@gmail.com

3) ਕਮਲਜੀਤ ਸਿੰਘ – ਜਰਨੈਲ ਸਿੰਘ (ਅਮਰੀਕਾ)

**ਕੁਸ਼ਤੀ**

ਕੁਸ਼ਤੀ ਵਿਚ ਅਮਰੀਕ ਬਿੱਲੇ ਦਾ ਸਾਡੇ ਪਿੰਡ ਹੀ ਨਹੀਂ ਸਾਡੇ ਗਿਰਦ ਭੀ ਕੋਈ ਸਾਨੀ ਨਹੀਂ।

ਛਿੰਝਾਂ ਦੀ ਕੁਸ਼ਤੀ ਨਾਲ ਇਸ ਪੁਆਇੰਟ ਸਕੋਰ ਵਿਚ ਕੰਪੀਟ ਕਰਨੋ ਭੀ ਦਰੇਗ ਨਹੀਂ ਕੀਤਾ।

ਜਗਤਪੁਰ ਦੇ ਸਭ ਤੋਂ ਵਧੀਆ ਇੰਟਰ ਬਲਾਕ ਟੂਰਨਾਮੈਂਟ ਵਿਚ ਮੀਕਾ ਕਬੱਡੀ ਖੇਡ ਕੇ ਕੁਸ਼ਤੀ ਵਿਚ ਫਸਟ ਪਰਾਈਜ਼ ਲੈ ਗਿਆ।

ਆਦਮਪੁਰ ਇੰਟਰਬਲਾਕ ਚੈਂਪੀਅਨਸ਼ਿੱਪ ਵਿਚ ਮੀਕਾ ਫਸਟ ਪਰਾਈਜ਼ ਜਲੰਧਰ ਹੰਸਰਾਜ ਸਟੇਡੀਅਮ ਵਿਚ ਸੈਕੰਡ ਪਰਾਈਜ਼

ਸਾਡੇ ਇਲਾਕੇ ਵਿਚ ਹੁਣ ਕੁਸ਼ਤੀਆਂ ਦਾ ਪ੍ਰਬੰਧ ਮੀਕੇ ਪਹਿਲਵਾਨ ਦੇ ਹੱਥ ਹੁੰਦਾ ਹੈ। ਇਸ ਦਾ ਮੁਠੱਡਿਆਂ ਨੂੰ ਮਾਣ ਹੈ।

ਪਿੰਡ ਦੀ ਪੰਚਾਇਤੀ ਰਾਜ ਸਪੋਰਟਸ ਕਲੱਬ ਦਾ ਅਮਰੀਕ ਸਿੰਘ ਪ੍ਰਧਾਨ ਹੈ।

ਦਰਜਨਾਂ ਸ਼ਿਸ਼ਾਂ ਦਾ ਉਸਤਾਦ ਅੱਜ ਭੀ ਆਪ ਨੂੰ ਨਵੇਂ ਪਿੰਡੀਏ ਫੌਜੀ ਗੁਰਦੀਪ ਸਿੰਘ ਦਾ ਸ਼ਗਿਰਦ ਅਖਵਾਉਣ ਵਿਚ ਮਾਣ ਸਮਝਦਾ ਹੈ।

ਅਮਰੀਕ ਸਿੰਘ ਝੂਰਦਾ ਹੈ ਕਿ ਅਣਪੜ੍ਹਤਾ ਕਾਰਨ ਉਹ ਮੁਠੱਡਿਆਂ ਨੂੰ ਅੱਗੇ ਨਹੀਂ ਲਜਾ ਸੱਕਿਆ ਜਿਸ ਦੀ ਉਸ ਵਿਚ ਸਮਰਥਾ ਸੀ।

ਮੀਕੇ ਦਾ ਆਪਣਾ ਅਖਾੜਾ ਹੈ ਜਿਸ ਦੇ ਦੋ ਵਧੀਆ ਰੈਸਲਰ ਸ਼ੀਰਾ ਸਿੰਘ ਤੇ ਮਨਜੀਤ ਸਿੰਘ ਅੱਗੇ ਆ ਰਹੇ ਹਨ। ਅਮਰੀਕ ਸਿੰਘ ਦੇ ਪਿੰਡੋਂ ਬਾਹਰ, ਬਹੁਤ ਖੁਲੇ ਖੇਤ ਵਿਚ ਬਣੇ ਬੜੇ ਹੀ ਸ਼ਾਨਦਾਰ ਮਕਾਨ ਵਿਚ ਜਦੋਂ ਮੈਂ ਆਪਣੀ ਜਾਂਚ ਪੜਤਾਲ ਲਈ ਗਿਆ ਉਸ ਦਾ ਪਹਿਲਾ ਝੋਰਾ ਸੀ "ਭਾ ਜੀ! ਦੇਖੋ ਗੁਰ ਸਿੱਖਾਂ ਦੇ ਪੁਤਰ ਪੋਤਰੇ ਹੁੰਦਿਆਂ ਭੀ ਕੁਸ਼ਤੀ, ਕਬੱਡੀ ਨੇ ਸਾਨੂੰ ਕੀ ਬਣਾ ਦਿੱਤਾ।" ਮੈਨੂੰ ਇਸ ਦੇ ਢਿੱਡ ਵਿਚ ਉਗਦੇ ਵਾਲਾਂ ਦੇ ਦਰਸ਼ਨ ਹੋ ਰਹੇ ਸਨ।

**ਛੋਟਾ ਬਿੱਲਾ ਗੁਰਪਾਲ ਸਿੰਘ ਉਮਰ 40**

ਸ. ਭੋਲਾ ਸਿੰਘ ਨਾਮਧਾਰੀ ਦਾ ਇਹ ਪੋਤਰਾ ਤੇ ਬੜੇ ਹੀ ਸਟਰਾਂਗ ਸਪੋਰਟਮੈਨ ਰੌਜਣ ਸਿੰਘ ਦਾ ਭਤੀਜਾ ਤੇ ਗੁਰਨਾਮ ਸਿੰਘ ਦਾ ਸਪੁੱਤਰ ਸਰਕਲ ਕਬੱਡੀ ਦਾ ਉਹ ਰੇਡਰ ਹੋ ਚੁੱਕਾ ਹੈ ਜਿਸ ਦੀਆਂ ਧਮਕਾਂ ਅਸੀਂ ਸਿਡਨੀ ਵਿਚ ਭੀ ਸੁਣਿਆ ਕਰਦੇ ਸਾਂ। ਦੋਵੇਂ ਬਿੱਲੇ ਪੰਜਾਬ ਦੀ ਇਸ ਧਰਤੀ ਤੇ ਉਂਗਲੀਆਂ ਤੇ ਗਿਣੇ ਜਾਂਦੇ ਸ਼ੇਰਾਂ ਵਿਚੋਂ ਦੋ ਹਨ।



ਗੁਰਪਾਲ ਸਿੰਘ

ਉਮਰ ਵਿਚ ਅਮਰੀਕ ਤੇ ਗੁਰਪਾਲ ਦਾ ਫ਼ਰਕ ੧੦, ੧੨ ਸਾਲ ਤੋਂ ਉਪਰ ਹੀ ਹੋਵੇਗਾ। ਇਸ ਕਰ ਕੇ ਇਸ ਨੂੰ ਜੇ ਅਮਰੀਕ ਸਿੰਘ ਦੇ ਸ਼ਿਸ਼ਾਂ ਵਿਚ ਹੀ ਗਿਣ ਲਈਏ ਤਾਂ ਇਸ ਨੂੰ ਦੁੱਖ ਨਹੀਂ ਲੱਗੇਗਾ। ਜਿਵੇਂ ਅਮਰੀਕ (ਵਡਾ ਬਿੱਲਾ) ਸ਼ਿਦੇ ਮਾਨ ਤੋਂ ਕਬੱਡੀ ਖੇਡਣੀ ਸਿੱਖੀ ਆਖ ਫ਼ਖਰ ਮਹਿਸੂਸ ਕਰਦਾ ਹੈ।

ਇਹ ਗਲ ਅਸੀਂ ਮੰਨਦੇ ਹਾਂ ਕਿ ਗੁਰਪਾਲ ਨੇ ਮੁਠੱਡਿਆਂ ਨੂੰ ਅਮਰੀਕ ਤੋਂ ਉਪਰ ਤੱਕ ਜ਼ਰੂਰ ਪੁਚਾਇਆ।

ਇਹ ਭੀ ਗਲ ਮਹਿਸੂਸੀ ਜਾਂਦੀ ਹੈ ਬਿਲੇ ਦੀ ਰਾਜਸਥਾਨ ਵਿਚ ਲੱਤ ਨਾ ਟੁੱਟਦੀ ਤਾਂ ਉਸਦੀ ਰੇਡ ਵਿਚ ਮੁਠੱਡਿਆਂ ਨੂੰ ਸੁਨਹਿਰੇ ਰੰਗ ਵਿਚ ਰੰਗਣ ਦੀ ਤਾਕਤ ਸੀ। ਪਰ ਜੋ ਉਸ ਨੂੰ ਭਾਵੇ।

ਜੋਰਾਵਰਾਂ ਦੇ ਘਰਾਣੇ ਵਿਚ ਪੈਦਾ ਹੋਇਆ; ਖੇਤਾਂ ਵਿਚ ਕਬੱਡੀ ਖੇਡਣੀ ਇਸ ਛੋਟੀ ਉਮਰ 'ਚ ਹੀ ਸ਼ੁਰੂ ਕਰ ਦਿੱਤੀ।

ਪਿੰਡਾਂ ਵਿਚ ਖੇਡਦਿਆਂ ਜਿੱਤਦਿਆਂ ਇਹ ਡਿਸਟ੍ਰਿਕ ਜਲੰਧਰ ਦੀ ਟੀਮ ਵਿਚ ਚਲੇ ਗਿਆ।

ਪੂਰੇ ਤਿੰਨ ਸਾਲ ਇਸ ਨੇ ਡਿਸਟ੍ਰਿਕ ਟੀਮ ਦੀ ਕਪਤਾਨੀ ਕੀਤੀ।

ਲਗਾਤਾਰ ਦਸ ਸਾਲ ਜਲੰਧਰ ਪੰਜਾਬ ਨੂੰ ਜਿੱਤਦਾ ਰਿਹਾ ਤੇ ਗੁਰਪਾਲ ਪੰਜਾਬ ਦੀ ਟੀਮ ਦਾ ਰੇਡਰ ਸਲੈਕਟ ਹੋ ਗਿਆ।

ਦੋ ਸਾਲ ਪੰਜਾਬ ਟੀਮ ਦੀ ਕਪਤਾਨੀ ਕਰ ਕੇ ਨੈਸ਼ਨਲ ਚੈਂਪੀਅਨਸ਼ਿਪ ਵਿਚ ਕੰਪੀਟ ਕੀਤਾ।

ਸਮਰਾਵਾਂ ਤੇ ਲੁਧਿਆਣੇ ਵਿਚ ਨੈਸ਼ਨਲ ਚੈਂਪੀਅਨਸ਼ਿਪ ਜਿੱਤੀ ਨਾਭਾ ਵਿਚ ਤਾਂ ਸੈਕਿੰਡ ਰੇਡ ਦੀ ਸਰਕਲ ਕਬੱਡੀ ਵਿਚ ਤਿੰਨ ਸਾਲ ਜਿੱਤ ਕੇ ਰਿਕਾਰਡ ਕਾਇਮ ਕੀਤਾ।

ਅਗਲੇ ਨੈਸ਼ਨਲ ਚੈਂਪੀਅਨਸ਼ਿਪ ਰਾਜਸਥਾਨ ਵਿਚ ਦੂਸਰੇ ਮੈਚ ਵਿਚ ਇਸ ਦੀ ਲੱਤ ਟੁਟ ਗਈ। ਟੀਮ ਨੂੰ ਹਾਰ ਹੋਈ ਤੇ ਬਿੱਲੇ ਦੇ ਹੱਥ ਕਬੱਡੀ ਨੂੰ ਪਕੜਨ ਤੋਂ ਇਨਕਾਰੀ ਹੋ ਗਏ।

ਹੁਣ ਭੀ ਗੁਰਪਾਲ ਵੈਟਰਨ ਵਿਚ ਕੰਪੀਟ ਕਰਦਾ ਹੈ।

ਪਿੰਡ ਦੀ ਨੰਬਰਦਾਰੀ ਨਾਲ ਗੁਰਪਾਲ ਸਿੰਘ ਪਿੰਡ ਦੀ ਪੰਚਾਇਤੀ ਰਾਜ ਸਪੋਰਟਸ ਕਲੱਬ ਦਾ ਵੱਡੇ ਬਿੱਲੇ ਨਾਲ ਮੀਤ



Namdhari Elibrary NamdhariElibrary@gmail.com

ਪਰਧਾਨ ਹੈ ਤੇ ਅੱਜ ਕੱਲ੍ਹ ਨਵੇਂ ਕਬੱਡੀ ਪਲੇਅਰ ਪੈਦਾ ਕਰਨ ਵਿਚ ਮਸਰੂਫ ਰਹਿੰਦਾ ਹੈ.

ਬਿਲਾ ਜਾਣਦਾ ਹੈ ਕਿ ਬਹੁਤ ਕਬੱਡੀ ਪਲੇਅਰ ਅਣਾੜ੍ਹ ਹੋਣ ਕਾਰਨ ਆਪਣੀਆਂ ਸਮਾਜ-ਸਰਕਾਰ ਵਿਚ ਚੰਗੀਆਂ ਪਲੇਸਾਂ ਨਹੀਂ ਬਣਾ ਸਕੇ।

ਬਿੱਲਾ ਕਬੱਡੀ ਦਾ ਵਧੀਆ ਪਲੇਅਰ ਹੋਣ ਦੇ ਨਾਲ ਸ਼ਾਨਦਾਰ, ਹਸਮੁਖ ਸ਼ਖਸੀਅਤ ਤੇ ਕਿਸੇ ਦੇ ਕੰਮ ਆਉਣ ਵਾਲਾ, ਹਰ ਸਪੋਰਟਸ ਮੈਨ ਦਾ ਕਦਰਦਾਨ ਭੀ ਹੈ ਤੇ ਸਭ ਤੋਂ ਵੱਡਾ ਗੁਣ ਇਹ ਪਰਦੇਸੀ ਤੜਫ ਤੋਂ ਪਰੇ ਆਪਣੀ ਖੇਤੀ ਬਾੜੀ ਨੂੰ ਚੋਟੀ ਤੇ ਪੁਚਾ ਕੇ ਰਖਦਾ ਹੈ।

ਕਬੱਡੀ ਦਾ ਮਾਣ ਤੇ ਇਸ ਨੂੰ ਪੰਜਾਬ ਵਲੋਂ ਪਰਾਪਤ ਹੈ ਇਸ ਦਾ ਪਰਿਵਾਰ ਤੇ ਕਬੀਲਾ ਭੀ ਇਸ ਨੂੰ ਮਾਣ ਦੀ ਨਜ਼ਰ ਨਾਲ ਦੇਖਦਾ ਹੈ।

ਸਪੋਰਟਸ ਹੀ ਨਹੀਂ ਪਿੰਡ ਨੂੰ ਹਰ ਪੱਖੋਂ ਐਸੇ ਮਸਾਲੀ ਨੌਜਵਾਨ ਤੇ ਗਰਭ ਹੋਣਾ ਚਾਹੀਏ ਜੋ ਇਸ ਨੂੰ ਪਰਾਪਤ ਹੈ।

### ਵੇਟ ਲਿਫਟਿੰਗ

ਹਰਜੀਤ ਸਿੰਘ ਉਮਰ ੨੪ ਸਾਲ

ਵਿਦਿਆ ਲਾਇਲਪੁਰ ਖਾਲਸਾ ਕਾਲਜ ਜਲੰਧਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਸਪੋਰਟਸ ਵਿਚ ਹਰਜੀਤ ਸਾਡੇ ਪਿੰਡ ਦਾ ਇੱਕ ਹੋਰ ਹੀਰਾ ਹੈ।

ਪਿਤਾ ਮੱਖਣ ਸਿੰਘ — ਬਾਬਾ ਗੁਰਮੇਜ ਸਿੰਘ - ਪੜਦਾਦਾ ਸ. ਚੰਨਣ ਸਿੰਘ ਸਾਡੇ ਇਲਾਕੇ ਦਾ ਸਭ ਤੋਂ ਸਿਆਣਾ ਵਿਅਕਤੀ ਜੋ ਚੰਗੀ ਤਰ੍ਹਾਂ ਸੋਟੀ ਅਸਰੇ ਚਲ ਫਿਰ ਸਕਦਾ ਹੈ।

ਤਾਇਆ ਜੀ ਚੰਨਣ ਸਿੰਘ ਪਾਸ ਮੈਂ ਪੁਰਾਣੀਆਂ ਗੁੱਝੀਆਂ ਗੱਲਾਂ ਜਾਨਣ ਲਈ ਜਾਇਆ ਕਰਦਾ ਹਾਂ।

ਵੱਡੇ ਹੋਲੇ ਸਮੇਂ ਇਨ੍ਹਾਂ ਦੇ ਖੇਤਾਂ ਵਿਚ ਹੀ ਸੰਗਤਾਂ ਲਈ ਤੰਬੂ ਸਜੇ ਸਨ। ਤਾਇਆ ਜੀ ਦਸਦੇ ਹਨ ਕਿਵੇਂ ਸਤਿਗੁਰੂ ਪ੍ਰਤਾਪ ਸਿੰਘ ਦੇ ਇਨ੍ਹਾਂ ਨੂੰ ਸੁਪਨੇ ਵਿਚ ਦਰਸ਼ਨ ਹੋਏ।



ਹਰਜੀਤ ਸਿੰਘ

ਇਨ੍ਹਾਂ ਇਹ ਭੀ ਮੈਨੂੰ ਆਖਿਆ ਕਿ ਅਸੀਂ ਮਿਲ ਸਤਿਗੁਰਾਂ ਅਗੇ ਅਰਦਾਸ ਕਰੀਏ ਕਿ ਸਤਿਗੁਰ ਇਸ ਸਰੀਰ ਤੋਂ ਹੁਣ ਮੈਨੂੰ ਮੁਕਤ ਕਰਨ।

ਹਰਜੀਤ ਸਿੰਘ ਇਨ੍ਹਾਂ ਦਾ ਪੋਤੜਾ ਸਾਡੇ ਪਿੰਡ ਦੀ ਸ਼ਾਨ ਹੈ।

ਤੇ ਇਸ ਦੀਆਂ ਵੱਡੀਆਂ ਜਿੱਤਾਂ ਦਾ ਵੇਰਵਾ ਇਸ ਪਰਕਾਰ ਹੈ :-

1. Gold medal in National Bench Presss Power lifting
2. Junior National Record breaker in 04 Bench Press.
3. National Power lifting in Patna Bihar Sub Junior (Gold Medal)
4. Bench Press National Championship in 05 (Silver) Jamshed Pur. Body 90 Press. 187 K.g.
5. Bench Press National Championship in 06 ( Silver) Haryana Body 90. Press 205 kg.
6. Power lifting Gold Medal- Layallpur Khalsa College Jalandhar G.D. University
7. Chandigarh- State Record- Junior Power lifting in 4-12-05 in Squat & Bench Press.

ਏਧਰ ਭਵਿੱਖ ਤੋਂ ਮਯੂਸ ਹੋ ਕੇ ਆਪਣੇ ਤਾਏ ਪਾਸ ਵਲੈਤ ਜਾ ਕੇ ਵਧੇਰੇ ਖੁਸ਼ ਹੈ।

ਪਿੰਡ ਦੀ ਜਿਮ ਵਿਚ ਕਈ ਮੁੰਡੇ ਇਸ ਦੀ ਨਿਗਰਾਨੀ ਹੇਠ ਰੋਜ ੪-੬.੩੦ ਤੱਕ ਟ੍ਰੇਨਿੰਗ ਕਰਦੇ ਹਨ।

ਅਫਸੋਸ ਅਜਿਹੇ ਮੁੰਡੇ ਭੀ ਭਵਿੱਖ ਤੋਂ ਦੁਖੀ ਹੋ ਬਾਹਰ ਦੇ ਸੁਪਨੇ ਲੈਣ ਲਈ ਮਜਬੂਰ ਹਨ।

ਦੋਵਾਂ ਬਿਲਿਆਂ ਤੇ ਹਰਜੀਤ ਨੇ ਆਪਣੀਆਂ ਜਿੱਤਾਂ ਦੀ ਪਰਦਰਸ਼ਣੀ ਲਈ ਵਖਰੇ ਕਮਰੇ ਸਜਾਏ ਹੋਏ ਹਨ। (ਕਦੇ ਫੇਰ ਹੋਰ)

ਮੁਠਡਿਆਂ ਦਾ ਪਹਿਲਵਾਨੀ ਪੜਾ ਅਧੂਰਾ ਰਹਿ ਜਾਵੇਗਾ ਜੇ ਇੱਥੇ ਉਸਰ ਰਹੇ ਸਤਿਗੁਰੂ ਰਾਮ ਸਿੰਘ ਸਟੇਡੀਅਮ ਦਾ ਵਰਨਣ ਨਾ ਕੀਤਾ ਜਾਵੇ। ਦੋਵਾਂ ਪਹਿਲਵਾਨੀ ਬਿੱਲਿਆਂ ਦੇ ਰੱਤ ਪਸੀਨੇ ਵਿਚੋਂ ਹੀ ਏਸ ਸਟੇਡੀਅਮ ਨੇ ਜਨਮ ਲਿਆ, ਜਿੱਥੇ ਕਦੇ ਪਿੰਡ ਦਾ ਬੜਾ ਛੱਪੜ ਹੋਇਆ ਕਰਦਾ ਸੀ। ਇਸ ਦੇ ਕੰਢੇ ਤ੍ਰਵੈਣੀ ਹੈ ਜਿੱਥੇ ਅੱਜ ਕਲ ਸਜਿਆ ਬੜਾ ਹੈ। ਇਕੱਠ ਬਣਿਆਂ ਰਹਿੰਦਾ ਹੈ। ਆਂਹਦੇ ਨੇ ਸਤਿਗੁਰੂ ਰਾਮ ਸਿੰਘ ਨੇ ਇਥੋਂ ਨਾਮ ਦੀਆਂ ਬਖਸ਼ਸ਼ਾਂ ਜਮੀਤੇ ਮਿਸਤਰੀ ਨੂੰ ਛੱਪੜ ਵਿਚ ਇਸ਼ਨਾਨ ਕਰਾ ਕੇ ਕੀਤੀਆਂ, ਸਤਿਗੁਰੂ ਹਰੀ ਸਿੰਘ ਭੀ ਇਥੇ ਦਰਸ਼ਨ ਦਿੱਤੇ, ਸਤਿਗੁਰੂ ਪ੍ਰਤਾਪ ਸਿੰਘ ਭੀ



Namdhari Elibrary NamdhariElibrary@gmail.com

ਸਿੰਘਾਂ ਸਮੇਤ ਇਥੇ ਅਖਾੜੇ ਵਿਚ ਕੁਸ਼ਤੀ ਜ਼ੋਰ ਕੀਤਾ। ਇਹ ਬਜ਼ੁਰਗਾਂ ਤੋਂ ਚਲੀਆਂ ਆ ਰਹੀਆਂ ਕਹਾਣੀਆਂ ਹਨ ਜਿਸ ਤੇ ਮਨ ਕਈ ਪ੍ਰਸ਼ਨ ਕਰਦਾ ਹੈ ਕਿਉਂਕਿ ਬਹੁਤੀਆਂ ਘਟਨਾਵਾਂ ਦੋਰ ਦੀਆਂ ਅਖੀ ਡਿੱਠੀਆਂ ਹਨ।

ਇਹ ਇਕ ਚਮਕਦੀ ਹਕੀਕਤ ਹੈ ਕਿ ਇਸ ਸਟੇਡੀਅਮ ਦਾ ਨੀਂਹ ਪੱਥਰ ਸਤਿਗੁਰੂ ਜਗਜੀਤ ਦੁਆਰਾ ਹੀ ਰੱਖਿਆ ਗਿਆ। ਇਹ ਭੀ ਇਕ ਸਚਾਈ ਹੈ ਕਿ ਜਿੱਥੇ ਅੱਜ ਸ਼ਰਾਬ ਦਾ ਠੇਕਾ ਹੈ; ਇਹ ਦੁਕਾਨਾਂ ਉਸ ਭੁਲਾ ਸਿੰਘ ਦੀ ਹਵੇਲੀ ਵਿਚ ਉਸਾਰੀਆਂ ਹਨ ਜਿਥੇ ਕਦੇ ਸਤਿਗੁਰੂ ਪ੍ਰਤਾਪ ਸਿੰਘ ਜੀਆਂ ਦਾ ਦਰਬਾਰੀ ਦੀਵਾਨ ਸੱਜਿਆ ਕਰਦਾ ਸੀ।

ਹਰ ਸਾਲ ਵਿਸਾਖੀ ਤੇ ਇੱਥੇ ਕਬੱਡੀ ਕੁਸ਼ਤੀ ਵੇਟ ਲਿਫਟਿੰਗ ਆਦ ਕਈ ਈਵੈਂਟਸ ਹੁੰਦੇ ਹਨ। ਦੂਰੋਂ ਦੂਰੋਂ ਟੀਮਾਂ ਆਉਂਦੀਆਂ ਹਨ ਤੇ ਤੇ ਹਜ਼ਾਰਾਂ ਦੀ ਗਿਣਤੀ ਵਿਚ ਪਬਲਕ ਸਾਹਵੇਂ ਖੇਡਾਂ ਦਾ ਅਰੰਭ ਨਾਮਧਾਰੀ ਅਰਦਾਸ ਦੁਆਰਾ ਹੀ ਹੁੰਦਾ ਹੈ ਕਬੱਡੀ, ਵਾਲੀਬਾਲ ਟ੍ਰੇਨਿੰਗ ਇਥੇ ਨਿੱਤ ਚਲਦੀ ਹੈ।

ਉਸਾਰੀ ਵਿਚ ਬਹੁਤਾ ਸਾਰਾ ਰੁਪਇਆ ਬਾਹਰਲਾ ਲੱਗ ਰਿਹਾ ਹੈ ਜਿਸ ਵਿਚ ਕੈਨੇਡਾ ਵਾਲੇ ਨੰਬਰ ਇੱਕ ਹਨ।

ਪਿੰਡ ਦੀ ਪੰਚਾਇਤ ਵਿਚ ਕਿੰਨੀ ਕੁ ਸਚਾਈ ਹੈ ਸਤਿਗੁਰ ਜਾਣੇ। ਮੇਰੀ ਇਹ ਅਰਦਾਸ ਹੈ ਮੁਠੱਡਿਆਂ ਦਾ ਇਹ ਅੰਗ ਵਧੇ ਫੁਲੇ।

**ਦਇਆ ਰਾਮ**

ਮੁਠੱਡਿਆਂ ਦਾ ਤੀਸਰਾ ਨਾਮ ਦਇਆ ਰਾਮ ਦੇ ਮੁਠੱਡੇ ਭੀ ਹੈ ਤੇ ਇਸ ਦਾ ਭੀ ਨਾਮਧਾਰੀ ਸਮਾਜ ਨਾਲ ਚੰਗਾ ਗੂੜ੍ਹਾ ਸਬੰਧ ਹੈ।

ਦਇਆ ਰਾਮ ਦਾ ਪਿਤਾ ਮੋਤੀ ਰਾਮ ਨੂਰਮਹਿਲ ਤੋਂ ਇੱਥੇ ਆਇਆ ਸੀ। ਇਸ ਦਾ ਕਿੱਤਾ ਸੁਲਤਾਨੀ ਸਿੱਖਾਂ ਵਿਚ ਤਮਾਕੂ ਨੂੰ ਭੜਕੀਲਾ, ਨਸ਼ੀਲਾ ਰੂਪ ਦੇਣ ਵਾਲੇ ਮਸਾਲੇ ਵੇਚਣਾ ਸੀ। ਇਸ ਦਾ ਵਿਹਾਰ ਇੱਥੇ ਚੰਗਾ ਵਧਿਆ ਫੁੱਲਿਆ ਇਸ ਦੇ ਤਿੰਨ ਪੁੱਤਰ ਸਨ- ਦਇਆ ਰਾਮ, ਠਾਕਰ ਦਾਸ ਤੇ ਮਨਸ਼ਾ ਰਾਮ। ਦਇਆ ਰਾਮ ਸਭ ਤੋਂ ਵੱਡਾ ਤੇ ਇਨ੍ਹਾਂ ਦਾ ਪਰਮੁੱਖ ਸੀ ਇਸ ਕਰ ਕੇ ਇਨ੍ਹਾ ਦੇ ਕਾਰੋਬਾਰ ਤੇ ਜੋ ਬਹੁਤਾ ਸ਼ਾਹੂਕਾਰਾ ਸੀ, ਜਾਇਦਾਦ ਇੱਥੇ ਤੇ ਗਿਰਦ ਦੇ ਪਿੰਡਾਂ ਵਿਚ ਇਨ੍ਹਾਂ ਇਕੱਤਰ ਕੀਤੀ ਉਹ ਦਇਆ ਰਾਮ ਦੇ ਨਾਮ ਨਾਲ ਹੀ ਪੁਕਾਰੀ ਜਾਂਦੀ। ਪਿੰਡ ਵਿਚ ਪੈਦਾ ਕੀਤੀ ਜਾਇਦਾਦ ਦੀ ਬਹੁਤਾਤ ਨੇ ਇਸ ਪਿੰਡ ਨੂੰ ਦਇਆ ਰਾਮ ਦੇ ਮੁਠੱਡੇ ਅਖਵਾਇਆ।

ਸਾਡੇ ਅਖੀ ਵਖਿਆ ਛਟੀ ਇੱਟ ਦਾ ਇਨ੍ਹਾਂ ਦਾ ਮਹਿਲ ਸਮਾਨ, ਪਿੰਡ ਦੇ ਇਕ ਪਾਸੇ ਘਰ ਸੀ। ਸੋ ਕੁ ਗਜ਼ ਤੇ ਵੱਡੀ ਹਵੇਲੀ ਸ਼ੁਰੂ ਹੁੰਦੀ ਸੀ। ਪਿੰਡੋਂ ਜੰਡ ਵਲਾ ਲਹਿੰਦੇ ਪਾਸੇ, ਏਕੜਾਂ ਵਿਚ ਅੰਬਾਂ, ਜਾਮਣਾ ਫ਼ਲਾਂ ਦਾ ਬਾਗ਼ ਸੀ, ਜਿਸ ਵਿਚ ਚਲਦੇ ਖ਼ੂਹ ਸਮੇਤ ਇੱਕ ਕੋਠੀ ਸੀ ਤੇ ਹਰ ਸ਼ਾਮ ਘਰੋਂ ਇਨ੍ਹਾਂ ਦੀਆਂ ਬਹੂ- ਬੇਟੀਆਂ. ਹਵੇਲੀ ਚੋਂ ਸਜ ਕੇ ਚਲਦੀ ਬੱਘੀ ਵਿਚ ਬੈਠ ਬਾਗ ਵਿਚ ਸੈਰ ਕਰਨ ਜਾਇਆ ਕਰਦੀਆਂ ਸਨ ਤੇ ਅਸੀਂ ਲਾਗਲੇ ਪਿੰਡ ਸਕੂਲ ਵਿਚ ਪੜ੍ਹਦੇ ਕਦੇ ਕਦੇ, ਇਸ ਸਵਰਗੀ ਨਜ਼ਾਰੇ ਨੂੰ ਵੇਖ ਕੇ ਹੈਰਾਨ ਹੋਇਆ ਕਰਦੇ ਸਾਂ।

ਦਇਆ ਰਾਮ ਨੇ ਜੰਡ ਦੇ ਰਾਹ ਤੇ, ਆਪਣੇ ਸਾਧੂ ਮਤ ਗੁਰੂ-ਡੰਡੀ ਸੁਆਮੀ ਜੋ ਗਾਹੇ ਬਗਾਹੇ ਇੱਥੇ ਆਇਆ ਕਰਦੇ ਸਨ, ਜਿਨ੍ਹਾਂ ਦਾ ਡੇਰਾ ਸ਼ਾਮ ਚੁਰਾਸੀ-ਹੁਸ਼ਿਆਰ ਪੁਰ ਸੀ, ਲਈ ਇਕ ਕੁਟੀਆ ਬਣਾ ਰੱਖੀ ਸੀ - ਜਿਸ ਦੀ ਹੋਂਦ ਅੱਜ ਭੀ ਮੌਜੂਦ ਹੈ। ਸੁਣਿਐ ਡੰਡੀ ਸੁਆਮੀ ਨੇ ੧੨ ਸਾਲ ਮੋਨ ਰੱਖਿਆ ਸੀ ਤੇ ਦਇਆ ਰਾਮ ਉਸ ਦੀ ਮੋਨ ਅਵਸਥਾ ਵਿਚ ਲੰਗਰ ਦੀ ਸੇਵਾ ਕਰਿਆ ਕਰਦਾ ਸੀ। ਨਾਮਧਾਰੀਆਂ ਦਾ ਦਇਆ ਰਾਮ ਨਾਲ ਸਬੰਧ ਉਸ ਵਕਤ ਵਜੂਦ ਵਿਚ ਆਇਆ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਨੇ 'ਵੱਡੇ ਬਾਬਾ ਜੀ' ਸਤਿਗੁਰੂ ਜਗਜੀਤ ਸਿੰਘ ਦੇ ਪਹਿਲੇ ਅਨੰਦ ਕਾਰਜ ਲਈ, ਪਿੰਡ ਮੁਠੱਡੇ ਤੇ ਅਸਥਾਨ ਦਇਆ ਰਾਮ ਦਾ ਬਾਗ਼ ਚੁਣਿਆ ਜੋ ਉਸ ਵੇਲੇ ਠਾਕਰ ਦਾਸ ਦੇ ਹਿੱਸੇ ਵਿੱਚ ਸੀ। ਇਹ ਨਜ਼ਾਰਾ ਅਸੀਂ ਅਖੀਂ ਵੇਖਿਆ ਹੈ। ਲਾਵਾਂ ਲਈ ਹਵਨ ਗਿਰਦ ਬੜੀ ਖੁਲ੍ਹੀ ਪਰਕਰਮਾ ਸੀ। ਫ਼ਲ ਫੁੱਲ ਬੂਟੇ ਸਭ ਸਵਿਆਏ ਗਏ ਸਨ ਤੇ ਇਸ ਸਜਵੇਂ ਪੰਡਾਲ ਵਿਚ ਟਿੱਕਾ ਅਰਦਮਨ ਸਿੰਘ ਬਾਗੜੀਆਂ ਚੀਫ਼ ਜਹੀਆਂ ਸ਼ਖਸੀਅਤਾਂ ਉਪਸਥਤ ਸਨ।

ਅਸਥਾਨ ਦੀ ਨਜ਼ਾਕਤ ਨੂੰ ਮੁੱਖ ਰੱਖਦਿਆਂ ਸਤਿਗੁਰਾਂ ਪੱਤਰੀਆਂ ਨੂੰ ਵਚਨ ਕੀਤਾ ਸੀ ਕਿ ਇਥੇ ਇਕ ਵਧੀਆ ਯਾਦਗਾਰ ਕਾਇਮ ਕੀਤੀ ਜਾਵੇ, ਨਾਮਧਾਰੀ ਮਦਦ ਕਰਨਗੇ। ਪ੍ਰੰਤੂ ਇਹ ਵਚਨ ਅਪੂਰਾ ਰਹਿਣ ਦੀ ਵਜਾਹ ਹੀ ਹੈ ਕਿ ਨਾ ਉਹ ਬਾਗ਼ ਰਿਹਾ, ਨਾ ਮਹਿਲ ਨਾ ਕੋਠੀਆਂ (ਉਨ੍ਹਾਂ ਦੇ ਅੱਜ ਦੇ ਬੱਚੇ ਆਖਦੇ ਹਨ) ਤੇ ਨਾ ਹੀ ਉਹ ਦਇਆ ਰਾਮ ਦੀ ਚੜ੍ਹਤ ਜਿਸ ਦੇ ਨਾਮ ਤੇ ਇੱਕ ਦਿਨ ਇਹ ਪਿੰਡ ਵੱਜਦਾ ਸੀ- ਸਭ ਕੁਝ ਜੂਏ ਦੀ ਝੋਲੀ ਜਾ ਪਿਆ।

੧੭੫੯ ਤੋਂ ਅੱਜ ਤੱਕ ਮੁਠਡਿਆਂ ਦੇ ਵਾਤਾਵਰਨ ਨੇ ਕਈ ਕਰਵਟਾਂ ਬਦਲੀਆਂ ਹਨ। ਸ਼ਾਲਾ ਕਦੇ ਮੁੜ ਉਹ ਦਿਨ ਫਿਰ ਆਏ ਜਦੋਂ ਇੱਥੇ ਦੇ ਵਸਨੀਕ ਨਾਮ ਦੀ ਧਾਰਾ ਵਿਚ ਇਸ਼ਨਾਨ ਕਰ ਕੇ ਸੱਚ ਤੇ ਝੂਠ ਨੂੰ ਪਰਖਣ ਦੇ ਆਦੀ ਹੋ ਜਾਣ ਤੇ ਸੱਚ ਦਾ ਜਾਪ ਸਦਾ ਚਲਦਾ ਰਹੇ ਕਿਉਂਕਿ ਇਹ ਮਨ ਤੇ ਤਨ ਦੋਵਾਂ ਦਾ ਦਾਰੂ ਹੈ।



Namdhari Elibrary NamdhariElibrary@gmail.com

Our Motto : Best Quality of the Day

*High Class Gun Manufacturers*

**Single & Double Barrels**



# 12-BORE GUNS

## Free India Gun Manufacturers

Prop. S. KARTAR SINGH (Jammu-Wale)

6, Industrial Estate, Ashok Nagar,
Jammu Cantt-3
Ph. : 433810

**Sister Concern :**

M/s Kartar Singh
ARMS & AMMUNITION DEALERS



Namdhari Elibrary NamdhariElibrary@gmail.com

# ਸੰਤ ਬਲਕਾਰ ਸਿੰਘ



ਪਿਛਲੇ ਦਿਨੀਂ ਇਕ ਹੋਰ ਤਸਵੀਰ ਦੀ ਭਾਲ ਕਰਦਿਆਂ ਸੰਤ ਬਲਕਾਰ ਸਿੰਘ ਹਜ਼ੂਰੀ ਸੇਵਕ ਦੀ ਇਕ ਫੋਟੋ ਲਭ ਪਈ। ਵੇਖ ਕੇ ਇਕ ਜ਼ਮਾਨਾ ਯਾਦ ਆ ਗਿਆ। ਇਕ ਤਾਂ ਇਹ ਫੋਟੋ ਸਤਿਕਾਰ ਯੋਗ ਮਿਤਰ ਪਿਆਰੇ ਬਜ਼ੁਰਗ ਸਵ: ਪ੍ਰੀਤਮ ਸਿੰਘ ਕਵੀ ਹੋਰਾਂ ਦੀ ਖਿੱਚੀ ਹੋਈ ਸੀ। ਤਸਵੀਰ ਵੇਖ ਕੇ ਕਵੀ ਜੀ ਨਾਲ ਬਿਤਾਏ ਉਹ ਦਿਨ ਪ੍ਰੱਤਖ ਹੋ ਗਏ। ਜ਼ਮਾਨੇ ਵਿਚ ਕਿੰਨੀ ਫੁਰਤੀ ਚੁਸਤੀ ਅਤੇ ਜੋਸ਼ ਸੀ, ਜਾਂ ਸਾਡੇ ਵਿਚ ਸੀ ਜਿਸ ਨੂੰ ਅਸੀਂ ਜ਼ਮਾਨਾ ਆਖ ਰਹੇ ਹਾਂ।

"ਛੇੜੀ ਜਦੋਂ ਕਿਸੇ ਇਨਕਲਾਬ ਦੀ ਗਲ। ਯਾਦ ਆਈ ਸਾਨੂੰ ਇਕ ਖਾਬ ਦੀ ਗਲ। (—ਸ.ਸ. ਮੀਸ਼ਾ)

ਦੂਜੀ ਗਲ ਇਹ ਫੋਟੋ ਸੰਤ ਬਲਕਾਰ ਸਿੰਘ ਜੀ ਦੀ ਸੀ। ਸੰਤ ਬਲਕਾਰ ਸਿੰਘ ਨਾਲ ਵੀ ਬੀਤੇ ਇਤਿਹਾਸ ਦੇ ਪੰਨੇ ਯਾਦ ਆਏ। ਬਲਕਾਰ ਸਿੰਘ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰੀ ਨਿਕਟੀ ਪ੍ਰਮੁੱਖ ਗੁਣੀ ਸੇਵਕ ਰਹੇ ਹਨ। ਅਕਸਰ ਇਹ ਸੁਬਹ ਸਵੇਰੇ ਤੜਕੇ ਆਉਂਦੇ ਤੇ ਸਾਡੇ ਘਰ ਦਾ ਦਰਵਾਜ਼ਾ ਖੜਕਾ ਕੇ ਆਵਾਜ਼ ਮਾਰਦੇ ਉਹ ਜਗਦੀਸ਼ ਛੇਤੀ ਬਾਹਰ ਆ ਸੱਚੇ ਪਾਤਸ਼ਾਹ ਆਏ ਨੇ। ਉਹ ਕਿਹੋ ਜਿਹੇ ਸੁਹਾਵਣੇ ਦਿਨ ਸਨ ਜਿਹਨਾਂ ਦੀਆਂ ਯਾਦਾਂ ਤੰਗ ਵੀ ਕਰਦੀਆਂ ਨੇ ਤੇ ਸਕੂਨ ਵੀ ਦਿੰਦੀਆਂ ਨੇ।

ਬਲਕਾਰ ਸਿੰਘ ਵਿਚ ਲੋਹੜੇ ਦੀ ਫੁਰਤੀ ਸੀ (ਉਹ ਅਜੇ ਵੀ ਹੈ) ਉਹ ਬਹੁਤ ਗੁਣੀ ਬੰਦੇ ਹਨ। ਆਦਿ ਅਤੇ ਦਸਮ ਗ੍ਰੰਥ ਸਾਹਿਬ ਦਾ ਸ਼ੁਧ ਸਪਸ਼ਟ ਪਾਠ ਤੇ ਉਚਾ ਉਚਾਰਨ ਉਹਨਾਂ ਦਾ ਖਾਸਾ ਰਿਹਾ ਹੈ। ਲੱਗਾਂ ਮਾਤਰਾਂ ਦੇ ਨਾਲ ਨਾਲ ਉਹਨਾਂ ਦੀ ਆਵਾਜ਼ ਦੀ ਸੁਰ ਦਾ ਜਾਦੂ ਵੀ ਮੋਹਿੰਦਾ ਹੈ। ਉਹਨਾਂ ਦਾ ਜਲਵਾ ਆਸਾ ਦੀ ਵਾਰ ਦੇ ਕੀਰਤਨ ਵਿਚ ਸਿਖਰ ਤੇ ਹੁੰਦਾ। ਨਾਮਧਾਰੀਆਂ ਵਿਚ ਢੋਲਕ ਛੈਣਿਆਂ ਨਾਲ ਜੋ ਆਸਾ ਦੀ ਵਾਰ ਲਾਈ ਜਾਂਦੀ ਉਸ ਵਿਚ ਅਨੋਖਾ ਜੋਸ਼ ਹੁੰਦਾ ਅਤੇ ਇਸੇ ਕਰਕੇ ਲੋਕਾਂ ਵਿਚ ਇਸ ਦਾ ਨਾਮ 'ਵਾਰਾ' ਪ੍ਰਸਿਧ ਹੋ ਗਿਆ। ਜੇ ਵਾਰ ਲਗਣੀ ਅਨਾਊਂਸ ਹੁੰਦੀ ਤਾਂ ਭਾਵ ਹੁੰਦਾ ਕਿ ਰਾਗੀ ਸਾਜ਼ਾਂ ਅਤੇ ਤਬਲੇ ਨਾਲ ਰਾਗਾਂ ਅਨੁਸਾਰ ਆਸਾ ਦੀ ਵਾਰ ਗਾਇਣ ਕਰਣਗੇ ਜੇ ਕਿਹਾ ਜਾਣਾ ਕਿ ਵਾਰਾ ਲਗੇਗਾ ਤਾਂ ਮਤਲਬ ਹੋਣਾ ਢੋਲਕੀ ਛੈਣਿਆਂ ਦੀ ਗੜਗੂੰਜਾਂ ਪੈਣ ਗੀਆਂ। ਇਸ ਵਾਰੇ ਵਿਚ ਗਾਇਣ ਕਰਨਾ ਬੜਾ ਸੂਰਮਤਾਈ ਦਾ ਕੰਮ ਰਿਹਾ ਹੈ। ਉਸ ਜ਼ਮਾਨੇ ਵਿਚ ਵਾਰੇ ਦਾ ਕੀਰਤਨ ਬਹੁਤ ਪ੍ਰਚਲਤ ਅਤੇ ਹਰ ਮਨ ਪਿਆਰਾ ਸੀ। ਸੰਗਤਾਂ ਤੜਕੇ ੨-੩ ਵਜੇ ਹੀ ਆਪਣਾ ਆਪਣਾ ਸਥਾਨ ਮਲਣ ਗਲ ਪੈਂਦੀਆਂ। ਢੋਲਕ ਛੈਣਿਆਂ ਦੀ ਗੜਗੂੰਜ ਦੇ ਉਤੋਂ ਦੀ ਜਾ ਕੇ ਸਿੰਘ ਆਵਾਜ਼ ਕਢਕੇ ਅਤੇ ਉਚੀ ਤੋਂ ਉਚੀ ਟੀਪ ਦੀ ਸੁਰ ਤੇ ਕਾਇਮ ਰਖਦੇ। ਬਹੁਤ ਜੋਸ਼ ਅਤੇ ਸੰਘਰਸ਼ ਵਾਲਾ ਮਾਹੌਲ ਹੁੰਦਾ। ਇਸ ਵਾਰੇ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਖੁਦ ਵੀ ਦਿਲਰੁਬਾ ਸਾਜ਼ ਨਾਲ ਕੀਰਤਨ ਕਰਦੇ ਅਤੇ ਕੀਰਤਨ ਨੂੰ ਲੈਅ ਤਾਲ ਸੁਰ ਦੀ ਮਰਿਆਦਾ ਬਖਸ਼ਦੇ ਹੋਏ ਨਿਰਦੇਸ਼ਨ ਦਿੰਦੇ। ਸੰਤ ਬਲਕਾਰ ਸਿੰਘ ਸਤਿਗੁਰੂ ਜੀ ਵਾਲੇ ਪਾਸੇ ਉਹਨਾਂ ਦੇ ਸਹਿਯੋਗ ਵਿਚ ਬੋਲਦੇ। ਸੁਰ ਤਾਂ ਉਂਝ ਹੀ ਵਾਜੇ ਦੇ ਚੌਥੇ ਪੰਜਵੇਂ ਕਾਲੇ ਤੋਂ ਥੱਲੇ ਨਾ ਹੁੰਦੀ। ਉਤੋਂ ਬਲਕਾਰ ਸਿੰਘ ਦੀ ਸਧੀ ਹੋਈ ਆਵਾਜ਼ ਅੰਤਰੇ ਚੋਂ ਅੰਤਰਾ ਕੱਢ ਕੇ ਹੋਰ ਉੱਚੀ ਤੋਂ ਉੱਚੀ ਹੁੰਦੀ ਅਤੇ ਅਗੋਂ ਵਾਜੇ ਦੀਆਂ ਸੁਰਾਂ ਦਾ ਪ੍ਰਾਪਤ ਸੈਂਟ ਮੁੱਕ ਜਾਣਾ।

ਪੇਟ, ਹਿੱਕ ਅਤੇ ਗਲੇ ਦੇ ਬੇਪਨਾਹ ਜ਼ੋਰ ਨਾਲ ਗਾਇਣ ਕਰਨਾ ਮਾੜੇ ਧੀੜੇ ਦਾ ਕੰਮ ਨਹੀਂ ਸੀ। ਇਸ ਵਾਸਤੇ ਲੰਮੀ



Namdhari Elibrary NamdhariElibrary@gmail.com

ਸਾਧਨਾ, ਬਾਣੀ ਕੰਠ ਹੋਣੀ ਅਤੇ ਤਿੰਨ ਚਾਰ ਘੰਟੇ ਦੀ ਬੈਠਕ ਦੀ ਸਮਰਥਾ ਹੋਣੀ ਜ਼ਰੂਰੀ ਸੀ। ਤੜਕੇ ਤਿੰਨ ਵਜੇ ਤਾਰਿਆਂ ਦੀ ਲਅ ਵਿਚ "ਭਿੰਨੀ ਰੈਨੜੀਐ ਚਾਮਕਨਿ ਤਾਰੇ "ਪੜ੍ਹੇ ਜਾਣ ਤਾਂ ਹੋਰ ਹੀ ਅਨੰਦ ਬਝਣਾ। ਵੱਖ ਵੱਖ ਰਾਗਾਂ ਵਿਚ ਸ਼ਬਦ ਦੀਆਂ ਗੀਤਾਂ ਨੂੰ ਲੋਕ ਗਾਇਕੀ ਦੇ ਢੰਗ ਵਿਚ ਗਾਉਣਾ, ਰਾਗ ਦੀ ਸ਼ੁਧਤਾ ਵੀ ਰਖਣੀ ਅਤੇ ਸਰਲਤਾ ਵੀ। ਇਸ ਦੇ ਨਾਲ ਹੀ ਗੁਰਬਾਣੀ (ਆਦਿ ਅਤੇ ਦਸਮ ਦੀ) ਦਾ ਸ਼ੁਧ ਅਤੇ ਸਪੱਸ਼ਟ ਉਚਾਰਨ। ਇਓਂ ਲਗਦਾ ਸਚ ਮੁਚ ਅਣੀਆਲੇ ਬਾਣ ਵਜ ਰਹੇ ਹਨ। ਅਕਸਰ ਵੇਖਿਆ ਜਾਂਦਾ ਕਿ ਜਦੋਂ ਬਲਕਾਰ ਸਿੰਘ ਦੀ ਆਵਾਜ਼, ਹੂਕ ਉੱਚੀ ਤੋਂ ਉਚੇਰੀ ਹੋਣੀ ਤਾਂ ਭੈਣੀ ਸਾਹਿਬ ਦੇ ਬਿਰਖਾਂ ਤੇ ਬੈਠੇ ਮੋਰਾਂ ਨੇ ਵੀ ਅਲਾਪਣ ਲਗ ਜਾਣਾ ਤਾਂ ਦੋਵੇਂ ਪਾਸਿਆਂ ਦੀਆਂ ਸੁਰਾਂ ਇਕ ਹੋ ਜਾਣੀਆਂ। ਬਲਕਾਰ ਸਿੰਘ ਜੀ ਬਹੁਤ ਮਿੱਠੇ ਮਿਲਾਪੜੇ ਤੇ ਹਰ ਵਕਤ ਤਿਆਰ ਬਰ ਤਿਆਰ ਫੁਰਤੀਲੇ ਸਜਨ ਸਨ/ਹਨ। ਸਤਿਗੁਰੂ ਜੀ ਨੇ ਇਹਨਾਂ ਨਾਲ ਬਹੁਤ ਲਾਢ ਵੀ ਲਢਾਏ। ਮਜ਼ਮੂਨ ਬਹੁਤ ਵਧ ਜਾਏਗਾ ਨਹੀਂ, ਤਾਂ- ਕਈ ਕੁਝ ਅਰਜ਼ ਕੀਤਾ ਜਾ ਸਕਦਾ ਹੈ।

ਇਕ ਵਾਰ ਅਸੀਂ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਸਤਿਗੁਰੂ ਜੀ ਦੀ ਸੰਗਤ ਵਿਚ ਹੀ ਸਫਰ ਕਰ ਰਹੇ ਸਾਂ ਤਾਂ ਜਿਸ ਜਗਹ ਜਾਣਾ ਸੀ ਉਸ ਦੇ ਰਾਹ ਵਿਚ ਇਕ ਪਾਣੀ ਦਾ ਸੂਆ ਆ ਗਿਆ। ਉਪਰੋਂ ਪੁਲ ਥਾਣੀਂ ਜਾਣ ਵਿਚ ਤਾਂ ਕਾਫੀ ਵਲਾ ਸੀ ਇਸ ਵਾਸਤੇ ਸਮਾਂ ਲੱਗਣਾ ਸੀ। ਅਸੀਂ ਤਾਂ ਗਡੀ ਤੇ ਉਤੋਂ ਪੁਲੀ ਰਾਹੀਂ ਗਏ ਪਰ ਸਤਿਗੁਰੂ ਜੀ ਨੇ ਬਲਕਾਰ ਸਿੰਘ ਦੇ ਮੋਢਿਆਂ ਤੇ ਸਵਾਰੀ ਕੀਤੀ ਅਤੇ ਬਲਕਾਰ ਸਿੰਘ ਜੀ ਪਾਣੀ ਦੇ ਵਿਚੋਂ ਦੀ ਛਪਾ ਛੱਪ ਸਤਿਗੁਰੂ ਜੀ ਨੂੰ ਦੂਜੇ ਪਾਸੇ ਲੈ ਗਏ। ਬਸਤਰਾਂ ਤੇ ਇਕ ਛਿੱਟ ਵੀ ਨਾ ਪੈਣ ਦਿੱਤੀ। ਬਲਕਾਰ ਸਿੰਘ ਓਸ ਵੇਲੇ ਹਨੂੰਮਾਣ ਤੋਂ ਘਟ ਤਾਂ ਨਹੀ ਸਨ। ਜਦੋਂ ਅਸੀਂ ਗਡੀ ਰਾਹੀਂ ਪੁਜੇ ਤਾਂ ਸਤਿਗੁਰੂ ਜੀ ਬਹੁਤ ਪਹਿਲਾ ਤੋ ਪੁੱਜ ਚੁੱਕ ਸਨ। ਸੰਨ ੧੯੭੮ ਵਿਚ ਅਸੀਂ ਵਰਿਆਮ ਦਾ ਵਿਸ਼ੇਸ਼ ਅੰਕ 'ਸਤਿਗੁਰੂ ਜਗਜੀਤ ਸਿੰਘ ਅੰਕ' ਕਢਿਆ ਸੀ। ਇਸ ਵਿਸ਼ੇ ਤੇ ਇਹ ਪਹਿਲਾ ਅੰਕ ਜਾਂ ਪੁਸਤਕ ਸੀ। ਸਾਰਾ ਕੁਝ ਮੌਲਕ। ਇਸ ਅੰਕ ਵਾਸਤੇ ਲੇਖ ਇੰਟਰਵੀਊ ਲੈਣ ਵਾਸਤੇ ਅਸੀਂ ਨਿਕਟਵਰਤੀਆਂ ਅਤੇ ਹਜ਼ੂਰੀ ਸੇਵਕਾਂ ਤੋਂ ਵੀ ਪੁੱਛ ਗਿੱਛ ਕੀਤੀ ਅਤੇ ਲੇਖਾਂ ਦੀ ਵੀ ਮੰਗ ਕੀਤੀ। ਜਦੋਂ ਅੰਕ ਛੱਪ ਗਿਆ ਤਾਂ ਬਲਕਾਰ ਸਿੰਘ ਮੱਥੇ ਤੇ ਹੱਥ ਮਾਰ ਕੇ ਕਹਿਣ ਲਗੇ ਐਸੀ ਮਤ ਮਾਰੀ ਗਈ ਕਿ ਆਹ ਗਲਾ ਸਾਡੇ ਸਾਹਮਣੇ ਵਾਪਰਦੀਆਂ ਰਹੀਆਂ ਪਰ ਸਾਨੂੰ ਸੁਝੀਆਂ ਹੀ ਨਾ। ਅਸਲ ਵਿਚ ਉਹਨਾਂ ਦੀ ਹਜ਼ੂਰੀ ਸੇਵਕ ਵਜੋਂ ਡਿਊਟੀ ਦਾ ਹੀ ਏਨਾ ਰੁਝੇਵਾਂ ਹੁੰਦਾ ਕਿ ਉਹ ਹੋਰ ਲਿਖਣ ਪੜ੍ਹਣ ਦਾ ਸਮਾਂ ਹੀ ਨਾ ਕਢ ਸਕਦੇ।

ਸੰਤ ਬਲਕਾਰ ਸਿੰਘ ਜੀ ਦੀ ਤਸਵੀਰ ਵੇਖ ਕੇ ਖਿਆਲ ਆਇਆ ਕਿ ਇਹੋ ਜਿਹੀਆਂ ਹਸਤੀਆਂ ਬਾਰੇ, ਬਲਕਾਰ ਸਿੰਘ, ਮਾਸਟਰ ਦਰਸ਼ਨ ਸਿੰਘ, ਸੰਤ ਤਰਸੇਮ ਸਿੰਘ, ਸੰਤ ਗੁਰਦੇਵ ਸਿੰਘ ਹਜ਼ੂਰੀ ਸੇਵਕਾਂ ਬਾਰੇ ਕੁਝ ਲਿਖਿਆ ਜਾਵੇ। ਪਰ ਇਹ ਸਭ ਰੀਝਾਂ ਹੀ ਹਨ ਕਦੋਂ ਫਲੀਭੂਤ ਹੁੰਦੀਆਂ ਹਨ ਸਮੇਂ ਦੇ ਵਸ ਹਨ।

ਪਾਠਕ ਜਾਣਦੇ ਹਨ ਕਿ ਵਰਿਆਮ ਵਿਚ ਸੰਤ ਤਰਨ ਸਿੰਘ ਵਹਿਮੀ ਜੀ ਬਾਰੇ ਉਹਨਾ ਦੇ ਸਪੁਤਰ ਸ. ਸਾਧੂ ਸਿੰਘ ਕਿਸਾਨ ਵਲੋਂ ਲਿਖੀ ਇਕ ਲੜੀਵਾਰ ਵਾਰਤਾ ਚਲ ਰਹੀ ਹੈ। ਸਾਧੂ ਸਿੰਘ ਹੋਰਾਂ ਦਾ ਵੀ ਝੋਰਾ ਹੈ ਕਿ ਉਹਨਾਂ ਨੂੰ ਕੁਝ ਸੁਝ ਨਹੀਂ ਰਿਹਾ।

ਸਬਬ ਐਸਾ ਬਣਿਆ ਕਿ ਸਾਧੂ ਸਿੰਘ ਹੋਰਾ ਦਾ ਲੇਖ ਪੜ੍ਹ ਕੇ ਸੰਤ ਬਲਕਾਰ ਸਿੰਘ ਹੋਰਾਂ ਦੀ ਇਕ ਚਿਠੀ ਕੈਨੇਡਾ ਤੋਂ ਸੰਪਾਦਕ ਵਰਿਆਮ ਨੂੰ ਆਈ ਹੈ। ਬਲਕਾਰ ਸਿੰਘ ਜੀ ਅਜ ਕਲ ਕਨੇਡਾ ਵਿਚ ਅਤੇ ਭਾਰਤ ਵਿਚ ਬਚਿਆ ਨੂੰ ਗੁਰਬਾਣੀ ਅਤੇ ਕੀਰਤਨ ਅਭਿਆਸ ਕਰਵਾ ਰਹੇ ਹਨ ਜਿਨ੍ਹਾਂ ਦਾ ਪ੍ਰਦਰਸ਼ਨ ਸ੍ਰੀ ਭੈਣੀ ਸਾਹਿਬ ਦੇ ਵਡੇ ਮੇਲਿਆਂ ਤੇ ਵੇਖ ਕੇ ਸੰਗਤਾਂ ਧੰਨ ਧੰਨ ਹੋ ਜਾਂਦੀਆ ਹਨ ਅਤੇ ਸੰਤ ਬਲਕਾਰ ਸਿੰਘ ਜੀ ਪ੍ਰਤੀ ਅਸੀਸਾਂ ਨਿਕਲਦੀਆਂ ਹਨ। ਜਿਵੇਂ ਸਾਧੂ ਸਿੰਘ ਹੋਰਾਂ ਨੂੰ ਲਿਖਣਾ ਸੁੱਝ ਨਹੀਂ ਰਿਹਾ ਇਵੇਂ ਬਲਕਾਰ ਸਿੰਘ ਨੂੰ ਕਿਸੇ ਸਮੇਂ ਸਾਡੀ ਅਰਜ਼ ਤੇ ਵੀ ਸੁੱਝ ਨਹੀ ਸੀ ਰਿਹਾ.. ਪਰ ਸਮਾਂ ਹੁਣ ਆਇਆ ਇਹ ਚਿਠੀ ਦਸਦੀ ਹੈ ਕਿ ਅਮੁਕ ਯਾਦਾਂ ਦੇ ਖਜ਼ਾਨੇ ਇਹਨਾਂ ਹਿੱਕਾਂ ਵਿਚ ਸਾਂਭੇ ਪਏ ਹਨ। ਜੇ ਨਾ ਸਾਧੂ ਸਿੰਘ ਹੋਰਾਂ ਨੂੰ ਸੁਝੇ ਨਾ ਬਲਕਾਰ ਸਿੰਘ ਹੋਰਾਂ ਨੂੰ। ਪਰ ਵੇਗ ਤਾਂ ਸੀਨਾ ਪਾੜ ਕੇ ਬਾਹਰ ਆ ਗਿਆ ਹੈ ਅਤੇ ਆਂਵੇਗਾ। ਥੋਹੜੀਆਂ ਗੱਲਾਂ ਵਿਚ ਵਡਾ ਇਤਿਹਾਸ ਛੁਪਿਆ ਪਿਆ ਹੈ। ਦਰ ਅਸਲ ਹਰ ਬੰਦੇ ਅੰਦਰ ਹੀ ਇਕ ਇਤਿਹਾਸ ਛੁਪਿਆ ਹੁੰਦਾ ਹੈ ਪਰ ਪਰਗਟ ਕੋਈ ਲੇਖਕ ਹੀ ਕਰ ਸਕਦਾ ਹੈ। ਅਗੇ ਅਸੀਂ ਉਹ ਚਿਠੀ ਛਾਪ ਰਹੇ ਹਾਂ ਜੋ ਵਰਿਆਮ ਦੇ ਲੇਖਾਂ ਦੀ ਪ੍ਰਤਿਕਿਰਿਆ ਵਜੋਂ ਹੈ ਪਰ ਸੁਤੰਤਰ ਵੀ ਹੈ। ਅਤੇ ਸੰਤ ਤਰਨ ਸਿੰਘ ਵਹਿਮੀ ਬਾਰੇ ਲਿਖੇ ਸਾਧੂ ਸਿੰਘ ਕਿਸਾਨ ਹੋਰਾਂ ਦੇ ਲੇਖ ਨੂੰ ਹੋਰ ਵਿਸਥਾਰ ਵੀ ਦਿੰਦੀ ਹੈ।

*—ਜਗਦੀਸ਼ ਸਿੰਘ ਵਰਿਆਮ*


Namdhari Elibrary NamdhariElibrary@gmail.com

# ਛੋਟੇ ਹੁੰਦੇ ਦਾ ਮਿਤ੍ਰ ਸੀ ਤੇਰਾ ਤ ਚਿਠੀ ਲਿਖਦੇ ਜਗਦੀਸ ਨੂੰ

ਵਰਿਆਮ ਜੀ ਪਿਆਰ ਤੇ ਸਤਿਕਾਰ ਸਹਿਤ ਸਤਿ ਸ੍ਰੀ ਅਕਾਲ। ਵੈਸੇ ਤਾਂ ਪਹਿਲਾਂ ਵੀ ਵੇਹਲ ਨਹੀਂ ਸੀ ਪਰ ਸਚੇ ਪਾਤਸ਼ਾਹ ਜੀ ਦੇ ਨਾਲ ਤਾਂ ਬਿਲਕੁਲ ਵੀ ਵੇਹਲ ਨਹੀਂ ਸੀ। ਬਾਦ ਵਿਚ ਜੇ ਵੇਹਲ ਮਿਲਿਆ ਤਾਂ ਦਸਮ ਗ੍ਰੰਥ ਦਾ ਈ ਸ਼ੌਕ ਰਿਹਾ। ੨੪ ਜੂਨ ਬੁਧਵਾਰ ੨੦੦੬ ਨੂੰ ਮੈਂ ਸਰੀ ਤੋਂ ਐਬਸਫੋਰਡ ਜਸਪਾਲ ਸਿੰਘ ਰੰਧਾਵਾ ਦੇ ਘਰ ਤਿੰਨ ਚਾਰ ਵਰਿਆਮ ਪਏ ਵੇਖ ਕੇ ਇਕ ਚੁਕ ਕੇ ਪੜਨ ਲਗ ਗਿਆ। ਓਹ ਸੀ ਮਈ ੨੦੦੬ ਦਾ। ਕਰੀਬ ਸਾਰਾ ਈ ਪੜ੍ਹਿਆ। ਸਨੇਹੀ ਜੀ, ਲਖਵਿੰਦਰ ਬਾਜਵਾ, ਸਵਰਨ ਸਿੰਘ ਵਿਰਕ ਨੇ ਤਾਂ ਹਦ ਕਰ ਦਿਤੀ ਕਿ ਓਨ੍ਹਾ ਅਨਜਾਨ ਦੀਆਂ ਸਿਆਣਪਾਂ ਬਹੁਤ ਹੀ ਦਿਲਚਸਪ ਤਰੀਕੇ ਨਾਲ ਲਿਖੀਆਂ ਹਨ ਭਾਵੇਂ ਅਜੇ ਵੀ ਥੋੜ੍ਹੀਆਂ ਹੀ ਲਿਖੀਆਂ ਹਨ ਤੇ ਅਨਜਾਨ ਜੀ ਦਾ ਨਾਮ ਲਿਖ ਕੇ ਆਪਣੀ ਵਿਦਵਤਾ ਵੀ ਬਹੁਤ ਲਿਖ ਦਿੱਤੀ ਹੈ। ਭਾਪੇ ਪ੍ਰੀਤਮ ਸਿੰਘ ਦੀਆਂ ਯਾਦਾਂ ਸਾਰੀਆਂ ਈ ਪੜ੍ਹੀਆਂ ਪਰ ਸਾਧੂ ਸਿੰਘ ਕਿਸਾਨ ਦਾ ਲੇਖ ਪੜ੍ਹ ਕੇ ਮੇਰਾ ਵੀ ਜੀ ਕਰ ਆਇਆ ਕਿ ਮੈਂ ਵੀ ਮਾਸੜ ਤਰਨ ਸਿੰਘ ਜੀ ਦੇ ਕੁਝ ਕੁ ਉਪਕਾਰ ਲਿਖਾਂ ।

ਤਰਨ ਸਿੰਘ ਵਹਿਮੀ ਮੇਰਾ ਸਕਾ ਮਾਸੜ ਸੀ ਏਸ ਲਈ ਸਾਧੂ ਸਿੰਘ ਹੁਰੀਂ ਸਾਰੇ ਭਰਾ ਮੇਰੇ ਸਕੇ ਮਾਸੜ ਦੇ ਪੁੱਤ ਭਰਾ ਲਗਦੇ ਹਨ। ਮਾਸੜ ਤਰਨ ਸਿੰਘ ਜੀ ਦਾ ਦੇਣਾ ਮੈਂ ਕਿਸੇ ਵੀ ਤਰ੍ਹਾਂ ਦੇ ਨਹੀਂ ਸਕਦਾ। ਮੇਰੇ ਵਿਦਿਆ ਗੁਰੂ ਸ੍ਰੀਮਾਨ ਸੰਤ ਜਗਤ ਸਿੰਘ ਜੀ ਖੰਡੂ ਵਾਲੀ ਵਾਲੇ ਸਨ ਪਰ ਪਹਿਲੇ ਵਿਦਿਆ ਗੁਰੂ ਮੇਰੇ ਮਾਸੜ ਜੀ ਸਨ। ਮੈਨੂੰ ਜਦੋਂ ਪੰਜਵੀਂ ਜਮਾਤ ਵਿਚ ਇਕ ਮਹੀਨੇ ਦੀਆਂ ਛੁਟੀਆਂ ਹੋਈਆਂ ਤਾਂ ਪਿਤਾ ਜੀ ਮੈਨੂੰ ਹਿੰਦੂਚਕ ਲੈ ਗਏ ਤੇ ਮਾਸੜ ਜੀ ਨੂੰ ਅਰਜ ਕੀਤੀ ਕਿ ਬਲਕਾਰ ਨੂੰ ਵੀ ਕੁਝ ਗੁਰਮੁਖੀ ਵਿਦਿਆ ਪੜ੍ਹਾਈ ਜਾਵੇ। ਪਿਤਾ ਜੀ ਤਾਂ ਛੱਡ ਕੇ ਆ ਗਏ ਪਰ ਮਾਸੜ ਜੀ ਅਗਲੇ ਭਲਕ ਹੀ ਖੂਹ ਦੇ ਚੜਦੇ ਵਲ ਇਕ ਕਮਰਾ ਸੀ ਜਿਸ ਵਿਚ ਹੋਰ ਪੁਸਤਕਾਂ ਵੀ ਸਨ ਪਰ ਚੰਦੋਆ ਵੀ ਲਗਾ ਹੋਇਆ ਸੀ ਓਥੇ ਸਾਧੂ ਸਿੰਘ ਤੇ ਮੈਨੂੰ ਲੈ ਗਏ। ਆਦਿ ਸ੍ਰੀ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਕੇ ਸਾਧੂ ਸਿੰਘ ਨੂੰ ਪੜ੍ਹਨ ਵਾਸਤੇ ਆਖਿਆ ਗਿਆ ਤਾਂ ਸਾਧੂ ਸਿੰਘ ਪੜ੍ਹਨ ਲਗ ਗਿਆ। "ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ" ਇਹ ਤੁਕ ਅਜੇ ਤਕ ਵੀ ਮੇਰੇ ਦਿਲ ਤੇ ਲਿਖੀ ਹੋਈ ਹੈ। ਫੇਰ ਮੈਨੂੰ ਹੁਕਮ ਹੋਇਆ ਕਿ ਬਲਕਾਰ ਕੀ ਸੁਣਾਏਗਾ। ਪਰ ਮੈਂ ਕੀ ਸੁਣਾਣਾ ਸੀ ਮੈਨੂੰ ਤੇ ਕੁਝ ਵੀ ਨਹੀਂ ਸੀ ਆਉਂਦਾ। ਪਰ ਮਾਸੜ ਜੀ ਨੇ ਬਹੁਤ ਮਿਹਨਤ ਕਰ ਕੇ ਪਚੀਆਂ ਛਬੀਆਂ ਦਿਨਾਂ ਵਿਚ ਪੰਜ ਗ੍ਰੰਥੀ ਚੰਗੀ ਤਰ੍ਹਾਂ ਪੜ੍ਹਨ ਲਾ ਦਿੱਤੀ। ਇਕ ਵਧੀਆ ਗਲ ਹੋਰ ਹੋਈ ਕਿ ਅਗਲੇ ਭਲਕ ਮਾਸਟਰ ਅਮਰੀਕ ਸਿੰਘ ਵੀ ਆ ਗਏ। ਬਸ ਫੇਰ ਕੀ ਸੀ ਲਹਿਰਾਂ ਬਹਿਰਾਂ ਬਣ ਗਈਆਂ। ਨਾਲੇ ਪੜੀਏ ਤੇ ਨਾਲੇ ਖੇਡੀਏ। ਬਲੀ ਸਿੰਘ ਅਜੇ ਬਹੁਤ ਹੀ ਛੋਟਾ ਜਿਹਾ ਸੀ। ਛੁੱਟੀਆਂ ਮੁੱਕ ਗਈਆਂ ਪਿਤਾ ਜੀ ਆਣ ਕੇ ਲੈ ਗਏ। ਤੇ ਮਾਸੜ ਜੀ ਦਾ ਬਹੁਤ ਹੀ ਧੰਨਵਾਦ ਕੀਤਾ 'ਤੇ ਪਿੰਡ ਆ ਗਏ। ਮੈਂ ਛੇਵੀਂ ਜਮਾਤ ਵਿਚ ਪੈਰ ਧਰਿਆ ਈ ਸੀ ਕਿ ਮੇਰੇ ਮਾਤਾ ਜੀ ਚੜ੍ਹਾਈ ਕਰ ਗਏ ਤੇ ਪਿਤਾ ਜੀ ਮੈਨੂੰ ਖੰਡੂਵਾਲੀ ਸੰਤਾਂ ਕੋਲ ਛਡ ਆਏ। ਸੰਤਾਂ ਨੇ ਮੈਨੂੰ ਤੇਰਾਂ ਮਹੀਨਿਆਂ ਵਿਚ ਇਨਾਮੀ ਅਖੰਡ ਪਾਠੀ ਬਣਾ ਦਿੱਤਾ। ਚੌਦਵੇਂ ਮਹੀਨੇ ਸੰਤ ਡਸਕੇ ਜੋ ਕਿ ਤਸੀਲ ਸੀ ਅਖੰਡ ਪਾਠ ਕਰਨ ਗਏ ਤੇ ਮੈਨੂੰ ਵੀ ਨਾਲ ਲੈ ਗਏ ਕਿਉਂਕਿ ਸੰਤਾਂ ਨੇ ਮੈਨੂੰ ਆਪਣਾ ਨਿਜੀ ਸੇਵਕ ਤੇ ਨਿਜੀ ਲਾਂਗਰੀ ਵੀ ਬਣਾ ਲਿਆ ਹੋਇਆ ਸੀ। ਓਥੇ ਮੈਂ ਅਖੰਡ ਪਾਠ ਦੀਆਂ ਪੂਰੀਆਂ ਰੋਲਾਂ ਲਾਈਆਂ ਤਾਂ ਡਾਕਟਰ ਧਿਆਨ ਸਿੰਘ ਜੀ ਨੇ ਮੈਨੂੰ ਪਾਠੀਆਂ ਨਾਲੋਂ ਵਖਰਾ ਇਨਾਮ ਦਿਤਾ। ਫੇਰ ਪਿਤਾ ਜੀ ਪਿੰਡ ਲੈ ਆਏ ਕਿਉਂਕਿ ਭਰਾ ਅਜੇ ਛੋਟੇ ਸਨ ਤੇ ਪਿਤਾ ਜੀ ਪਾਸੋਂ ਸਾਂਭਣੇ ਅਉਖੇ ਸਨ। ਫੇਰ ਇਕ ਵਾਰ ਮਾਸੜ ਜੀ ਮੈਨੂੰ ਸ੍ਰੀ ਭੈਣੀ ਸਾਹਿਬ ਲੈ ਗਏ। ਸਾਧੂ ਸਿੰਘ ਵੀ ਨਾਲ ਸੀ। ਗੋਲ ਛੱਪਰ ਪਾਸ ਸਤਿਗੁਰੂ ਪ੍ਰਤਾਪ ਸਿੰਘ ਜੀ ਦਸਮ ਗ੍ਰੰਥ ਦਾ ਪਾਠ ਕਰ ਕੇ ਅਜੇ ਹਟੇ ਹੀ ਸਨ ਤੇ ਅਸਾਂ ਵੀ ਮਾਸੜ ਜੀ ਸਮੇਤ ਨਮਸਕਾਰ ਜਾ ਕੀਤੀ ਤਾਂ ਸਚੇ ਪਾਤਸ਼ਾਹ ਜੀ ਹੁਕਮ ਕੀਤਾ ਕਿ ਤਰਨ ਸਿੰਘ ਸਾਧੂ ਸਿੰਘ ਨੂੰ ਦਸਮ ਦਾ ਪਾਠ ਵੀ ਕਰਾਇਆ ਕਰ। ਤਾਂ ਮਾਸੜ ਜੀ ਨੇ ਅਰਜ ਕੀਤੀ ਜੀ ਕਰਾਂਦਾ ਹੁੰਦਾ ਹਾਂ ਜੀ। ਤਾਂ ਹੁਕਮ ਹੋਇਆ ਸਾਧੂ ਸਿੰਘ ਸੁਣਾ ਕੁਝ। ਤਾਂ ਸਾਧੂ ਸਿੰਘ ਤੇ ਫਰਲ ਫਰਲ ਸੁਨਾਣ ਲਗ ਪਿਆ। ਪਾਠ ਸੁਣ ਕੇ ਸਾਧੂ ਸਿੰਘ ਨੂੰ ਸਤਿਗੁਰਾਂ ਬਹੁਤ ਹੀ ਖੁਸ਼ੀਆਂ ਦਿੱਤੀਆਂ। ਤਾਂ ਮਾਸੜ ਜੀ ਨੇ ਫੇਰ ਅਰਜ ਕੀਤੀ ਜੀ ਕਿ ਬਲਕਾਰ ਵੀ ਸੁਣਾ ਲਵੇ। ਤਾਂ ਸੱਚੇ ਪਾਤਸ਼ਾਹ ਜੀ ਬਚਨ ਕੀਤਾ "ਇਹ ਸਰਦਾਰ ਸਿੰਘ ਦਾ ਕਾਕੇ ?" ਮਾਸੜ ਜੀ ਆਖਿਆ ਹਾਂ ਸੱਚੇ ਪਾਤਸ਼ਾਹ ਜੀ। ਹੁਕਮ ਹੋਇਆ ਸੁਣਾ। ਮੈਂ ਪੰਜ ਸੱਤ ਈ ਸਤਰਾਂ ਪੜ੍ਹੀਆਂ ਉਹ ਵੀ ਸਾਰੀਆਂ ਗਲਤ। ਇਕ ਲਾਈਨ ਮੈਨੂੰ ਅਜੇ ਵੀ ਯਾਦ ਹੈ। ਪੜ੍ਹਨਾ ਸੀ 'ਮਾਰ ਨਜਾਬਤ ਖਾਂ ਨੂੰ', ਲੇਕਨ ਮੈਂ ਪੜ ਗਿਆ 'ਮਾਰਨ ਜਾਬਤ ਖਾਂ ਨੂੰ।' ਕਿਉਂਕਿ ਮੈਂ ਦਸਮ ਗ੍ਰੰਥ ਦੇ ਦਰਸ਼ਨ ਹੀ ਉਦੋਂ ਪਹਿਲੀ ਵਾਰ ਕੀਤੇ ਸਨ ਤੇ ਦੂਜੀ ਗਲ ਇਹ ਸੀ ਕਿ ਆਦਿ ਤੇ ਦਸਮ ਤੇ ਸਾਰੀਆਂ ਪੋਥੀਆਂ ਉਦੋਂ ਜੁੜਵੇਂ ਅਖਰਾਂ ਵਾਲੀਆਂ ਹੀ ਹੁੰਦੀਆਂ ਸਨ। ਪਾਠ ਸੁਣ ਕੇ ਹੁਕਮ ਹੋਇਆ ਅਜੇ ਤਾਂ ਨਹੀ ਕਿਸੇ ਦਿਨ ਬਹੁਤ ਬੜਾ ਪਾਠੀ ਬਣ ਜਾਏਗਾ। ਏਹ ਸਭ



Namdhari Elibrary NamdhariElibrary@gmail.com

ਮਾਸੜ ਜੀ ਦੀ ਹੀ ਮੇਹਰਬਾਨੀ ਸੀ। ਫੇਰ ਪਾਕਿਸਤਾਨ ਬਨਣ ਤੋਂ ਪਹਿਲਾਂ ਜਦੋਂ ਮੁਰੱਬੇ ਖਰੀਦੇ ਸਨ ਉਦੋਂ ਚੁਚਾਨ ਕੋਟਲੀ ੧੦੧ ਅਖੰਡ ਪਾਠਾਂ ਵਿਚ ਵੀ ਮੈਨੂੰ ਸੰਤ ਜੀ ਨਾਲ ਲਿਆਏ ਸਨ। ਫੇਰ ਪਾਕਿਸਤਾਨ ਬਨਣ ਤੋਂ ਬਾਅਦ ਪਹਿਲਾਂ ਜਪ ਪ੍ਰਯੋਗ ਟਿਬੇ ਤੇ ਹੋਇਆ ਸੀ। ਮੈਂ ਪਿਤਾ ਜੀ ਨੂੰ ਆਖਿਆ ਜੀ ਕਿ ਮੇਰਾ ਵੀ ਜੀ ਕਰਦੈ ਮੈਂ ਵੀ ਪ੍ਰਯੋਗ ਵਿਚ ਲਗਾਂ। ਹੁਕਮ ਹੋਇਆ ਕਿ ਲਗ ਜਾ। ਮੈਂ ਆਖਿਆ ਜੀ ਮੇਰੇ ਨਾਲ ਚਲ ਕੇ ਲਗਵਾ ਕੇ ਆਉ। ਤਾਂ ਪਿਤਾ ਜੀ ਨੇ ਆਖਿਆ ਤੇਰਾ ਮਾਸੜ ਉਥੇ ਹੈ ਤੂੰ ਉਹਨਾਂ ਨੂੰ ਮਿਲ ਪਉ। ਮੈਂ ਵੀ ਤੇ ਜਾ ਕੇ ਉਹਨਾਂ ਨੂੰ ਹੀ ਆਖਣੈ। ਮੈਂ ਮਾਸੜ ਜੀ ਨੂੰ ਟਿਬੇ ਤੇ ਜਾ ਕੇ ਮਿਲਿਆ ਤੇ ਆਖਿਆ ਕਿ ਮਾਸੜ ਜੀ ਮੈਂ ਵੀ ਪ੍ਰਯੋਗ ਵਿਚ ਲਗਣਾ ਚਾਹੁੰਦਾ ਹਾਂ ਤਾਂ ਮਾਸੜ ਜੀ ਆਖਿਆ ਠੀਕ ਹੈ ਜਾ ਕੇ ਸੋਧ ਦੇ ਕਪੜੇ ਅਤੇ ਉਪਰ ਲੈ ਕੇ ਸਾਉਣ ਲਈ ਕਪੜਾ ਲੈ ਆ ਤੇ ਆ ਜਾ। ਮੈਂ ਉਸੇ ਹੀ ਦਿਨ ਸ਼ਾਮ ਨੂੰ ਲੀੜਾ ਲਤਾ ਲੈ ਕੇ ਪਹੁੰਚ ਗਿਆ। ਓਸੇ ਹੀ ਸ਼ਾਮ ਨੂੰ ਮੈਨੂੰ ਇਸ਼ਨਾਨ ਕਰਵਾ ਕੇ ਸੋਧ ਰਖਵਾ ਦਿੱਤੀ ਤੇ ਇਕ ਸਫ ਦੇ ਦਿੱਤੀ ਜੋ ਮਾਸੜ ਜੀ ਦੇ ਨੇੜੇ ਹੀ ਰੇਤ ਦੇ ਟਿੱਬੇ ਉਤੇ ਵਿਛਾ ਲਈ ਤੇ ਸਫ ਹੀ ਉਦੋਂ ਡੇਰਾ ਸੀ। ਏਸ ਇਕ ਮਹੀਨੇ ਦੇ ਪ੍ਰਯੋਗ ਵਿਚ ਮਾਸੜ ਜੀ ਕਰਕੇ ਦੋ ਉਪਲਬਧੀਆਂ ਏਡੀਆਂ ਵੱਡੀਆਂ ਹੋਈਆਂ ਕਿ ਜਿਨ੍ਹਾਂ ਦਾ ਮੈਂ ਬਿਆਨ ਨਹੀਂ ਕਰ ਸਕਦਾ। ਇਕ ਤਾਂ ਇਹ ਕਿ ਅਗਲੇ ਭਲਕ ਹੀ ਮਾਸੜ ਜੀ ਨੇ ਸੰਤਾਂ ਗਿਆਨਾ ਸਿੰਘ ਹੁਰਾਂ ਨੂੰ ਆਖਿਆ ਕਿ ਸੰਤ ਜੀ ਇਹ ਮੁੰਡਾ ਆਪਣਾ ਈ ਏ। ਏਹਨੂੰ ਤੁਸੀਂ ਕੋਲ ਬਿਠਾ ਕੇ ਵਾਰਾ ਸਿਖਾ ਦਿਉ। ਏਹਦਾ ਦਿਮਾਗ ਬਹੁਤ ਤੇਜ਼ ਹੈ। ਸੋ ਮੈਂ ਚਾਰ ਪੰਜ ਦਿਨਾਂ ਦੇ ਵਿਚ ਹੀ ਸੰਤਾਂ ਦਾ ਹਰਮਨ ਪਿਆਰਾ ਬਣ ਗਿਆ ਤੇ ਵਾਰੇ ਦੀ ਪੂਰੀ ਕ੍ਰਿਪਾ ਹੋ ਗਈ। ਦੂਜੀ ਉਪਲਬਧੀ ਬਾਰੇ ਤੇ ਪੁਛੋ ਵੀ ਕੁਝ ਨਾ। ਮੋਟਰ ਨਾਲ ਰੋਜ ਰਾਉਣੀ ਹੁੰਦੀ ਸੀ। ਓਸੇ ਦਿਨ ਹੀ ਮਾਸੜ ਜੀ ਨੇ ਵਾਰ ਤੋਂ ਬਾਦ ਜਲ ਪਾਣੀ ਛਕਾ ਕੇ ਮੈਨੂੰ ਭਾਈ ਵਜੀਰ ਸਿੰਘ ਜੀ ਨੂੰ ਜਾ ਸੌਂਪਿਆ। ਬਸ ਇਕ ਮੈਂ ਤੇ ਇਕ ਹੀਰਾ ਸਿੰਘ ਹੁੰਦਾ ਸੀ। ਸਾਨੂੰ ਦੋਵਾਂ ਨੂੰ ਅਜੇ ਦਾੜੀ, ਦਾ ਨਾਮੋ ਨਿਸ਼ਾਨ ਨਹੀਂ ਸੀ। ਅਸੀਂ ਦੋਨਾਂ ਨੇ ਹੀ ਨਿਤਨੇਮ ਤਕ ਭਜ ਭਜ ਕੇ ਰੌਣੀ ਕਰਨੀ। ਭਾਈ ਜੀ ਬੰਨੇ ਤੇ ਬੈਠੇ ਰਹਿਣਾ 'ਤੇ ਰੋਜ ਹੀ ਦੋ ਚਾਰ ਵਾਰ ਸਤਿਗੁਰੂ ਜੀ ਅਤੇ ਵਡੇ ਬਾਬਾ ਜੀ ਦਰਸਨ ਦੇਣੇ ਤੇ ਭਜਦਿਆਂ ਭਜਦਿਆਂ ਕਿਸੇ ਵੇਲੇ ਸਤਿਗੁਰੂ ਜੀ ਦੇ ਸਰੀਰ ਨਾਲ ਵੀ ਲਗ ਜਾਂਦਾ। ਗਲ ਮੁਕਾਉ ਕਿ ਓਸ ਮਹੀਨੇ ਵਿਚ ਮੈਂ ਸਤਿਗੁਰਾਂ ਦਾ ਨਿਜੀ ਸੇਵਕਾਂ ਵਿਚੋਂ ਇਕ ਬਣ ਗਿਆ।

ਇਕ ਵਾਰ ਮੈਂ ਅਮਰੋਹੇ ਤੋਂ ਸ੍ਰੀ ਭੈਣੀ ਸਾਹਿਬ ਵਾਈ ਸੋ ਅਖੰਡ ਪਾਠਾਂ ਤੇ ਆਇਆ ਤੇ ਅਗੇ ਹਰੀਮੰਦਰ ਪਾਸ ਦੋਵੇਂ ਬਾਬਾ ਜੀ ਬੈਠੇ ਸਨ (ਵੱਡੇ ਬਾਬਾ ਜੀ, ਸਤਿਗੁਰੂ ਜਗਜੀਤ ਸਿੰਘ ਜੀ– ਛੋਟੇ, ਮਹਾਰਾਜ ਬੀਰ ਸਿੰਘ– ਸੰਪਾਦਕ) ਵਡੇ ਬਾਬਾ ਜੀ ਨੇ ਛੋਟਿਆਂ ਨੂੰ ਆਖਿਆ ਕਿ ਬਲਕਾਰ ਨੇ ਇਕ ਮਹੀਨਾ ਬਹੁਤ ਭਜ ਭਜ ਕੇ ਰਾਉਣੀ ਕੀਤੀ ਹੈ ਤਾਂ ਛੋਟੇ ਆਖਣ ਲਗੇ ਤਾਹੀਓਂ ਓਥੇ ਗੜੇ ਨਾਲ ਫਸਲ ਮਾਰੀ ਗਈ। ਧੰਨ ਵਡੇ ਬਾਬਾ ਜੀ ਆਖਿਆ ਜੀ ਤੁਹਨੂੰ ਭੁਲੇਖੈ ਜਿਥੇ ਏਹਨਾਂ ਨੇ ਰਾਉਣੀ ਕੀਤੀ ਸੀ ਉਥੇ ਇਕ ਸਿਟਾ ਵੀ ਨਹੀਂ ਮਾਰਿਆ ਗਿਆ।

ਇਹ ਕ੍ਰਿਪਾ, ਬਖਸ਼ਿਸ਼ ਮਾਸੜ ਜੀ ਕਰਕੇ ਹੀ ਹੋਈ ਹੈ। ਮੈਂ ਮਾਸੜ ਜੀ ਦਾ ਤੇ ਕੀਹ ਸਾਰੇ ਪ੍ਰਵਾਰ ਦਾ ਹੀ ਰਿਣੀ ਹਾਂ।

ਵਰਿਆਮ ਜੀ ਫਰਜ਼ ਸਮਝ ਕਰ ਅਰਜੀ ਗੁਜਾਰੀ ਹੈ ਲਿਖੋ ਯਾ ਨਾ ਲਿਖੋ ਮਰਜੀ ਤੁਮਾਰੀ ਹੈ।

*—ਬਲਕਾਰ ਸਿੰਘ ਸੇਵਕ*

## ਪਿੰਡ ਮੁਠੱਡਾ ਵਿਖੇ ਨਾਮਧਾਰੀ ਸਾਹਿਤਕ ਸੰਮੇਲਨ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਆਸ਼ੀਰਵਾਦ ਨਾਲ ਇਤਿਹਾਸਕ ਪਿੰਡ ਮੁਠੱਡਾ ਕਲਾਂ, ਜ਼ਿਲ੍ਹਾ ਜਲੰਧਰ ਵਿਖੇ ਮਿਤੀ ੧੩ ਅਗਸਤ ੨੦੦੬, ਐਤਵਾਰ ੧੦ ਵਜੇ ਨਾਮਧਾਰੀ ਸਾਹਿਤਕ ਸੰਮੇਲਨ ਕੀਤਾ ਜਾ ਰਿਹਾ ਹੈ। ਇਸ ਵਿਚ ਪ੍ਰਸਿੱਧ ਲੇਖਕ, ਸਾਹਿਤਕਾਰ ਅਤੇ ਵਿਚਾਰਵਾਨ ਪੁੱਜ ਰਹੇ ਹਨ। ਵਿਚਾਰ ਚਰਚਾ ਦੇ ਵਿਸ਼ੇ : * ਇਤਿਹਾਸ ਵਿਚ ਮੁਠੱਡਾ ਕਲਾਂ, * ਦਲਬੀਰ ਸਿੰਘ ਤਰਸ ਦਾ ਰਚਨਾ ਸੰਸਾਰ, * ਫੁਟਕਲ ਵਿਚਾਰ, * ਅਤੇ ਕਵਿਤਾ ਪਾਠ।

ਆਪ ਜੀ ਨੂੰ ਇਸ ਸੰਮੇਲਨ ਵਿਚ ਸ਼ਾਮਿਲ ਹੋਣ ਵਾਸਤੇ ਸਾਦਰ ਬੇਨਤੀ ਹੈ।

ਪਿੰਡ ਮੁਠੱਡਾਂ ਕਲਾਂ, ਗੁਰਾਇਆ-ਫਿਲੌਰ ਜੀ.ਟੀ. ਰੋਡ ਉੱਤੇ ਗੁਰਾਇਆ ਤੋਂ ੫ ਕਿਲੋਮੀਟਰ, ਫਿਲੌਰ ਤੋਂ ੭ ਕਿਲੋਮੀਟਰ 'ਤੇ ਪੈਂਦੇ ਦੋਸਾਂਝਾਂ ਦੇ ਰੇਲਵੇ ਫਾਟਕ ਤੋਂ ਦੋ ਕਿਲੋਮੀਟਰ ਹੈ। ਮੁਖ ਸੜਕ ਤੇ ਸਤਿਗੁਰੂ ਰਾਮ ਸਿੰਘ ਡਿਓੜੀ ਗੇਟ ਹੈ।

ਸੁਆਗਤ ਕਰਤਾ — ਜਸਬੀਰ ਕੌਰ ਪੂੰਨੀ ਅਸਟਰੇਲੀਆ ਪਰਿਵਾਰ, ਮੋਬਾਇਲ 99881-22160), ਹਰਜੀਤ ਸਿੰਘ ਨਾਮਧਾਰੀ (ਮੁਠੱਡਾ ਕਲਾਂ) ਜਗਦੀਸ਼ ਸਿੰਘ ਵਰਿਆਮ, ਸੰਪਾਦਕ ਵਰਿਆਮ ਮੋਬਾਇਲ : 98143-18720)



Namdhari Elibrary NamdhariElibrary@gmail.com

## ਕਾਕਾ ਦਿਆਲ ਸਿੰਘ ਬੱਲ ਨਮਿਤ ਪਾਠ ਦਾ ਭੋਗ ਅਤੇ ਸ਼ੋਕ ਸਮਾਗਮ

"ਫੂਲ ਤੋ ਦੋ ਦਿਨ ਬਹਾਰੇ ਜਾਂ ਫਿਜ਼ਾ ਦਿਖਲਾ ਗਏ
ਹਸਰਤ ਉਨ ਗੁੰਚੋਂ ਪੇ ਹੈਂ ਜੋ ਬਿਨ ਖਿਲੇ ਮੁਰਝਾ ਗਏ।"
—'ਜ਼ੌਕ'

ਸ੍ਰੀ ਜੀਵਨੇ ਨਗਰ (ਸਿਰਸਾ)-੫ ਜੁਲਾਈ ੨੦੦੬, ਅੱਜ ਇੱਥੇ ਨਾਮਧਾਰੀ ਪੰਥ ਦੇ ਹਿਰਦੇ ਸਮਰਾਟ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ, ਡੱਬਵਾਲੀ ਰੋਡ ਤੇ ਬੱਲਾਂ ਦੀ ਰਾਈਸ ਮਿੱਲ ਵਿਖੇ ਅੱਲ੍ਹੜ ਵਰੇਸੇ ਤੁਰ ਜਾਣ ਵਾਲੇ ਕਾਕਾ ਦਿਆਲ ਸਿੰਘ ਬੱਲ ਦੇ ਨਮਿੱਤ ਸ੍ਰੀ ਆਦਿ ਗਰੰਥ ਸਾਹਿਬ ਦੇ ਸਾਧਾਰਨ ਪਾਠਾਂ ਦੇ ਭੋਗ ਪਾਏ ਗਏ। ਇਹ ਮਾਸੂਮ ਬੱਚਾ, ਜੋ ਪਿਤਾ ਦਲਜੀਤ ਸਿੰਘ ਬੱਲ ਅਤੇ ਮਾਤਾ ਜਸਬੀਰ ਕੌਰ ਦੇ ਘਰ ੨੬ ਜੂਨ ੧੯੯੦ ਈ. ਨੂੰ ਪੈਦਾ ਹੋਇਆ ਸੀ, ਤਕਦੀਰ ਦੀ ਵਿਡੰਬਣਾ ਵੇਖੋ ੨੬ ਜੂਨ ੨੦੦੬ ਈ. ਨੂੰ ਹੀ ਇਕ ਸੜਕ ਹਾਦਸੇ ਵਿਚ ਪੂਰਾ ਹੋ ਗਿਆ। ਉਸ ਦਾ ਦਾਦਾ ਜੀਵਨ ਨਗਰ ਇਲਾਕੇ ਦਾ ਪ੍ਰਸਿੱਧ ਨਾਮਧਾਰੀ ਆਗੂ ਅਤੇ ਸਮਾਜ ਸੇਵੀ ਸ੍ਰ. ਮਹਿੰਦਰ ਸਿੰਘ ਬੱਲ ਹੈ। ਉਸਦਾ ਪੜਦਾਦਾ ਸ੍ਰ. ਦਲੀਪ ਸਿੰਘ ਬੱਲ ੨੩ ਚੱਕ ਸਰਗੋਧੇ ਵਿਚ ਰਹਿੰਦਾ ਸੀ, ਜਿੱਥੇ ਪਿੰਡ ਬੁਰਜ ਰਾਏਕੇ (ਅੰਮ੍ਰਿਤਸਰ) ਦੇ ਸੰਪੂਰਨ ਸਿੰਘ ਰਿਸਾਲਦਾਰ ਵੀ ਰਹਿੰਦੇ ਸਨ। ਰਿਸਾਲਦਾਰ ਪਾਸ ਸ਼ਰੀਕੇ ਭਾਈਚਾਰੇ ਦੀ ਸਾਂਝ ਕਰਕੇ ਮੇਰੇ ਨਾਨਾ ਜੀ, ਭਾਈ ਆਤਮਾ ਸਿੰਘ ਬੁਰਜਾਂ ਵਾਲੇ (ਮੀਹਾਂ ਸਿੰਘ ਸਿਰਹਾਲੀ ਦੇ ਭਤੀਜੇ) ਦਾ ਆਉਣ ਜਾਣ ਸੀ। ਭਾਈ ਆਤਮਾ ਸਿੰਘ ਹੋਰਾਂ ਨੂੰ ਨਵੇਂ ਨਵੇਂ ਲੋਕਾਂ ਨੂੰ ਕੂਕੇ ਬਨਾਉਣ ਦਾ ਬੜਾ ਸ਼ੌਕ ਸੀ। ਉਹਨਾਂ ਦੀ ਪ੍ਰੇਰਨਾਂ ਤੇ ਹੀ ਸ੍ਰ: ਦਲੀਪ ਸਿੰਘ ਹੋਰੀਂ ਨਾਮਧਾਰੀ ਸਿੰਘ ਸਜ ਗਏ ਸਨ ਅਤੇ ਵੰਡ ਤੋਂ ਬਾਅਦ ਉਹਨਾਂ ਦਾ ਬੱਲ ਪਰਿਵਾਰ ਪਿੰਡ ਨਕੌੜਾ ਵਿਚ ਆਬਾਦ ਹੋ ਗਿਆ। ਪ੍ਰਸਿਧ ਫੌਜੀ ਅਫਸਰ ਲਫਟੈਣ ਜਨਰਲ ਸ੍ਰ. ਤਾਰਾ ਸਿੰਘ ਬੱਲ ਮਹਿੰਦਰ ਸਿੰਘ ਹੋਰਾਂ ਦੇ ਚਾਚਾ ਸਨ, ਜਿਹੜੇ ਕਈ ਜੰਗਾਂ ਦੇ ਹੀਰੋ ਸਨ। ਪਰਿਵਾਰ ਨੇ ਸਰਹੱਦਾਂ ਦੀ ਰਾਖੀ ਸਮੇਂ ਬੜੀ ਵੀਰਤਾ ਵਿਖਾਈ। ਕੁਝ ਅਧਿਕਾਰੀ ਸਖਤ ਫੱਟੜ ਹੋਏ ਕੁਝ ਵੀਰਗਤੀ ਵੀ ਪ੍ਰਾਪਤ ਕਰਕ ਗਏ ਸਨ। ਸ਼ਹੀਦ ਮਹਿੰਦਰ ਸਿੰਘ ਬੱਲ ੧੯੬੫ ਦੀ ਜੰਗ ਵਿਚ ਖੇਤ ਰਹੇ। ਦਿੱਲੀ ਉਹਨਾਂ ਦੀ ਯਾਦ ਵਿਚ ਮੇਜਰ ਮਹਿੰਦਰ ਸਿੰਘ ਮਾਰਗ ਹੈ। ਤਾਰਾ ਸਿੰਘ ਬੱਲ ਅਰਜਨਟੀਨਾ ਵਿਚ ਰਾਜਦੂਤ ਵੀ ਰਹੇ ਤੇ ਕੋਰੀਆ ਵਿਚ ਇਕ ਕੌਮਾਂਤਰੀ ਪੀਸ ਮਿਸ਼ਨ ਦੇ ਮੁਖੀ ਵੀ। ਤਾਰਾ ਸਿੰਘ ਦਾ ਜੁਆਈ ਕਿਰਪਾਲ ਸਿੰਘ ਰੰਧਾਵਾ ਵੀ ਲੈਫਟੀਨੈਂਟ ਜਨਰਲ ਰੀਟਾਇਰ ਹੋਇਆ। ਇਸ ਰੰਧਾਵੇ ਸਰਦਾਰ ਦਾ ਪੁੱਤਰ ਹਰਪਾਲ ਸਿੰਘ ਐਕਸਪੋਰਟ ਬਿਜ਼ਨੈਸ ਵਿਚ ਸੀ। ਉਸ ਤੋਂ ਬੱਲਾਂ ਨੂੰ ਆਪਣੀ ਜੀਵਨ ਨਗਰ ਮਿਲ ਵਿਚੋਂ ਚਾਵਲ ਨਿਰਯਾਤ ਕਰਨ ਦੀ ਲਗਨ ਲੱਗ ਗਈ।

ਦਿਆਲ ਦਾ ਨਾਨਾ ਸ੍ਰ. ਇਕਬਾਲ ਸਿੰਘ ਝੱਬਰ ਕਰੀਵਾਲਾ ਹੈ। ਸ੍ਰ. ਇਕਬਾਲ ਸਿੰਘ, ਇਲਾਕਾ ਜੀਵਨ ਨਗਰ ਦੇ ਸਾਬਕਾ ਨਾਮਧਾਰੀ ਆਗੂ ਸਵਰਗੀ ਸ੍ਰ. ਅਵਤਾਰ ਸਿੰਘ ਝੱਬਰ ਦੇ ਵੱਡੇ ਭਾਈ ਸਾਧੂ ਸਰੂਪ ਸ੍ਰ. ਰਜਵੰਤ ਸਿੰਘ ਦਾ ਵੱਡਾ ਪੁੱਤਰ ਹੈ। ਦਿਆਲ ਦੀ ਦਾਦੀ, ਵਰਤਮਾਨ ਸਤਿਗੁਰੂ ਜੀ ਦੇ ਮਾਤਾ ਜੀ, ਮਾਤਾ ਭੁਪਿੰਦਰ ਕੌਰ ਦੀ ਭਤੀਜੀ ਹੈ। ਸੂਬਾ ਮੀਹਾ ਸਿੰਘ ਗੁਰੂ ਸਰ ਦੀ ਪੁੱਤਰੀ ਅਤੇ ਉਸਦਾ ਚਾਚਾ ਜਸਪਾਲ ਸਿੰਘ, ਵਰਤਮਾਨ ਗੁਰੂ ਮਹਿਲ, ਮਾਤਾ ਚੰਦ ਕੌਰ ਜੀ ਦੀ ਭਤੀਜੀ ਸ੍ਰ. ਬਲੀ ਸਿੰਘ ਦੀ ਪੁੱਤਰੀ ਨਾਲ ਵਿਆਹਿਆ ਹੈ।

ਦਿਆਲ ਨੇ ਸਤਿਲੁਜ ਪਬਲਿਕ ਸਕੂਲ ਐਲਨਾਬਾਦ ਵਿਚ ਸੱਤ ਜਮਾਤਾਂ ਪੜ੍ਹੀਆਂ, ਸੈਂਟ ਕਬੀਰ ਸਕੂਲ ਹਿਸਾਰ ਵਿਚੋਂ ਅਠਵੀਂ ਪਾਸ ਕੀਤੀ ਅਤੇ ਹੁਣ ਸੇਕਰਡ ਹਾਰਟ ਪਬਲਿਕ ਸਕੂਲ ਮਲੋਟ ਵਿਚ ਪੜ੍ਹ ਰਿਹਾ ਸੀ ਜਿਥੋਂ ਉਹਨੇ ਨੌਵੀਂ ਜਮਾਤ ਪਾਸ ਕਰ ਲਈ ਸੀ। ਮਲੋਟ ਦੇ ਲਾਗੇ ਉਹ ਆਪਣੀ ਭੂਆ ਦੇ ਘਰ ਸ੍ਰ. ਗੁਰਦਿਆਲ ਸਿੰਘ ਨਾਮਧਾਰੀ ਦੀ ਢਾਣੀ ਦਾਨੇ ਵਾਲਾ ਪਿੰਡ ਲਾਗੇ ਰਹਿੰਦਾ ਸੀ। ਵੰਸ਼ਾਨੁਗਤ ਘੋੜ ਸੁਆਰੀ ਦਾ ਸ਼ੌਕੀਨ ਸੀ। ਕਈ ਅੜਕ ਘੋੜੀਆਂ ਸਿਧਾ ਵੀ ਲੈਂਦਾ ਸੀ। ਸਕੂਲ ਵਿਚ ਭੰਗੜਾ, ਕ੍ਰਿਕੇਟ ਆਦਿ ਵਿਚ ਹਿਸਾ ਲੈਂਦਾ। ਕੰਪਿਊਟਰ ਦਾ ਐਨਾ ਉਸਤਾਦ ਕਾਰੀਗਰ ਸੀ ਕਿ ਬੈਂਕ ਆਫ ਬੜੌਦਾ ਜੀਵਨ ਨਗਰ ਦੇ ਕੰਪਿਊਟਰ ਨੂੰ ਸਿਰਸਾ, ਹਿਸਾਰ, ਚੰਡੀਗੜ੍ਹ ਤੋਂ ਆਏ ਮੈਕੇਨਿਕ ਠੀਕ ਨਾ ਕਰ ਸਕੇ, ਇਹਨੇ ਅੱਧੇ ਘੰਟੇ ਵਿਚ ਕਰ ਦਿੱਤਾ। ਦੂਜਿਆਂ ਦੇ ਕੰਮ ਵਿਚ ਖੁਸ਼ੀ ਮਹਿਸੂਸ ਕਰਦਾ ਸੀ। ਆਪਣੇ ਤੋਂ ਵੱਧ ਹੋਰਨਾਂ ਨੂੰ ਮਹੱਤਵ ਦਿੰਦਾ।

੨੬ ਜੂਨ ਨੂੰ ਰਿਸ਼ਤੇਦਾਰੀ ਵਿਚ ਮਲੋਟ ਲਾਗੇ ਇਕ ਗੱਭਰੂ ਦੇ ਸਸਕਾਰ ਤੋਂ ਪਰਿਵਾਰ ਪਰਤ ਕੇ ਆਇਆ। ਇਹ ਬੁੱਢੀਮਾੜੀ ਵਹਿਮੀ ਪਰਿਵਾਰ ਵਿਚ ਆਪਣੀ ਭੂਆ ਜੀ ਨੂੰ ਛੱਡ ਕੇ ਦੋ ਹੋਰ ਬੱਚਿਆਂ ਨਾਲ ਐਲਨਾਬਾਦ ਨੂੰ ਹੋ ਗਿਆ। ਕਾਰ ਖੁਦ ਚਲਾ ਰਿਹਾ ਸੀ ਕਿ ਹਾਦਸਾ ਵਾਪਰ ਗਿਆ।

ਦੋਵੇਂ ਨਾਲ ਦੇ ਬੱਚੇ ਸੁਰੱਖਿਅਤ ਹਨ। ਦਿਆਲ ਦੋਹਾਂ ਭੈਣਾਂ ਦਾ ਇਕਲੌਤਾ ਵੀਰ ਸੀ।



Namdhari Elibrary NamdhariElibrary@gmail.com

ਸਮੂਹ ਇਲਾਕੇ ਨੇ ਸੋਗ ਮਨਾਇਆ ਤੇ ਬੱਲ ਅਤੇ ਭੱਬਰ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਈ। ਭੋਗ ਵਾਲੇ ਦਿਨ ਸੰਗਤਾਂ ਦੀ ਅਥਾਹ ਭੀੜ ਦੂਰੋਂ ਨੇੜਿਉਂ ਜੁੜੀ। ਪਹਿਲਾਂ ਜਥੇਦਾਰ ਅਮਰ ਸਿੰਘ ਨਕੋੜਾ, ਤੇ ਹਜ਼ੂਰੀ ਰਾਗੀ ਭਾਈ ਹਰਬੰਸ ਸਿੰਘ ਘੁੱਲਾ ਜੀ ਨੇ ਵੈਰਾਗਮਈ ਕੀਰਤਨ ਕੀਤਾ। ਸੰਗਤ ਏਨੀ ਸੀ ਕਿ ਸਭ ਲਈ ਸਤਿਗੁਰੂ ਜੀ ਨੂੰ ਮੱਥਾ ਟੇਕਣਾ ਸੰਭਵ ਨਹੀਂ ਸੀ। ਹੁਕਮ ਹੋਇਆ ਕਿ ਜਿੱਥੇ ਬੈਠੇ ਹੋ ਉੱਥੋਂ ਹੀ ਮੱਥਾ ਟੇਕ ਲਵੋ। ਇਸ ਮੌਕੇ ਤੇ ਸ੍ਰ. ਹਰਵਿੰਦਰ ਸਿੰਘ ਹੰਸਪਾਲ, ਯੋਜਨਾ ਬੋਰਡ ਹਰਿਆਣਾ ਦਾ ਮੀਤ ਪ੍ਰਧਾਨ ਚੌ. ਰਣਜੀਤ ਸਿੰਘ ਚੌਟਾਲਾ, ਆਤਮਾ ਸਿੰਘ ਗਿੱਲ ਐਮ.ਪੀ, ਸਾਬਕਾ ਵਿਧਾਇਕ ਭਾਗੀ ਰਾਮ, ਸੰਤ ਜਗਤਾਰ ਸਿੰਘ 'ਪਨਿਹਾਰੀ' ਗੁਰਜੀਤ ਸਿੰਘ ਮਾਨ, ਮਾ. ਸੰਪੂਰਨ ਸਿੰਘ ਰਾਣੀਆਂ, ਸਾਬਕਾ ਵਿਧਾਇਕ ਮਨੀ ਰਾਮ ਕੇਹਰ ਵਾਲਾ, ਸੁਖਦੇਵ ਸਿੰਘ, ਗੁਰਮੀਤ ਸਿੰਘ, ਹਰਮੀਤ ਸਿੰਘ ਚੇਅਰਮੈਨ, ਕੁਲਦੀਪ ਸਿੰਘ ਗਦਰਾਣਾ, ਕੁਲਦੀਪ ਸਿੰਘ ਢਿਲੋਂ, ਮਾਸਟਰ ਅਮਰੀਕ ਸਿੰਘ, ਕਾ. ਜਸਵੰਤ ਸਿੰਘ ਜੋਸ਼, ਕਾ. ਸੁਵਰਨ ਸਿੰਘ ਵਿਰਕ, ਸ੍ਰ. ਗੁਰਦੇਵ ਸਿੰਘ ਮਦਾਰੀਆ ਮੁਹਾਲੀ, ਸਾਧੂ ਸਿੰਘ ਕਿਸਾਨ ਆਦਿ ਅਨੇਕ ਸੱਜਣ ਹਾਜ਼ਰ ਸਨ। ਇਸ ਮੌਕੇ ਤੇ ਕੇਂਦਰੀ ਮੰਤਰੀ ਕੁਮਾਰੀ ਸ਼ੈਲਜਾ, ਹਰਿਆਣਾ ਕਾਂਗ੍ਰਸ ਦੇ ਮੀਤ ਪ੍ਰਧਾਨ ਚੌ. ਜਗਦੀਸ਼ ਨਹਿਰਾ, ਸ੍ਰ. ਅਵਤਾਰ ਸਿੰਘ ਮਾਂਗਟ ਰਿਟਾ. ਆਈ. ਜੀ.ਬੀ. ਐਸ. ਐਫ. ਬਰਿਗੇਡੀਅਰ ਅਮਰਜੀਤ ਸਿੰਘ ਬੱਲ, ਬਰਿਗੇਡੀਅਰ ਦਲਜੀਤ ਸਿੰਘ ਸਿੱਧੂ, ਵੀਰ ਸ਼ਿੱਪਿੰਗ ਕੰਪਨੀ, ਸਾਊਦੀ ਅਰਬ ਦੇ ਸ਼ੇਖ ਸਾਹਿਬਾਨ, ਨਾਮਧਾਰੀ ਸਾਹਿਤ ਸਭਾ ਅਤੇ ਸਿਰਸਾ ਬਾਰ ਐਸੋਸੀਏਸ਼ਨ ਦੇ ਸ਼ੋਕ ਮਤੇ ਹਾਸਲ ਹੋਏ। ਪਰਿਵਾਰ ਨੇ ਵੱਡੇ ਸਬਰ ਨਾਲ ਭਾਣਾ ਮੰਨਿਆ ਹੈ।

*—ਸੁਵਰਨ ਸਿੰਘ ਵਿਰਕ*

## ਸੰਤ ਤਰਨ ਸਿੰਘ ਵਹਿਮੀ ਯਾਦਗਾਰੀ ਸਮਾਰੋਹ

ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਵਲੋਂ ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਜ਼ਿਲਾ ਸਿਰਸਾ ਦੇ ਸਹਿਯੋਗ ਨਾਲ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਯਾਦ ਨੂੰ ਸਮਰਪਤ ਅਠਾਈਵਾਂ ਸੰਤ ਤਰਨ ਸਿੰਘ ਵਹਿਮੀ ਯਾਦਗਾਰੀ ਸਾਹਿਤਕ ਸਮਾਰੋਹ ਦਾ ਆਯੋਜਨ ਸ੍ਰੀ ਗੁਰੂ ਹਰੀ ਸਿੰਘ ਕਾਲਜ ਜੀਵਨ ਨਗਰ ਵਿਖੇ ਕੀਤਾ ਗਿਆ। ਇਸ ਆਯੋਜਨ ਦੀ ਪ੍ਰਧਾਨਗੀ ਸ੍ਰੀ ਐਚ.ਐਸ. ਹੰਸਪਾਲ ਸਾਬਕਾ ਮੈਂਬਰ ਪਾਰਲੀਮੈਂਟ ਪੂਰਵ ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰੇਸ ਕਮੇਟੀ, ਸ੍ਰੀ ਸੀ.ਆਰ.ਮੁਦਗਿਲ ਡਾਇਰੈਕਟਰ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਅਤੇ ਸਭਾ ਦੇ ਪ੍ਰਧਾਨ ਸ੍ਰੀ ਜੁਗਿੰਦਰ ਸਿੰਘ ਮੁਕਤਾ ਨੇ ਸੰਯੁਕਤ ਰੂਪ ਵਿਚ ਕੀਤੀ।

ਇਸ ਪ੍ਰੋਗਰਾਮ ਵਿਚ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਖੋਜ ਪੱਤਰ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਅਮਰਜੀਤ ਸਿੰਘ ਕਾਂਗ ਅਤੇ ਅਮਰੀਕਾ ਤੋਂ ਉਚੇਚੇ ਤੌਰ ਤੇ ਪਧਾਰੇ ਡਾ. ਕੁਲਵੰਤ ਕੌਰ ਨੇ ਪੜ੍ਹੇ। ਸੰਤ ਤਰਨ ਸਿੰਘ ਵਹਿਮੀ ਬਾਰੇ ਖੋਜ ਪੱਤਰ ਪ੍ਰਸਿੱਧ ਵਿਦਵਾਨ ਸ. ਸਵਰਨ ਸਿੰਘ ਵਿਰਕ ਨੇ ਪੜ੍ਹਿਆ।

ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਵਲੋਂ ਸ੍ਰੀ.ਐਚ. ਐਸ. ਹੰਸਪਾਲ, ਕਾਲਜ ਦੇ ਪ੍ਰਿੰਸੀਪਲ ਵੀ.ਕੇ. ਸਭਰਵਾਲ ਅਤੇ ਮਾਸਟਰ ਅਮਰੀਕ ਸਿੰਘ ਨੂੰ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਅਕਾਦਮੀ ਵਲੋਂ ਪੰਜਾਬੀ ਭਾਸ਼ਾ ਦੇ ਅਠਵੀਂ ਦੇ ਤਿੰਨ ਵਿਦਿਆਰਥੀਆਂ ਪੂਜਾ, ਮਨਦੀਪ ਕੌਰ ਅਤੇ ਪ੍ਰਦੀਪ ਸਿੰਘ ਨੂੰ ਪੰਜਾਬੀ ਵਿਚੋਂ ਸਭ ਤੋਂ ਜ਼ਿਆਦਾ ਨੰਬਰ ਲੈਣ ਕਰਕੇ ਹਰੇਕ ਬੱਚੇ ਨੂੰ ਪੰਜ-ਪੰਜ ਸੌ ਰੁਪੈ ਨਕਦ ਦੇ ਕੇ ਸਨਮਾਨਿਤ ਕੀਤਾ ਗਿਆ।

ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਵੱਲੋਂ ਸ੍ਰੀ ਸੀ. ਆਰ. ਮੁਦਗਿਲ ਡਾਇਰੈਕਟਰ ਨੂੰ ਉਨ੍ਹਾਂ ਰਾਹੀਂ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੀ ਲਗਾਤਾਰ ਤਰੱਕੀ ਵਾਸਤੇ ਕੀਤੀਆਂ ਜਾ ਰਹੀਆਂ ਸੇਵਾਵਾਂ ਲਈ ਨਕਦ ਇੱਕੀ ਹਜ਼ਾਰ ਰੁਪੈ, ਇਕ ਸ਼ਾਲ, ਇਕ ਗੜਵਾ ਅਤੇ ਨਾਮਧਾਰੀ ਮਾਲਾ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਡਾ. ਅਮਰਜੀਤ ਸਿੰਘ ਕਾਂਗ, ਡਾ. ਕੁਲਵੰਤ ਕੌਰ, ਸੁਵਰਨ ਸਿੰਘ ਵਿਰਕ, ਜਸਵਿੰਦਰ ਸਿੰਘ ਹਿਸਟੋਰੀਅਨ, ਤਾਰਾ ਸਿੰਘ ਅਨਜਾਨ, ਸ੍ਰੀ.ਐਚ.ਐਸ. ਹੰਸਪਾਲ, ਹਰਮੀਤ ਸਿੰਘ ਸਾਬਕਾ ਚੇਅਰਮੈਨ ਅਤੇ ਸੁਖਦੇਵ ਸਿੰਘ ਚੇਅਰਮੈਨ ਨੂੰ ਵੀ ਸਨਮਾਨਿਤ ਕੀਤਾ ਗਿਆ।

ਪ੍ਰੋਗਰਾਮ ਦੇ ਦੂਸਰੇ ਪੜਾਅ ਵਿਚ ਇਕ ਸ਼ਾਨਦਾਰ ਕਵੀ ਦਰਬਾਰ ਕੀਤਾ ਗਿਆ ਜਿਸ ਵਿਚ ਹਰਿਆਣਾ ਦੇ ਉੱਘੇ ਕਵੀਆਂ ਨੇ ਭਾਗ ਲਿਆ। ਇਹਨਾਂ ਵਿਚੋਂ ਪ੍ਰਮੁੱਖ ਨਾਂ ਹਨ ਡਾ. ਜੀ.ਡੀ. ਚੌਧਰੀ, ਸੀ. ਆਰ. ਮੁਦਗਿਲ, ਹਰਿਭਜਨ ਸਿੰਘ ਰੇਣੂ, ਹਰਿਭਜਨ ਸਿੰਘ ਕੋਮਲ (ਕਰਨਾਲ), ਸੁਰਜੀਤ ਸਿੰਘ ਸੁਰਜੀਤ (ਅੰਬਾਲਾ), ਕੁਲਵੰਤ ਚਾਵਲਾ (ਕਰਨਾਲ), ਹਰੀ ਸਿੰਘ ਦਿਲਬਰ, ਡਾ. ਦਰਸ਼ਨ ਸਿੰਘ, ਸੁਰਿੰਦਰ ਕੰਬੋਜ, ਮਾ. ਅਮਰੀਕ ਸਿੰਘ, ਗੁਰਦਿਆਲ ਸਿੰਘ ਮੌਜੀ, ਲਖਵਿੰਦਰ ਸਿੰਘ ਬਾਜਵਾ, ਜੁਗਿੰਦਰ ਸਿੰਘ ਮੁਕਤਾ, ਪੂਰਨ ਸਿੰਘ ਨਿਰਾਲਾ, ਗੁਰਦਿਆਲ ਸਿੰਘ ਪ੍ਰੀਤ, ਜਸਵਿੰਦਰ ਸਿੰਘ ਭਿੰਡਰ, ਸਵਰਨ ਸਿੰਘ ਚੀਮਾਂ, ਹਰਭਜਨ ਸਿੰਘ ਰਾਜਾ, ਗੁਰਮੁਖ ਸਿੰਘ ਗੁਰਾਇਆ, ਸਾਧੂ ਸਿੰਘ ਕਿਸਾਨ ਅਤੇ ਕਰਨੈਲ ਸਿੰਘ ਅਸਪਾਲ।

ਆਏ ਸੱਜਣਾਂ ਦਾ ਧੰਨਵਾਦ ਸਭਾ ਦੇ ਪ੍ਰਧਾਨ ਜੁਗਿੰਦਰ ਸਿੰਘ ਮੁਕਤਾ ਨੇ ਕੀਤਾ।

ਮੰਚ ਸੰਚਾਲਨ ਡਾ. ਦਰਸ਼ਨ ਸਿੰਘ ਨੇ ਕੀਤਾ।

*—ਡਾ. ਦਰਸ਼ਨ ਸਿੰਘ*



Namdhari Elibrary NamdhariElibrary@gmail.com

## ਨਾਮਧਾਰੀ ਵਿਦਿਅਕ ਜੱਥੇ ਦਾ ਸਾਲਾਨਾ ਸਮਾਗਮ

**ਸ੍ਰੀ ਭੈਣੀ ਸਾਹਿਬ**—੨੫ ਜੂਨ ਦਿਨ ਐਤਵਾਰ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਤੇ ਸਤਿਗੁਰੂ ਜੀ ਨੇ ਸੰਮੇਲਣ ਅਰੰਭ ਕਰਨ ਦੀ ਆਗਿਆ ਬਖਸ਼ਿਸ਼ ਕੀਤੀ। ਵਿਸ਼ਵ ਨਾਮਧਾਰੀ ਵਿਦਿਅਕ ਜੱਥੇ ਦੇ ਪ੍ਰਧਾਨ ਸੂਬਾ ਬਲਵਿੰਦਰ ਸਿੰਘ ਝੱਲ, ਸੂਬਾ ਜਗਤਾਰ ਸਿੰਘ ਭੱਟੀ ਜਨਰਲ ਸਕੱਤਰ, ਅਤੇ ਸੰਤ ਨਵਤੇਜ ਸਿੰਘ ਸਕੱਤਰ ਨੇ ਸੰਮੇਲਣ ਦਾ ਯਾਦਗਾਰੀ ਚਿੰਨ ਚਾਂਦੀ ਦਾ ਬਨਿਆਂ ਖੰਡਾ ਬਾਟਾ ਸ੍ਰੀ ਸਤਿਗੁਰੂ ਜੀ ਨੂੰ ਭੇਟ ਕੀਤਾ। ਇਸ ਦੇ ਨਾਲ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਸੇਵਕ ਅਤੇ ਨਾਮਧਾਰੀ ਪੰਥ ਦੇ ਵਿਸ਼ੇਸ਼ ਬੁਲਾਰੇ ਸੰਤ ਹਰਪਾਲ ਸਿੰਘ ਜੀ ਨੇ ਆਪਣੇ ਭਾਸ਼ਣ ਵਿਚ ਨੌਜਵਾਨਾਂ ਨੂੰ ਸੁਚੇਤ ਕੀਤਾ ਕਿ ਪੱਛਮੀ ਸੱਭਿਅਤਾ ਦੇ ਮਾਰੂ ਪ੍ਰਭਾਵ ਤੋਂ ਬੱਚ ਕੇ ਹੀ ਆਪਣੇ ਧਰਮ ਵਿਚ ਪਰਪੱਕ ਰਿਹਾ ਜਾ ਸਕਦਾ ਹੈ। ਨੌਜਵਾਨਾਂ ਨੂੰ ਆਪਣੇ ਅਮੀਰ ਵਿਰਸੇ ਨਾਲ ਜੁੜੇ ਰਹਿਣ ਲਈ ਪਰੇਰਿਆ। ਇਸ ਤੋਂ ਬਾਅਦ ਨੌਜਵਾਨਾਂ ਨੂੰ ਗੁਰਮੁਖੀ ਦਸਤਾਰ ਬਾਰੇ ਵਿਸ਼ੇਸ਼ ਸਿਖਲਾਈ ਦਿੱਤੀ ਜੋ ਸੂਬਾ ਅਮਰੀਕ ਸਿੰਘ ਜੀ ਨੇ ਸਟੇਜ ਉਪਰ ਦਸਤਾਰ ਸਜਾ ਕੇ ਪ੍ਰੈਕਟੀਕਲੀ ਕਰ ਕੇ ਦਿਖਾਇਆ । ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਕਿਸ ਤਰ੍ਹਾਂ ਨਾਮਧਾਰੀ ਦਸਤਾਰ ਬੰਨਣੀ ਹੈ। ਜਾਨਕਾਰੀ ਦਿੱਤੀ ਗਈ। ਉਪਰੰਤ ਬੱਚਿਆਂ ਨੂੰ ਕੁੱਝ ਸਮਾਂ ਜਲ ਪਾਣੀ ਛੱਕਣ ਅਤੇ ਅਰਾਮ ਲਈ ਦਿੱਤਾ ਗਿਆ।

ਇਸ ਤੋਂ ਬਾਅਦ ਲਿਖਤੀ ਇਤਿਹਾਸਿਕ ਪ੍ਰਤੀਯੋਗਤਾ ਅਰੰਭ ਹੋਈ। ਵੱਖ-ਵੱਖ ਪ੍ਰਤੀਯੋਗਤਾਵਾਂ ਦੇ ਮੁਕਾਬਲੇ ਸਾਰਾ ਦਿਨ ਚਲਦੇ ਰਹੇ। ਸ਼ਾਮ ਨੂੰ ਅਕੈਡਮੀ ਦੇ ਵਿਸ਼ਾਲ ਮੈਦਾਨ ਵਿਚ ਰੱਸਾ ਕਸੀ ਦੇ ਬਹੁਤ ਦਿਲਚਸਪ ਮੁਕਾਬਲੇ ਅਰੰਭ ਹੋਏ। ਸ੍ਰੀ ਸਤਿਗੁਰੂ ਜੀ ਆਪ ਦਰਸ਼ਨ ਦੇਣ ਦੀ ਕਿਰਪਾ ਕਰਦੇ ਰਹੇ ਸਨ। ਸੈਮੀਫਾਈਨਲ ਵਿਚ ਚੰਡੀਗੜ੍ਹ ਦੀ ਟੀਮ ਅਤੇ ਸ੍ਰੀ ਭੈਣੀ ਸਾਹਿਬ ਦੀ ਟੀਮ ਦਾ ਮੁਕਾਬਲਾ ਬਹੁਤ ਫਸਵਾਂ ਸੀ। ਜਿਸ ਨੂੰ ਦੇਖਣ ਦਾ ਦਰਸ਼ਕਾਂ ਵਿੱਚ ਕਾਫੀ ਉਤਸ਼ਾਹ ਸੀ। ਅਖੀਰ ਨੂੰ ਬਾਜ਼ੀ ਸ੍ਰੀ ਭੈਣਾ ਸਾਹਿਬ ਨੇ ਮਾਰੀ।

ਬੱਚਿਆਂ ਦੇ ਵੱਖ-ਵੱਖ ਮੁਕਾਬਲੇ ਜਿਵੇਂ ਨਾਮ ਸਿਮਰਨ ਪ੍ਰਤੀਯੋਗਤਾ, ਭਾਸ਼ਣ ਮੁਕਾਬਲੇ ਸਵਾਲ ਜਬਾਬ ਮੁਕਾਬਲੇ ਅਤੇ ਹੱਲੇ ਦਾ ਦੀਵਾਨ ਜੋ ਨਾਮਧਾਰੀ ਸ਼ੈਲੀ ਅਨੁਸਾਰ ਸੀ ਕਰਵਾਏ ਗਏ। ਬੱਚਿਆਂ ਨੇ ਬਹੁਤ ਮਿਹਨਤ ਕਰਕੇ ਤਿਆਰੀ ਕੀਤੀ ਹੋਈ ਸੀ।

ਦੂਸਰੇ ਦਿਨ ਆਸਾ ਦੀ ਵਾਰ ਦੀ ਸਮਾਪਤੀ ਤੋਂ ਬਾਅਦ ਨੌਜਵਾਨਾਂ ਦੇ ਰੂ-ਬ-ਰੂ ਹੋਏ ਸ. ਸਵਰਨ ਸਿੰਘ ਵਿਰਕ ਜਿਨ੍ਹਾਂ ਦੀ ਪੇਸ਼ਕਾਰੀ ਦਾ ਆਪਣਾ ਵੱਖਰਾ ਹੀ ਅੰਦਾਜ਼ ਹੈ। ਜਿਸ ਵਿਚ ਵਿਰਕ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗੁਰਗੱਦੀ ਤੇ ਸੁਭਾਇਮਾਨ ਹੋਣ ਦੇ ਇਤਿਹਾਸ ਤੋਂ ਸੰਖੇਪ ਵਿਚ ਨੌਜਵਾਨਾਂ ਨੂੰ ਜਾਣੂ ਕਰਵਾਇਆ। ਇਸ ਵਾਰ ਸਾਰੇ ਸਿਖਿਆਰਥੀਆਂ ਦਾ ਲੰਗਰ ਵੱਡੇ ਲੰਗਰ ਵਿਚ ਤਿਆਰ ਸੰਤ ਦਲਜੀਤ ਸਿੰਘ ਜੀ ਦੀ ਦੇਖ ਰੇਖ ਹੇਠ ਤਿਆਰ ਕਰ ਕੇ ਅਕੈਡਮੀ ਦੇ ਹਾਲ ਵਿੱਚ ਛਕਾਇਆ ਜਾਂਦਾ ਰਿਹਾ ਜਿਸ ਵਿੱਚ ਨੌਜਵਾਨਾਂ ਨੇ ਆਪਣੇ ਹੱਥੀਂ ਸੇਵਾ ਕਰ ਕੇ ਆਪਣੇ ਧੰਨ ਭਾਗ ਸਮਝੇ। ਸਾਰਾ ਦਿਨ ਅਲੱਗ-ਅਲੱਗ ਪ੍ਰੋਗਰਾਮ ਜਾਰੀ ਰਹੇ।

ਤੀਸਰੇ ਦਿਨ ਵੱਖ-ਵੱਖ ਮੁਕਾਬਲੀਆਂ ਦੇ ਜੇਤੂ ਬੱਚਿਆਂ ਨੂੰ ਇਨਾਮ ਦਿਤੇ ਜਾਣੇ ਸਨ। ਮੌਸਮ ਵਿਚ ਬਹੁਤ ਤਬਦੀਲੀ ਆ ਚੁੱਕੀ ਸੀ। ਗਰਮੀ ਤੋਂ ਕਾਫ਼ੀ ਰਾਹਤ ਮਿਲੀ ਜਦੋਂ ਇੰਦਰ ਦੇਵਤੇ ਨੇ ਵਰਖਾ ਦੇ ਰੂਪ ਵਿੱਚ ਆਪਣੀ ਹਾਜ਼ਰੀ ਲਵਾਈ। ਮਿਥੇ ਸਮੇਂ ਤੇ ਹਰੀ ਮੰਦਰ ਦੇ ਵੱਡੇ ਏ ਸੀ ਹਾਲ ਵਿਚ ਸ੍ਰੀ ਸਤਿਗੁਰੂ ਜੀ ਦੀ ਆਮਦ ਦਾ ਜੈਕਾਰਾ ਗੂੰਜਿਆ। ਸਭ ਆਪੋ ਆਪਣੇ ਸਥਾਨ ਤੇ ਸਤਿਗੁਰੂ ਜੀ ਦੇ ਸੁਆਗਤ ਵਿਚ ਉਠ ਖੜੇ ਹੋਏ ਅਤੇ ਸ੍ਰੀ ਸਤਿਗੁਰੂ ਜੀ ਦੇ ਸਤਿਕਾਰ ਵਿਚ ਝੁਕ ਗਏ।

ਇਸ ਦੇ ਨਾਲ ਹੀ ਇਨਾਮ ਵੰਡ ਸਮਾਰੋਹ ਸ਼ੁਰੂ ਹੋਇਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਪਣੇ ਪਾਵਨ ਪਵਿੱਤਰ ਕਰ ਕਮਲਾਂ ਦੁਆਰਾ ਹਰ ਇੱਕ ਵੱਚੇ ਨੂੰ ਇਨਾਮ ਦੇਣ ਦੀ ਕ੍ਰਿਪਾ ਕਰਦੇ ਰਹੇ ਸਨ। ਅਤੇ ਆਪਣੀ ਪਾਵਨ ਦਰਿਸ਼ਟੀ ਨਾਲ ਹਰ ਇਕ ਨੌਜਵਾਨ ਨੂੰ ਬਖਸ਼ਿਸ਼ ਵੰਡ ਰਹੇ ਸਨ। ਇਸ ਦੇ ਨਾਲ ਹੀ ਨੌਜਵਾਨਾਂ ਦਾ ਇਹ ਤਿੰਨ ਦਿਨ ਚੱਲਿਆ ਵਾਰਸ਼ਿਕ ਸੰਮੇਲਨ ਸੰਪੰਨ ਹੋਇਆ। ਹਰ ਇਕ ਦੇ ਚਿਹਰੇ ਤੇ ਖੁਸ਼ੀ ਅਤੇ ਖੇੜਾ ਸੀ ਕਿਉਂ ਕਿ ਨੌਜਵਾਨ ਆਪਣੇ ਮਹਿਬੂਬ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰ ਕੇ ਆਪਣੇ ਘਰਾਂ ਨੂੰ ਪਰਤ ਰਹੇ ਸਨ। ਇਸ ਵਾਰ ਸੰਮੇਲਨ ਦੀ ਸੇਵਾ ਕਰਨ ਦਾ ਮਾਣ ਸ੍ਰੀ ਸਤਿਗੁਰੂ ਜੀ ਵੱਲੋਂ ਸੰਤ ਬਲਬੀਰ ਸਿੰਘ ਪ੍ਰਧਾਨ ਨਾਮਧਾਰੀ ਸੰਗਤ ਨਵਾਂ ਸ਼ਹਿਰ ਦਿਹਾਤੀ ਨੂੰ ਬਖਸ਼ਿਆ ਗਿਆ।

## ਪ੍ਰੋ. ਸੀ. ਮਾਰਕੰਡਾ

ਪੰਜਾਬੀ ਕਵੀ ਪ੍ਰੋ. ਸੀ ਮਾਰਕੰਡਾ ਨੂੰ ਪੰਜਾਬ ਆਰਟਸ ਕੌਂਸਲ ਦੇ ਚੇਅਰਮੈਨ ਕੇਵਲ ਸਿੰਘ ਢਿੱਲੋਂ ਦੀ ਇੱਛਾ ਤੇ ਪੰਜਾਬ ਸਾਹਿਤ ਅਕੈਡਮੀ ਚੰਡੀਗੜ੍ਹ ਦਾ ਮੈਂਬਰ ਚੁਣਿਆ ਗਿਆ ਹੈ। ਪ੍ਰੋ. ਸੀ. ਮਾਰਕੰਡਾ ਦੀ ਇਹ ਨਿਯੁਕਤੀ ਉਨ੍ਹਾਂ ਦੀ ਪੰਜਾਬੀ ਸਾਹਿਤ, ਭਾਸ਼ਾ ਅਤੇ ਸਭਿਆਚਾਰ ਵਿਚ ਦਿਲਚਸਪੀ ਅਤੇ ਯੋਗਦਾਨ ਨੂੰ ਸਤਿਕਾਰਦਿਆਂ ਕੀਤੀ ਗਈ ਹੈ। ਵਧਾਈਆਂ।

*— ਸੰਪਾਦਕ*



Namdhari Elibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufacturers :**

# Namdhari Sales

10240/54, Library Road, Azad Market, Delhi-110006

Mobile Phone : *S. Charanjit Singh 9810556398*
*S. Satvinder Singh 9811095210*



Namdhari Elibrary NamdhariElibrary@gmail.com

# ਪ੍ਰਤੀਕਿਰਿਆ

ਜੁਲਾਈ ਅੰਕ ਵਿਚ ਸ. ਸਤਿਨਾਮ ਸਿੰਘ ਦਾ ਲਿਖਿਆ "ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ" ਲੇਖ ਪੜ੍ਹਿਆ ਬੜੀ ਸੰਖੇਪ ਪਰ ਸਤਿਕਾਰਤ ਜਾਣਕਾਰੀ ਇਸ ਪੰਥ ਬਾਰੇ ਮਿਲੀ ਹੈ। ਮਾਸਟਰ ਜੀ ਦੀਆਂ ਲਿਖਤਾਂ ਦੀ ਸੂਚੀ ਵਿਚ ਉਨ੍ਹਾਂ ਦੀ ਸਵੈ ਜੀਵਨੀ, ਅਧੂਰੀ ਕਹਾਣੀ ਦਾ ਜ਼ਿਕਰ ਨਹੀਂ ਹੋਇਆ। ਹੁਣ ਸਮਾਂ ਆ ਗਿਆ ਹੈ ਕਿ ਪਰਮੇਸ਼ਰ ਵੱਲੋਂ ਪੂਰੀ ਹੋ ਚੁਕੀ ਮਾਸਟਰ ਜੀ ਦੀ ਅਧੂਰੀ ਕਹਾਣੀ ਨੂੰ ਲਿਖਤੀ ਰੂਪ ਵਿਚ ਪੂਰਾ ਕੀਤਾ ਜਾਵੇ। ਮਾਸਟਰ ਜੀ ਦੀ ਨਿੱਘੀ ਸ਼ਖਸੀਅਤ ਦੀ ਛੂਹ ਮੈਨੂੰ ਵੀ ੯ ਮਈ ੧੯੯੯ ਵਿਚ ਮਿਲੀ ਸੀ। ਉਸ ਦਿਨ ਮੈਂ ਪਰੀਵਾਰ ਸਮੇਤ ਰਮੇਸ਼ ਨਗਰ ਨਾਮਧਾਰੀ ਧਰਮਸ਼ਾਲਾ ਵਿਚ ਪੁੱਜਿਆ ਸਾਂ ਤੇ ਸਬਬ ਸੀ ਮਾਮਾ ਮਨਮੋਹਨ ਸਿੰਘ ਸਿੰਘ ਸਚਦੇਵਾ ਦੇ ਬੇਟੇ ਰਾਜੂ ਦੀ ਸ਼ਾਦੀ। ਮਾਮਾ ਮਨਮਹੋਨ ਸਿੰਘ ਨੇ ਹੀ ਮਾਸਟਰ ਜੀ ਨਾਲ ਪਰਿਚੈ ਕਰਾਇਆ ਤੇ ਪਤਾ ਚਲਿਆ ਕਿ ਮਾਸਟਰ ਜੀ ਸਾਡੇ ਵਿਚਕਾਰਲੇ ਮਾਮੇ ਦੇ ਕੁੜਮ ਹਨ ਤੇ ਸ. ਚਰਨਜੀਤ ਸਿੰਘ ਮਾਮਾ ਜੀ ਦੇ ਦਾਮਾਦ ਹਨ। ਉਥੇ ਮਾਸਟਰ ਜੀ ਨੂੰ ਅਪਨੀ ਤਦੋਂ ਪ੍ਰਕਾਸ਼ਿਤ ਪੁਸਤਕਾਂ, 'ਗੁਰੂ ਸ਼ਕਤੀ ਤੇ ਕਿਲੇ ਵਾਲੇ ਸੰਤ' ਵੀ ਦਿਤੀਆਂ। ਮਮੇਰੀ ਭੈਣ ਸਿੰਦਰੀ ਕਈ ਵਾਰੀ ਘਰ ਆਉਣ ਨੂੰ ਕਹਿ ਚੁਕੀ ਸੀ ਤੇ ਉਸ ਦਿਨ ਜਾਣ ਲਗਿਆਂ ਦੇਰ ਨਾ ਲਾਈ। ਸ. ਚਰਨਜੀਤ ਸਿੰਘ ਦੇ ਘਰ ਹੀ ਠੰਡਾ ਜਲ ਪਾਣੀ ਛਕਣ ਤੋਂ ਬਾਦ ਪ੍ਰਸ਼ਾਦਾ ਛਕਿਆ ਤੇ ਫੇਰ ਮਾਸਟਰ ਜੀ ਵੀ ਕੋਠੇ ਤੇ ਆਰਾਮ ਕਰ ਕੇ ਆ ਚੁਕੇ ਸਨ। ਉਨ੍ਹਾਂ ਨੇ ਹੇਠਾਂ ਆ ਕੇ ਜੋ ਸ਼ਬਦ ਕਹੇ ਉਹ ਮੇਰੀ ਲਿਖੀ ਕਿਤਾਬਾਂ ਲਈ ਅਮੁੱਲਾ ਪੁਰਸਕਾਰ ਹੈ। ਉਨ੍ਹਾਂ ਕਿਹਾ ਸੀ ਤੁਹਾਡੀ ਕਿਤਾਬ ਦਾ ਨਾਮ ਹੀ ਗੁਰੂ ਸ਼ਕਤੀ ਨਹੀਂ, ਕਲਮ ਵਿਚ ਵੀ ਸ਼ਕਤੀ ਹੈ। ਉਸ ਤੋਂ ਬਾਦ ਹੋਈ ਲੇਖਣ ਤੇ ਪੰਥਕ ਚਰਚਾ ਮੇਰੇ ਜੀਵਨ ਦੀ ਅਮੁੱਲੀ ਅਮਾਨਤ ਹੈ। ਨਮਨ ਹੈ ਮਾਸਟਰ ਜੀ। ....

....ਲਿਖਤਾਂ ਵਿਚ ਗੁਰਬਾਣੀ ਟੂਕਾਂ ਦੇ ਸੰਦਰਭ ਦੇ ਨਾਲ ਪੰਨਾ ਕ੍ਰਮ ਦਿਤਾ ਜਾਂਦਾ ਹੈ ਤੇ ਹੁਣ ਅੰਗ ਲਿਖਣ ਦੀ ਸ਼ਰਧਾ ਵਧ ਰਹੀ ਹੈ। ਅੰਗ ਤਾਂ ਉਹ ਗੁਰੂ ਤੇ ਮਹਾਂਪੁਰਸ਼ ਹਨ ਜਿਨ੍ਹਾਂ ਦੀ ਬਾਣੀ ਇਸ ਪਾਵਨ ਗ੍ਰੰਥ ਦਾ ਹਿੱਸਾ ਬਣੀ ਹੈ। ਹੱਥ ਲਿਖਤ ਬੀੜਾਂ ਵਿਚ ਵਰਕੇ ਜਾਂ ਪੰਨਿਆਂ (ਲੀਵਜ਼) ਦਾ ਕ੍ਰਮ ਦਿਤਾ ਜਾਂਦਾ ਸੀ। ਅੱਜ ਵੀ ਮਹਾਜਨੀ ਵਹੀਆਂ ਵਿਚ ਪੰਨਾ (ਕ੍ਰਮ) ਹੀ ਵਰਤਿਆ ਜਾਂਦਾ ਹੈ। ਇਕ ਪੰਨਾ ਜਾਂ ਵਰਕਾ ਦੋ ਪੇਜਾਂ ਜਾਂ ਅੰਕਾਂ ਦਾ ਹੁੰਦਾ ਹੈ। ਇਸ ਲਈ ਸਭ ਲੇਖਕਾ, ਵਿਦਵਾਨਾਂ ਤੇ ਵਿਚਾਰਕਾਂ ਅਗੇ ਬੇਨਤੀ ਹੈ ਕਿ ਅੰਗ ਜਾਂ ਪੰਨਾ ਸੰਦਰਭ ਤੇ ਪੁਨਰਵਿਚਾਰ ਕਰ ਕੇ ਅੰਕ ਵਰਤੋਂ ਦੀ ਸਹਿਮਤੀ ਵਰਤੋਂ ਕਰਨ।

*—ਕਰਤਾਰ ਸਿੰਘ ਨੀਲਧਾਰੀ*

*੧੬੨ ਏ. ਗਰੇਨ ਮਾਰਕੀਟ, ਮਧਿਆ ਮਾਰਗ ਚੰਡੀਗੜ੍ਹ*

ਜੁਲਾਈ, ੦੬ ਅੰਕ ਵਿਚ ਮਹਿਮਾ ਸਿੰਘ ਤੂਰ ਨੇ ਆਪਣੇ ਵਰਿਆਮ ਦੇ ਆਰਟੀਕਲ ਵਿਚ ਪ੍ਰੇਮ ਦੀ ਉੱਤਮਤਾ ਬਾਰੇ ਖੂਬਸੂਰਤ ਚਰਚਾ ਕੀਤੀ ਹੈ। ਡਾ. ਨਰੇਸ਼ ਦਾ ਆਰਟੀਕਲ, ਰਚਨਾਤਮਕਤਾ, ਸੰਚਾਰ-ਮਾਧਿਅਮ ਅਤੇ ਸਮਾਜਿਕ ਚੇਤਨਾ' ਬੜਾ ਭਾਵਪੂਰਤ ਤੇ ਸੋਚ-ਉਕਸਾਊ ਹੈ। ਡਾ. ਸਾਹਿਬ ਨੇ ਸਾਹਿਤ ਤੇ ਸਮਾਜ ਨੂੰ ਦਰਪੇਸ਼ ਸਮੱਸਿਆਵਾਂ ਦੀ ਢੁੱਕਵੀਂ ਨਿਸ਼ਾਨਦੇਹੀ ਕੀਤੀ ਹੈ। ਕਾਵਿ-ਰਚਨਾਵਾਂ ਵੀ ਮਿਆਰੀ ਹਨ। ਸਮੁੱਚੇ ਤੌਰ 'ਤੇ ਪਰਚਾ ਵਧੀਆ ਹੈ।

*ਨਵਰਾਹੀ ਘੁਗਿਆਣਵੀ*

*ਨਹਿਰ ਨਜ਼ਾਰਾ*

*ਨਿਊ ਹਰਿੰਦਰ ਨਗਰ, ਫਰੀਦਕੋਟ 151203*

ਕਾਫੀ ਦੇਰ ਤੋਂ ਆਪ ਜੀ ਨੇ ਸਾਨੂੰ ਆਪਣੀ ਪੱਤ੍ਰਿਕਾ ਤੋਂ ਬਾਹਰ ਰੱਖਿਆ ਹੈ। ਠੀਕ ਹੈ ਅਸੀਂ ਮਾਮੂਲੀ ਜੇ ਕਵੀ ਹਾ. ਪਰ ਆਪ ਜੀ ਦੇ ਪ੍ਰੇਮੀ ਹਾਂ। ਕੁਝ ਦਿਲ ਵਿਚੋਂ ਗਿਲੇ ਦੇ ਵਲਵਲੇ ਇਸ ਤਰ੍ਹਾਂ ਚੌਮਿਸਰੇ ਦੁਆਰਾ ਲਿਖ ਰਿਹਾਂ ਹਾਂ—

ਬਲਦੇਵ ਰਾਜ ਜੀ, ਕੈਸਾ ਇਹ ਰਾਜ ਹੋਇਆ
ਰਚਨਾ ਸਾਡੀ ਨੂੰ ਉੱਕਾ ਹੀ ਭੁੱਲ ਗਏ ਜੀ।
ਰੱਤੀ ਮਾਸਿਆਂ ਵੱਲ ਵੀ ਧਿਆਨ ਕਰ ਲਓ,
ਸਾਰਾ ਵੱਟਿਆ ਸੰਗ ਹੀ ਤੁੱਲ ਗਏ ਜੀ।
ਬਾਰਾਂ ਮਾਂਹ ਤੇ ਹੋਰ ਵੀ ਗੀਤ ਭੇਜੇ,
ਰੱਦੀ ਟੋਕਰੀ 'ਚ ਸਾਰੇ ਹੀ ਰੁੱਲ ਗਏ ਜੀ।
ਕਦੇ ਭੁੱਲ ਭੁਲੇਖੇ ਹੀ ਯਾਦ ਕਰ ਲਉ,
ਲਿਖਣ ਵਾਲੇ ਵੀ ਦੀਦੇ ਹੋ ਗੁੱਲ ਗਏ ਜੀ।

ਆਖਰੀ ਪੰਕਤੀ ਵਿਚ ਅੱਖਾਂ ਬਾਰੇ ਲਿਖਿਆ ਹੈ ਨਿਗਾ ਬਹੁਤ ਘਟਦੀ ਜਾਂਦੀ ਹੈ। ਸ਼ਾਇਦ ਇਹ ਮੁਕ ਜਾਏ

ਸਾਡੇ ਰਿਪੋਟਰ ਦੀ ਬਹੁਤ ਠੰਡੇ ਹਨ— ਦਾਸ ਨੇ ਸ. ਹਰੀ ਸਿੰਘ ਵਡਾਣੀਆਂ ਦੇ ਭੋਗ ਸਮੇਂ ਅੱਧਾ ਘੰਟਾ ਦੀਵਾਨ ਲਾਇਆ ਐ, ਪਰ ਰਿਪੋਰਟ ਵਿਚ ਨਾਮ ਤਕ ਨਹੀਂ ਆਇਆ।

*—ਕਰਨੈਲ ਸਿੰਘ ਅਸਪਾਲ, ਕਰੀਵਾਲਾ*

## ਵਰਿਆਮ ਨੂੰ ਸਹਿਯੋਗ

| | |
|---|---|
| * ਚਰਨ ਸੀਚੇਵਾਲਵੀ | —੧੫੦.੦੦ |
| * ਸ. ਰਾਮ ਸਿੰਘ ਆਪਣੇ ਪਿਤਾ ਸ. ਬਲਵੰਤ ਸਿੰਘ ਦੀ ਯਾਦ ਵਿਚ ਸਮਾਗਮ ਸਮੇਂ | —੧੦੧.੦੦ |
| * ਸਵ. ਸ. ਪ੍ਰੀਤਮ ਸਿੰਘ ਕਵੀ ਨੂੰ ਯਾਦ ਕਰਦਿਆਂ-ਮਾਤਾ ਗੁਰਬਚਨ ਕੌਰ ਅਤੇ ਪਰਿਵਾਰ ਵੱਲੋਂ | —੨੫੦.੦੦ |
| * ਸ. ਹਰਬੰਸ ਸਿੰਘ ਸੈਹੰਬੀ ਮੁਹਾਲੀ-ਪੋਤਰੇ ਗੋਬਿੰਦੀ ਦੇ ਅੱਠਵੇਂ ਜਨਮ ਦਿਨ 'ਤੇ | —੨੦੦.੦੦ |



Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬੀ ਬੀ ਐਲ ਫੂਡਜ਼ ਪ੍ਰਾਈਵੇਟ ਲਿਮਟਡ

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈਫ਼ਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ

BBL

FOODS PVT LTD

**Pinoneer Manufacturer in India of**

- Automatic machines for producing Biscuits
- Automatic machines for producing Wafers

and

Makers of High quality Biscuits

## BBL FOODS PVT. LTD.

*Santosh Nagar (X) Roads, Hyderabad-500 059 India*

*Ph.:— +91-40-4530680, 82,84 Fax :— +91-40--4530475*

*E-mail:amber @hd1.vsnl.net.in*

| Balvinder Pal Singh | Lakhbir Singh Muchhal | Sukhwinder Kaur |
|---|---|---|
| *Manging Director* | *Director* | *Director* |
| *Ph.: 9391048734* | *Ph.: 9848050607* | *Ph.: 9391046298* |



Namdhari Elibrary NamdhariElibrary@gmail.com

ਨਿੱਕੀ ਉਮਰ ਪੌਣ ਦਾ ਝੌਂਕਾ ਝੇੜਿਉਂ ਪਹਿਲਾਂ ਮੁੱਕੀਏ —ਤਾਰਾ ਸਿੰਘ



**ਕਾਕਾ ਦ੍ਇਆਲ ਸਿੰਘ ਬੱਲ**

ਸਪੁੱਤਰ ਸ: ਦਲਜੀਤ ਸਿੰਘ ਬੱਲ, ਪੋਤਰਾ ਸ: ਮਹਿੰਦਰ ਸਿੰਘ ਬਲ

ਜਨਮ ੨੬ ਜੂਨ ੧੯੯੦-ਸੁਰਗਵਾਸ ੨੬ ਜੂਨ ੨੦੦੬



**ਸੰਤ ਤਰਨ ਸਿੰਘ ਵਹਿਮੀ ਯਾਦਗਾਰੀ ਸਮਾਰੋਹ**

ਸ੍ਰੀ ਗੁਰੂ ਹਰੀ ਸਿੰਘ ਕਾਲਜ ਸ੍ਰੀ ਜੀਵਨ ਨਗਰ ਵਿਚ ੧੬ ਜੁਲਾਈ ੨੦੦੬ ਨੂੰ ਹੋਏ ਮਹਾਨ ਸਾਹਿਤਕ ਸਮਾਗਮ ਸਮੇਂ ਮੁੱਖ ਮਹਿਮਾਨ ਸ: ਹਰਵਿੰਦਰ ਸਿੰਘ ਹੰਸਪਾਲ ਅਤੇ ਨਾਮਧਾਰੀ ਪੰਜਾਬੀ ਸਾਹਿਤ ਸਭਾ ਪ੍ਰਧਾਨ ਸ. ਜੁਗਿੰਦਰ ਸਿੰਘ ਮੁਕਤਾ, ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੇ ਡਾਇਰੈਕਟਰ ਸ੍ਰੀ ਸੀ. ਆਰ. ਮੁਦਗਿਲ ਨੂੰ ਸਨਮਾਨਿਤ ਕਰਦੇ ਹੋਏ। ਡਾ. ਕੁਲਵੰਤ ਕੌਰ, ਸ. ਗੁਰਦਿਆਲ ਸਿੰਘ ਢਿੱਲੋਂ ਪ੍ਰੀਤ, ਮਾਸਟਰ ਅਮਰੀਕ ਸਿੰਘ, ਡਾ. ਦਰਸ਼ਨ ਸਿੰਘ, ਡਾ. ਜੀ.ਡੀ. ਚੌਧਰੀ [illegible] ਹਸਤੀਆਂ ਵੀ ਨਾਲ ਸੁਸ਼ੋਭਿਤ ਹਨ।

NamdhariElibrary NamdhariElibrary@gmail.com

Registered No. PB 0016 (2006-2008) MONTHLY WARIAM Ladowali Road, Jalandhar - 144 001
Regd. RNI No. 26453/75 August 2006


# Reliable Performance




**Consistence Performers, Suited to all market needs with high yield, quality & disease resistant.**

NS

**NAMDHARI SEEDS PVT. LTD.**

Bidadi 562 109 Bangalore • Tel.: 98454 71271/ 72, 98453 81817/ 98453 10057
Liaison Office : Tel.: 080 28602167/ 69 • Fax : 080 28602168
e-mail : namdhariseeds@namdhariseeds.com • URL : www.namdhariseeds.com

*Seeds for a better future...*


ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਵਰਿਆਮ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ
ਫੋਨ : 0181-2222543, ਨਿਵਾਸ :- 0181-2456289

Namdhari Elibrary NamdhariElibrary@gmail.com